


These Books are printed and distributed free of cost by the :

WILLIAM BRANHAM GOOD NEWS SOCIETY
Glady's Dauch Memorial Building
PB. No. 5304
No. 13, Subbarayan Nagar I Street,
Kodambakkam, Chennai - 600 024. S.INDIA.
Phone : 2473 0634
Visit us at www.wbgns.org

PUNJABI

# The Spoken Word

By

**WILLIAM MARRION BRANHAM**

# ਪ੍ਰਮੇਸ਼ੁਰ ਸਧਾਰਨਤਾ ਅੰਦਰ ਗੁਪਤ ਅਤੇ ਪ੍ਰਗਟ

## GOD HIDING HIMSELF IN SIMPLICITY, THEN REVEALING HIMSELF IN THE SAME

17 ਮਾਰਚ 1963

ਜੈਫਰਸਨਵਿਲੇ, ਇੰਡਿਆਨਾ, ਯੂ. ਐਸ. ਏ

**ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ**

ਮੈਂ ਉਸ ਦਿਨ ਉਹਨਾਂ ਸੰਤਾਂ ਦੀ ਗਿਣਤੀ ਵਿੱਚ ਇੱਕ ਹੋਣਾ ਚਹੁੰਦਾ ਹਾਂ। ਅਤੇ ਮੈਂ ਉਸ ਦਿਨ ਨੂੰ ਆਉਂਦੇ ਹੋਏ ਵੇਖਦਾ ਹਾਂ।"

436 ਤੁਸੀਂ ਵੇਖਦੇ ਹੋ ਕਿ ਮੋਹਰਾਂ ਖੁੱਲ੍ਹਣ ਵਾਲੀਆਂ ਹਨ, ਜੇ ਪ੍ਰਮੇਸ਼ੁਰ ਇਹਨਾਂ ਨੂੰ ਸਾਡੇ ਉੱਤੇ ਪ੍ਰਗਟ ਕਰੇਗਾ।ਯਾਦ ਰੱਖੋ, ਉਹ ਹੀ ਹੈ ਜੋ ਇਹ ਕਰ ਸਕਦਾ ਹੈ। ਅਸੀਂ ਉਸੇ ਉੱਤੇ ਨਿਰਭਰ ਹਾਂ।ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

437 ਅਤੇ ਮੈਂ ਸੋਚਦਾ ਹਾਂ ਕਿ ਸਾਡੇ ਪਾਦਰੀ ਤੁਹਾਨੂੰ ਕੁਝ ਕਹਿਣਗੇ, ਜਾਂ ਉਹਨਾਂ ਦੇ ਕੋਲ ਤਹਾਨੂੰ ਕੁਝ ਕਹਿਣ ਲਈ ਹੈ ; ਇਸ ਤੋਂ ਪਹਿਲਾਂ ਕਿ ਅਸੀਂ ਫੇਰ ਅੱਜ ਦੁਬਾਰਾ ਦੁਪਹਿਰ ਨੂੰ ਮਿਲੀਏ। ਸਾਡੇ ਪਾਦਰੀ ਤੁਹਾਨੂੰ ਕੁਝ ਕਹਿਣਗੇ। ਅਤੇ ਮੈਂ ਸੋਚਦਾ ਹਾਂ ਕਿ ਸੰਗਤੀ ਹੋਵੇਗੀ ..... ਕੀ ਪਾਦਰੀ ਸਹਿਬ, ਗੀਤਾਂ ਦੀ ਸੇਵਾ ਸਾਢੇ ਛੇ ਵਜੇ ਹੋਵੇਗੀ?[ ਭਾਈ ਨੇਵਿਲ ਕਹਿੰਦੇ ਹਨ, "ਸਾਢੇ ਛੇ ਵਜੇ ਸ਼ੁਰੂ ਹੋਵੇਗੀ"-ਸੰਪਾ] ਸਾਢੇ ਛੇ ਵਜੇ।ਅਤੇ ਇਹ ਹੈ .....["ਦਰਵਾਜ਼ਾ ਛੇ ਵਜੇ ਖੁੱਲ੍ਹ ਜਾਵੇਗਾ "] ਗੀਤਾਂ ਦੀ ਸੇਵਾ ਸਾਢੇ ਛੇ ਵਜੇ ਸ਼ੁਰੂ ਹੋ ਜਾਵੇਗੀ।

438 ਅਤੇ ਪ੍ਰਭੂ ਦੀ ਮਰਜ਼ੀ ਹੋਈ ਤਾਂ ਅੱਜ ਰਾਤ ਮੈਂ ਸੱਤਾਂ ਮੋਹਰਾਂ ਦੀ ਕਿਤਾਬ ਉੱਤੇ ਬੋਲਾਂਗਾ। ਅਤੇ ਇਸ ਤੋਂ ਬਾਦ ਸੋਮਵਾਰ ਰਾਤ ਨੂੰ ਮੈਂ ਚਿੱਟੇ ਘੋੜੇ ਦੇ ਸਵਾਰ ਬਾਰੇ ਬੋਲਾਂਗਾ। ਮੰਗਲਵਾਰ ਰਾਤ ਨੂੰ ..... ਕਾਲੇ ਘੋੜੇ ਦੇ ਸਵਾਰ ਬਾਰੇ ਬੋਲਾਂਗਾ।ਬੁੱਧਵਾਰ ਰਾਤ ਨੂੰ ਮੈਂ ਯਰਦ ਘੋੜੇ ਬਾਰੇ, ਅਤੇ ਫਿਰ ਮੈਂ ਲਾਲ ਘੋੜੇ ਦੇ ਸਵਾਰ ਬਾਰੇ ਬੋਲਾਂਗਾ। ਅਤੇ ਇਸ ਤੋਂ ਬਾਦ ਅਸੀਂ ਛੇਵੀਂ .....ਚੋਥੀ, ਪੰਜਵੀਂ, ਅਤੇ ਛੇਵੀਂ ਮੋਹਰ ਦਾ ਅਧਿਐਨ ਕਰਾਂਗੇ। ਅਤੇ ਇਸ ਤੋਂ ਬਾਦ ਅਗਲੇ ਵੀਰਵਾਰ ਦੀ ਸਵੇਰ ਨੂੰ ਹੋ ਸਕਦਾ ਹੈ ਚੰਗਾਈ ਸਭਾ ਕੀਤੀ ਜਾਵੇ। ਮੈਂ ਨਹੀਂ ਜਾਣਦਾ ਹਾਂ।

439 ਹੁਣ ਯਾਦ ਰੱਖਣਾ, ਕਿ ਅਸੀਂ ਆਪਣੇ ਆਪਨੂੰ ਅਤੇ ਗਿਰਜੇ ਨੂੰ ਪ੍ਰਮੇਸ਼ੁਰ ਦੀ ਸੇਵਾ ਲਈ ਮਣਸਿਆ ਅਰਥਾਤ ਸਮਰਪਿਤ ਕੀਤਾ ਹੈ।ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

440 ਮੈਂ ਇੱਕ ਘੰਟੇ ਦੀ ਦੇਰੀ ਕਰ ਦਿੱਤੀ ਹੈ। ਕੀ ਤੁਸੀਂ ਮੈਨੂੰ ਮਾਫ ਕਰ ਦਿਓਗੇ? [ਮੰਡਲੀ ਕਹਿੰਦੀ ਹੈ," ਆਮੀਨ"] ਵੇਖੋ ਕਿ ਮੇਰਾ ਮਤਲਬ ਇਸ ਤਰ੍ਹਾਂ ਕਰਨ ਦਾ ਨਹੀਂ ਸੀ। ਮੈਂ ਅਜਿਹਾ ਨਹੀਂ ਕਰਨਾ ਚਹੁੰਦਾ ਸੀ,ਪ੍ਰੰਤੂ ਵੇਖੋ ਕਿ ਮੈਂ ਸਿਰਫ ਇਹ ਹਫਤਾ ਹੀ ਤੁਹਾਡੇ ਨਾਲ ਹਾਂ, ਇਸ ਤੋਂ ਬਾਦ ਮੈਂ ਫਿਰ ਬਾਹਰ ਚਲਾ ਜਾਵਾਂਗਾ।ਅਤੇ ਮੈਂ ਨਹੀਂ ਜਾਣਦਾ ਹਾਂ ਕਿ ਮੈਂ ਕਿੱਥੇ ਜਾਵਾਂਗਾ; ਜਿੱਥੇ ਕਿਤੇ ਉਹ ਮੈਨੂੰ ਲੈ ਜਾਵੇਗਾ, ਮੈਂ ਉੱਥੇ ਚਲਾ ਜਾਵਾਂਗਾ। ਅਤੇ ਮੈਂ ਆਪਣਾ ਹਰ ਪਲ ਤੁਹਾਡੇ ਲਈ ਇਸਤੇਮਾਲ ਕਰਨਾ ਚਹੁੰਦਾ ਹਾਂ, ਕਿਉਂਕਿ ਮੈਂ ਤੁਹਾਡੇ ਨਾਲ ਸਦੀਪਕਤਾ ਵਿੱਚ ਰਹਿਣ ਲਈ ਜਾ ਰਿਹਾਂ ਹਾਂ।

ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ।ਹੁਣ, ਭਾਈ ਨੇਵਿਲ ਆਓ।

# ਪ੍ਰਮੇਸ਼ੁਰ ਸਧਾਰਨਤਾ ਅੰਦਰ ਗੁਪਤ ਅਤੇ ਪ੍ਰਗਟ
# GOD HIDING HIMSELF IN SIMPLICITY, THEN REVEALING HIMSELF IN THE SAME

WILLIAM MARRION BRANHAM

These books are printed & distributed free of cost by the :

**WILLIAM BRANHAM GOOD NEWS SOCIETY**
Glady's Dauch Memorial Building,
Post Box No. 5304
No. 13, Dr. Subbarayan Nagar I Street,
Kodambakkam, Chennai - 600 024, South India.
Phone : 044-2473 0634
Web : www.wbgns.org



430 ਜਦ ਅਲੀਸ਼ਾ ਉੱਥੇ ਉਸ ਗੁਫਾ ਵਿੱਚ ਸੀ, ਤਾਂ ਉੱਥੇ ਆਲੇ-ਦੁਆਲੇ ਧੂਆਂ .ਲਹੂ,ਗਰਜਣਾਂ, ਬਿਜ਼ਲੀ ਦੀ ਚਮਕ ਅਤੇ ਸਾਰੇ ਤਰ੍ਹਾਂ ਦੀਆਂ ਚੀਜ਼ਾਂ ਹੋ ਰਹੀਆਂ ਸਨ ਜਿਸ ਨਾਲ ਕਾਂਬਾ ਛਿੜਦਾ ਹੈ,ਅਤੇ ਅਸੀਂ ਉਸੇ ਤਰ੍ਹਾਂ ਚੇਹਰਿਆਂ ਅਤੇ ਹੱਥਾਂ 'ਤੇ ਲਹੂ ਆਦਿ ਚੀਜ਼ਾਂ ਨੂੰ ਵੇਖਿਅ ਹੈ, ਪ੍ਰੰਤੂ ਨਬੀ ਨੇ ਇਹਨਾਂ ਸਭ ਚੀਜ਼ਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ ਸੀ।ਉਹ ਤਾਂ ਉੱਥੇ ਉਦੋਂ ਤੱਕ ਪਿਆ ਰਿਹਾ ਜਦ ਤੱਕ ਕਿ ਉਸਨੇ ਉਹ ਮੱਧਮ ਅਵਾਜ਼ ਨਾ ਸੁਣ ਲਈ, (ਇਹ ਕੀ ਸੀ?) ਉਸਦਾ ਵਚਨ,ਫਿਰ ਉਸਨੇ ਅਪਣੇ ਮੂੰਹ ਨੂੰ ਢੱਕ ਲਿਆ ਅਤੇ ਬਾਹਰ ਨਿੱਕਲ ਗਿਆ।ਵੇਖਿਆ, ਕਹ ਹੀ ਉਹ ਸੀ ਜੋ ਉੱਥੇ ਹੋਇਆ ਸੀ।

431 ਦੋਸਤੋ ਯਾਦ ਰੱਖੋ, ਕਿਸੇ ਵੱਡੀ ਗੱਲ ਹੋਣ ਦੀ ਇੰਤਜ਼ਾਰ ਨਾ ਕਰੋ ...... ਤੁਸੀਂ ਕਹਿੰਦੇ ਹੋ, "ਪ੍ਰਮੇਸ਼ੁਰ ਨੇ ਵੱਡੀਆਂ ਜਾਂ ਮਹਾਨ ਗੱਲਾਂ ਕਰਨ ਦੇ ਬਾਰੇ ਕਿਹਾ ਹੈ। ਇੱਕ ਸਮਾਂ ਅਜਿਹਾ ਆਏਗਾ ਜਦੋਂ ਇਹ ਉਹ ਜਾਂ ਕੋਈ ਹੋਰ ਮਹਾਨ ਗੱਲ ਹੋਵੇਗੀ।" ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀਂ ਉਹ ਗੱਲ ਸਮਝ ਰਹੇ ਹੋ ਜਿਸਨੂੰ ਮੈਂ ਕਹਿ ਰਿਹਾ ਹਾਂ। ਸਮਝੇ? ਲੋਕ ਕਹਿੰਦੇ ਹਨ," ਔਹ, "ਮਹਾਨ ਵੱਡੀਆਂ ਗੱਲਾਂ ਹੋਣਗੀਆਂ। ਅਤੇ ਉਹ ਜਦ ਇਹ ਹੋ ਜਾਵੇਗਾ ਤਾਂ ਇਸੇ ਤਰ੍ਹਾਂ ਦੀ ਵੱਡੀ ਮਹਾਨ ਗੱਲ ਹੋਵੇਗੀ।"

432 ਅਤੇ ਇਹ ਏਨੀ ਦੀਨਤਾ ਵਿੱਚ ਹੋਵੇਗਾ ਕਿ ਤੁਸੀਂ ਸਾਰੀਆਂ ਚੀਜਾਂ ਨੂੰ ਵੇਖਣ ਵਿੱਚ ਅਸਫਲ ਹੋ ਜਾਵੋਂਗੇ, ਅਤੇ ਉਸ ਤੋਂ ਲਾਂਭੇ ਨੂੰ ਹੋ ਜਾਵੋਗੇ। ਸਮਝ ਲੱਗੀ? ਅਤੇ ਤੁਸੀਂ ਪਿੱਛੇ ਵੇਖੋਗੇ ਅਤੇ ਕਹੋਗੇ, ਠੀਕ ਹੈ ਇਸ ਤਰ੍ਹਾਂ ਤਾਂ ਕਦੇ ਵੀ ਨਹੀਂ ਹੋਇਆ ...." ਵੇਖਿਆ , ਸਭ ਕੁਝ ਤੁਹਾਡੇ ਠੀਕ ਸਾਹਮਣੇ ਹੋਇਆ ਅਤੇ ਤੁਸੀਂ ਉਸਨੂੰ ਕਦੇ ਵੇਖ ਨਹੀਂ ਸਕੇ।ਤੁਸੀਂ ਬਸ ਉਸਦੇ ਲਾਗਿਉਂ ਲੰਘਦੇ ਚਲੇ ਗਏ। ਸਮਝੇ, ਇਹ ਇੰਨੀ ਸਾਦਗੀ ਵਿੱਚ ਹੈ। ਸਮਝੇ? ਵੇਖੋ, ਪ੍ਰਮੇਸ਼ੁਰ ਆਪਣੇ ਆਪ ਨੂੰ ਮਹਾਨਤਾ ਵਿੱਚ ਪ੍ਰਗਟ ਕਰਨ ਲਈ ਸਾਦਗੀ ਵਿੱਚ ਛੁਪਾਉਂਦਾ ਹੈ। ਪ੍ਰਮੇਸ਼ੁਰ ਦੀ ਮਹਾਨਤਾ ਕੀ ਹੈ? ਇਹ ਹੀ ਹੈ ਕਿ ਉਹ ਅਪਣੇ ਆਪਨੂੰ ਸਾਦਾ ਬਣਾ ਸਕਦਾ ਹੈ।ਕਿਉਂਕਿ ਉਹ ਅਪਣੇ ਆਪ ਨੂੰ ਸਧਾਰਨ ਬਣਾ ਸਕਦਾ ਹੈ।

433 ਇੱਕ ਵੱਡਾ, ਮਹਾਨ ਆਦਮੀ ਆਪਣੇ ਆਪ ਨੂੰ ਸਾਦਾ ਨਹੀਂ ਬਣਾ ਸਕਦਾ ਹੈ, ਉਸਨੇ ਤਾਂ ਆਪਣੀ ਉਸ ਮਹਾਨਤਾ ਨਾਲ ਹੀ ਜੁੜੇ ਰਹਿਣਾ ਹੁੰਦਾ ਹੈ।ਸਮਝੇ? ਪ੍ਰੰਤੂ ਤਾਂ ਵੀ ਉਹ ਅਸਲ ਵਿੱਚ ਐਡਾ ਮਹਾਨ ਨਹੀਂ ਹੈ।ਜਦ ਉਹ ਕਾਫੀ ਵੱਡਾ ਅਤੇ ਮਹਾਨ ਬਣ ਜਾਂਦਾ ਹੈ, ਤਦ ਉਹ ਇਸ ਤਰ੍ਹਾਂ ਨਾਲ ਆਪਣੇ ਆਪ ਨੂੰ ਨੀਵਾਂ ਕਰ ਲੈਂਦਾ ਹੈ ਆਪ ਨੂੰ ਨਮਰ ਬਣਾ ਲੈਂਦਾ ਹੈ।

434 ਜਿਵੇਂ ਕਿ ਉਸ ਬੁੱਢੇ ਸੰਤ ਨੇ ਸ਼ਿਕਾਗੋ ਵਿੱਚ ਕਿਹਾ ਸੀ, "ਉਹ ਆਦਮੀ ਉੱਥੇ ਆਪਣੀ ਪੜ੍ਹਾਈ ਲਿਖਾਈ ਅਤੇ ਬਾਕੀ ਚੀਜ਼ਾਂ ਨਾਲ ਗਿਆ, ਪਰ ਉਹ ਸਿਰ ਸੁੱਟੀ ਮਾਰ ਖਾ ਕੇ ਹਾਰੇ ਹੋਏ ਮਨੁੱਖ ਵਾਂਗ ਉੱਥੇ ਆ ਗਿਆ।" ਉਸਨੇ ਕਿਹਾ, ਜਿਸ ਤਰ੍ਹਾਂ ਨਾਲ ਉਹ ਆਉਂਦੇ ਸਮੇਂ ਸੀ ਜੇਕਰ ਉਹ ਜਾਂਦੇ ਸਮੇਂ ਹੁੰਦਾ ਤਾਂ ਜਿਵੇਂ ਉਹ ਜਾਂਦੇ ਸਮੇਂ ਸੀ ਉਸੇ ਤਰ੍ਹਾਂ ਹੀ ਆਉਂਦੇ ਸਮੇਂ ਵੀ ਹੁੰਦਾ।" ਜੀ ਹਾਂ, ਇਹ ਠੀਕ ਹੈ।ਸਮਝੇ?

435 ਆਪਣੇ ਆਪ ਨੂੰ ਦੀਨ ਬਣਾਓ। ਦੀਨ ਬਣੇ ਰਹੋ। ਨਿਰਾਲੇ ਬਣਨ ਦਾ ਯਤਨ ਨਾ ਕਰੋ। ਸਿਰਫ-ਸਿਰਫ ਯਿਸੂ ਨਾਲ ਪਿਆਰ ਕਰੋ।ਸਮਝੇ? ਕਹੋ, " ਪ੍ਰਭੂ, ਜੇ ਮੇਰੇ ਦਿਲ ਵਿੱਚ ਕੋਈ ਔਗੁਣ ਹੈ, ਜੇ ਮੇਰੇ ਦਿਲ ਵਿੱਚ ਕੁਝ ਚੰਗਾ ਨਹੀਂ ਹੈ, ਪਿਤਾ ਮੈਂ ਉਸ ਤਰ੍ਹਾਂ ਦਾ ਨਹੀਂ ਹੋਣਾ ਚਹੁੰਦਾ। ਔਹ, ਪ੍ਰਭੂ,

426 ਹੁਣ, ਹੇ ਕਲੀਸਿਯਾ, ਅੱਜ ਰਾਤ ਤੋਂ ਲੈ ਕੇ ਅੱਗੇ ਜੋ ਸੰਦੇਸ਼ ਪ੍ਰਚਾਰ ਕੀਤੇ ਜਾਣ ਵਾਲੇ ਹਨ ਤੂੰ ਉਸਨੂੰ ਸਮਝਣ ਵਿੱਚ ਅਸਫਲ ਨਾ ਹੋ ਜਾਣਾ।ਸਮਝੇ? ਉਸ ਦਿਨ ਨੂੰ ਵੇਖੋ ਜਿਸ ਵਿੱਚ ਅਸੀਂ ਰਹਿ ਰਹੇ ਹਾਂ।ਅਤੇ ਯਾਦ ਰਹੇ ਕਿ ਯਿਸੂ ਮਸੀਹ ਦਾ ਲਹੂ ਤੁਹਾਡੇ ਪਾਪਾਂ ਨੂੰ ਤੁਹਾਡੇ ਤੋਂ ਇੰਨੀ ਦੂਰ ਕਰ ਦਿੰਦਾ ਹੈ ਕਿ ਉਹ ਪ੍ਰਮੇਸ਼ੁਰ ਦੇ ਚੇਤੇ ਵਿੱਚ ਵੀ ਨਹੀਂ ਰਹਿੰਦੇ ਹਨ।ਉਹ ਸਾਰੇ ਦਾਗਾਂ ਅਤੇ ਧੱਬਿਆਂ ਨੂੰ ਧੋ ਦਿੰਦਾ ਹੈ।

*ਪਾਪ ਨੇ ਤਾਂ ਕਿਰਮਚੀ ਧੱਬੇ ਬਣਾਏ ਸਨ,*
*ਉਸਨੇ ਉਨ੍ਹਾਂ ਨੂੰ ਧੋ ਕੇ ਬਰਫ ਵਾਂਗੂੰ ਚਿੱਟੇ ਕਰ ਦਿੱਤਾ।*
*ਤਦ ਸਿੰਘਾਸਨ ਦੇ ਸਾਹਮਣੇ,*
*ਮੈਂ ਉਸ ਵਿੱਚ ਸੰਪੂਰਨ ਸਿੱਧ ਹੋ ਕੇ ਖੜਾ ਹੁੰਦਾ ਹਾਂ।*

427 ਓਹ, ਮੇਰੇ ਖੁਦਾ, ਮੈਂ ਕਿਵੇਂ ਸਿੱਧ ਬਣ ਸਕਦਾ ਹਾਂ? ਮੈਂ ਕਿਸ ਤਰ੍ਹਾਂ ਸਿੱਧ ਬਣ ਸਕਦਾ ਹਾਂ? ਕਿਉਂਕਿ ਲਹੂ , ਮੈਂ ਨਹੀਂ ਪਰ ਉਸਦਾ ਲਹੂ ਮੇਰੇ ਅਤੇ ਪ੍ਰਮੇਸ਼ੁਰ ਦੇ ਵਿੱਚਕਾਰ ਹੈ।।ਮੈਂ ਉਸਨੂੰ ਕਬੂਲ ਕੀਤਾ ਹੈ।ਅਤੇ ਉਸਨੇ ਹੀ ਇਹ ਦਿੱਤਾ ਹੈ ..... ਮੈਂ ਪਾਪੀ ਹਾਂ, ਪ੍ਰੰਤੂ ਉਹ ਪ੍ਰਮੇਸ਼ੁਰ ਹੈ। ਪ੍ਰੰਤੂ ਲਹੂ ਦੀ ਰਸਾਇਣਕ ਪ੍ਰਕਿਰਿਆ ਜੋ ਪਾਪ ਨੂੰ ਮਾਰ ਦਿੰਦੀ ਹੈ, ਮੇਰੇ ਅਤੇ ਪ੍ਰਮੇਸ਼ੁਰ ਦੇ ਵਿੱਚਕਾਰ ਪਾਈ ਜਾਂਦੀ ਹੈ, ਇਸ ਲਈ ਪ੍ਰਮੇਸ਼ੁਰ ਮੈਨੂੰ ਉਸ ਤਰ੍ਹਾਂ ਦਾ ਹੀ ਵੇਖਦਾ ਹੈ ਜਿਵੇਂ ਕਿ ਰੰਗ ਕਾਟ ਦਾ ਪਾਣੀ ਹੁੰਦਾ ਹੈ।ਮੇਰੇ ਪਾਪ ਖਤਮ ਹੋ ਚੁੱਕੇ ਹਨ।ਇੱਥੋਂ ਤੱਕ ਕਿ ਇਹ ਉਸਦੇ ਲਾਗੇ ਵੀ ਨਹੀਂ ਪਹੁੰਚ ਸਕਦੇ, ਕਿਉਂਕਿ ਉੱਥੇ ਇੱਕ ਬਲੀਦਾਨ ਹੈ।

428 ਪ੍ਰਮੇਸ਼ੁਰ ਦੇ ਸਾਦਾ ਵਚਨ ਦਾ ਵਿਸ਼ਵਾਸ਼ ਕਰਨ ਲਈ ਸਾਡੀ ਨਿਹਚਾ ਕਿੱਥੇ ਹੈ?ਜਿਵੇਂ ਖੁਦਾ ਨੇ ਕਿਹਾ ਹੈ ਬਿਲਕੁੱਲ ਉਸੇ ਤਰ੍ਹਾਂ ਹੀ ਉਸਦੇ ਵਚਨ ਨੂੰ ਲਓ। ਅਜੇ ਵੀ ਖੁਦਾ ਆਪਣੇ ਆਪ ਨੂੰ ਸਾਦਗੀ ਵਿੱਚ ਲੁਕਾਉਂਦਾ ਹੈ. ਦੀਨ ਲੋਕਾਂ ਦੇ ਛੋਟੇ ਜਿਹੇ ਝੁੰਡ ਵਿੱਚ ਲੁਕਾਉਂਦਾ ਹੈ, ਪ੍ਰੰਤੂ ਇਹਨਾਂ ਹੀ ਕਿਸੇ ਦਿਨਾਂ ਵਿੱਚ ਉਹ ਆਪਣੇ ਆਪ ਨੂੰ ਉਸੇ ਤਰ੍ਹਾਂ ਪ੍ਰਗਟ ਕਰੇਗਾ ਜਿਵੇਂ ਉਸਨੇ ਪਹਿਲਾਂ ਪਿਛਲੇ ਸਮੇਂ ਵਿੱਚ ਅਪਣੇ ਆਪ ਨੂੰ ਹਮੇਸ਼ਾਂ ਪ੍ਰਗਟ ਕੀਤਾ ਹੈ।ਕੀ ਤੁਸੀਂ ਉਸ ਨਾਲ ਪਿਆਰ ਕਰਦੇ ਹੋ? [ਸੰਗਤ ਆਖਦੀ ਹੈ, "ਆਮੀਨ"-ਸੰਪ]

*ਮੈਂ ਉਸ ਨਾਲ ਪਿਆਰ ਕਰਦਾ ਹਾਂ*
*ਕਿਉਂਕਿ ਪਹਿਲਾਂ ਉਸਨੇ ਮੇਰੇ ਨਾਲ ਪਿਆਰ ਕੀਤਾ*
*ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ ਕਰੂਸ 'ਤੇ ਖਰੀਦਿਆ।*

429 ਕੀ ਤੁਸੀਂ ਉਸ ਨਾਲ ਪਿਆਰ ਕਰਦੇ ਹੋ? [ਸੰਗਤ ਆਖਦੀ ਹੈ, " ਆਮੀਨ"-ਸੰਪ] ਕੀ ਉਹ ਨਿਰਾਲਾ ਨਹੀਂ? ["ਆਮੀਨ"]ਮੈਨੂੰ ਯਕੀਨ ਅਤੇ ਭਰੋਸਾ ਹੈ ਕਿ ਇਹ ਸੰਦੇਸ਼ ਜਿਸ ਉਦੇਸ਼ ਲਈ ਦਿੱਤਾ ਗਿਆ ਹੈ ਉਸ ਉਦੇਸ਼ ਨੂੰ ਪੂਰਾ ਕਰੇਗਾ ਅਤੇ ਤੁਸੀਂ ਆਪਣੇ ਆਪ ਨੂੰ ਅਜਿਹੀ ਹਾਲਤ ਵਿੱਚ ਪਾਉਗੇ ਜਿਸ ਵਿੱਚ ਤੁਸੀਂ ਦੁਨਿਆਵੀ ਚਮਕ ਦਮਕ 'ਤੇ ਧਿਆਨ ਨਹੀਂ ਦਿਓਗੇ। ਜਦ ਤੁਸੀਂ ਖੁਦਾ ਨੂੰ ਮਹਾਨਤਾ ਵਿੱਚ ਵੇਖਦੇ ਹੋ, ਤਾਂ ਵੇਖੋ ਕਿ ਉਸਦੀ ਇਹ ਸਥਿਤੀ ਕਿੰਨੀ ਦੀਨ ਹੁੰਦੀ ਹੈ, ਅਤੇ ਤਦ ਤੁਸੀਂ ਪ੍ਰਮੇਸ਼ੁਰ ਨੂੰ ਵੇਖੋਗੇ। ਕੀ ਤੁਸੀਂ ਉਸਦੀ ਰਾਹ ਨਹੀਂ ਵੇਖ ਰਹੇ ਹੋ......

# ਪ੍ਰਮੇਸ਼ੁਰ ਸਧਾਰਨਤਾ ਅੰਦਰ ਗੁਪਤ ਅਤੇ ਪ੍ਰਗਟ
# GOD HIDING HIMSELF IN SIMPLICITY, THEN REVEALING HIMSELF IN THE SAME

ਭਾਈ ਨੇਵਿਲ ਜੀ ਤੁਹਾਡਾ ਧੰਨਵਾਦ । ਪ੍ਰਭੂ ਤੁਹਾਨੂੰ ਬਰਕਤ ਦੇਵੇ । ਸ਼ੁਭ ਸਵੇਰ , ਮਿੱਤਰੋ। ਅੱਜ ਦੀ ਸਵੇਰ ਇਸ ਡੇਰੇ ਦੀ ਸੋਹਣੀ ਬਣਤਰ ਦੇਖ ਕੇ ਅਤੇ ਅੱਜ ਬੜੇ ਚੰਗੇ ਢੰਗ ਨਾਲ ਪ੍ਰਮੇਸ਼ੁਰ ਦੇ ਬੱਚਿਆਂ ਦਾ ਉਸਦੇ ਘਰ ਵਿੱਚ ਬੈਠਣਾ ਵੇਖ ਕੇ ਤੇ ਆਪਣੇ ਆਪ ਨੂੰ ਫਿਰ ਦੁਬਾਰਾ ਭਵਨ ਦੇ ਵਿੱਚ ਮੌਜੂਦ ਹੋਣਾ ਵੇਖ ਕੇ ਮੈਂ ਪੂਰੇ ਤੋਰ ਨਾਲ ਆਪਣੇ ਜੀਵਨ ਦੀ ਇੱਕ ਖਾਸ ਗੱਲ ਸਮਝਦਾ ਹਾਂ।

2 ਕੱਲ੍ਹ ਜਦ ਮੈਂ ਇੱਥੇ ਆਇਆ ਤੇ ਖੂਬਸੂਰਤ ਇਮਾਰਤ ਵੇਖੀ ਤਾਂ ਮੈਂ ਬੜੇ ਅਚੰਭੇ ਵਿੱਚ ਪੈ ਗਿਆ ਮੈਨੂੰ ਕਦੇ ਵਿਚਾਰ ਵੀ ਨਹੀਂ ਆਇਆ ਕਿ ਇਹ ਇੰਨੀ ਸੁੰਦਰ ਬਣੇਗੀ । ਜਦ ਮੈਂ ਇਸ ਇਮਾਰਤ ਦਾ ਨਕਸ਼ਾ ਦੇਖਿਆ ਤਾਂ ਮੈਂ ਇਸ ਦੇ ਇੱਕ ਪਾਸੇ ਤੇ ਇੱਕ ਹੋਰ ਨਿੱਕਾ ਜਿਹਾ ਕਮਰਾ ਵੇਖਿਆ, ਜਦੋਂ ਉਹਨਾਂ ਨੇ ਉਹਨਾਂ ਨੇ ਇਸਦਾ ਨਕਸ਼ਾ ਬਣਾਇਆ ਸੀ । ਪਰ ਹੁਣ ਤਾਂ ਮੈਂ ਇਸਨੂੰ ਇੱਕ ਬਹੁਤ ਸੁੰਦਰ ਇਮਾਰਤ ਵੇਖਦਾ ਹਾਂ । ਅਤੇ ਇਸ ਸੋਹਣੀ ਇਮਾਰਤ ਦੇ ਲਈ ਅਸੀਂ ਸਰਵ ਸ਼ਕਤੀਮਾਨ ਦਾ ਧੰਨਵਾਦ ਕਰਦੇ ਹਾਂ ।

3 ਮੈਂ ਆਪਣੀ ਪਤਨੀ ਦੀ ਵਲੋਂ ਤੁਹਾਡੇ ਲਈ ਸ਼ੁਭਕਾਮਨਾਵਾਂ ਲੈ ਕੇ ਆਇਆ ਹਾਂ ਅਤੇ ਆਪਣੇ ਬੱਚਿਆਂ ਦੀ ਵੱਲੋਂ ਵੀ ਜੋ ਕਿ ਇਸ ਮਸ੍ਹਾ ਕਰਨ ਦੀ ਸੇਵਾ ਤੇ, ਅਤੇ ਇਸ ਹਫਤੇ ਦੀ ਮਸੀਹ ਅੱਗੇ ਸਮਰਪਿਤ ਕਰਨ ਦੀਆਂ ਸਭਾਵਾਂ ਵਿੱਚ ਇਸ ਥਾਂ ਤੇ ਹਾਜ਼ਰ ਹੋਣਾ ਚਾਹੁੰਦੇ ਸਨ, ਪ੍ਰੰਤੂ ਬੱਚੇ ਤਾਂ ਸਕੂਲ ਵਿੱਚ ਹਨ ਤੇ ਉਨ੍ਹਾਂ ਦੀ ਛੁੱਟੀ ਕਰਾਉਣੀ ਔਖੀ ਸੀ ਉਹ ਘਰ ਆਉਣ ਲਈ ਬਹੁਤ ਹੀ ਉਤਾਵਲੇ ਸਨ, ਪਰ ਤੁਹਾਡੀ ਯਾਦ ਸਾਡੇ ਕੋਲੋਂ ਕਦੇ ਵੀ ਅਲੱਗ ਨਹੀਂ ਹੁੰਦੀ ਹੈ ।ਤੁਹਾਡੀ ਯਾਦ ਜੁਦਾ ਨਹੀਂ ਹੁੰਦੀ ਹੈ । ਤੁਸੀਂ ਸਾਡੇ ਇਸ ਤਰ੍ਹਾਂ ਦੇ ਮਿੱਤਰ ਹੋ । ਅਤੇ ਮੈਂ ਸਭ ਜਗ੍ਹਾ ਮਿੱਤਰਾਂ ਦੀ ਪ੍ਰਸ਼ੰਸਾਂ ਕਰਦਾ ਹਾਂ, ਪ੍ਰੰਤੂ ਪੁਰਾਣੇ ਮਿੱਤਰਾਂ ਦੀ ਤਾਂ ਗੱਲ ਹੀ ਕੁਝ ਹੋਰ ਹੁੰਦੀ ਹੈ । ਇਸ ਨਾਲ ਕੋਈ ਮਤਲਬ ਨਹੀਂ ਕਿ ਕਿੱਥੇ ਤੁਸੀਂ ਮਿੱਤਰ ਬਣਉਂਦੇ ਹੋ, ਪਰ ਇਹ ਕਦੇ ਵੀ ਪੁਰਾਣੇ ਨਹੀਂ ਹੁੰਦੇ ਹਨ।

4 ਇਸ ਗੱਲ ਦੀ ਪ੍ਰਵਾਹ ਨਹੀਂ ਭਾਵੇਂ ਮੈਂ ਕਿਤੇ ਵੀ ਘੁੰਮਿਆਂ ਹੋਵਾਂ, ਇਹ ਥਾਂ ਮੇਰੇ ਲਈ ਹਮੇਸ਼ਾਂ ਪਵਿੱਤਰ ਰਹੇਗਾ । ਤੀਹ ਸਾਲ ਬੀਤੇ ਹਨ ਜਦ ਮੈਂ ਇਸ ਚਿੱਕੜ ਦੇ ਛੱਪੜ ਵਰਗੀ ਥਾਂ ਨੂੰ ਮਸੀਹ ਨੂੰ ਸਮਰਪਿਤ ਕੀਤਾ ਸੀ ਜਦ ਕਿ ਇਹ ਅਜੇ ਚਿੱਕੜ ਨਾਲ ਭਰਿਆ ਛੱਪੜ ਹੀ ਸੀ।ਇਹ ਕਦੇ ਸਾਰਾ ਤਲਾਬ ਸੀ। ਇਹੋ ਹੀ ਕਾਰਨ ਹੈ ਕਿਸੜਕ ਇਸ ਤਲਾਬ ਤੋਂ ਹਟ ਕੇ, ਤੇ ਦੁਆਲੇ -ਦੁਆਲੇ ਹੋ ਕੇ ਬਾਹਰ ਨਿੱਕਲਦੀ ਹੈ, ਤਾਂ ਕਿ ਸੜਕਾਂ ਨੂੰ ਉਸ ਤਲਾਬ ਤੋਂ ਦੂਰ ਰੱਖਿਆ ਜਾ ਸਕੇ ਜੋ ਕਿ ਇੱਥੇ ਸੀ। ਅਤੇ ਇੱਥੇ ਕਮਲ ਦੇ ਫੁੱਲ ਹੋਇਆ ਕਰਦੇ ਸਨ, ਛੱਪੜਾਂ ਵਿੱਚ ਹੋਣ ਵਾਲੀਆਂ ਕੰਮੀਆਂ ਉੱਗਦੀਆਂ ਸਨ।

5 ਅਤੇ ਕਮਲ ਦਾ ਫੁੱਲ ਇੱਕ ਅਨੋਖਾ ਫੁੱਲ ਹੁੰਦਾ ਹੈ । ਜਦਕਿ ਇਹ ਚਿੱਕੜ ਵਿੱਚ ਹੁੰਦਾ ਹੈ ਇਸਨੂੰ ਆਪਣਾ ਰਾਹ ਚਿੱਕੜ ਦੇ ਵਿੱਚੋਂ ਦੀ ਹੁੰਦੇ ਹੋਏ ਪਾਣੀ ਅਤੇ ਗਾਰੇ ਨਾਲ ਭਰੇ ਪਾਣੀ ਵਿੱਚੋਂ ਬਾਹਰ ਨਿੱਕਲ ਕੇ ਉੱਪਰ ਆਉਣਾ ਹੁੰਦਾ ਹੈ, ਤਾਂ ਕਿ ਆਪਣੀ ਸੁੰਦਰਤਾ ਦਿਖਾਵੇ ।

6 ਅਤੇ ਮੈਂ ਸੋਚਦਾ ਹਾਂ ,ਅੱਜ ਦੀ ਸਵੇਰ ਇੱਥੇ ਇਹ ਸਭ ਹੋਇਆ ਹੈ । ਕਿ ਉਸ ਸਮੇਂ ਤੋਂ ਇੱਕ ਨਿੱਕਾ ਕਮਲ ਦਾ ਫੁੱਲ ਉਤਾਂਹ ਉੱਭਰਿਆ ਤੇ ਆਪਣੇ ਪਰ ਫੈਲਾਏ -ਇਸ ਦੀਆਂ ਛੋਟੀਆਂ-ਛੋਟੀਆਂ ਪੰਖੜੀਆਂ ਖਿੜ ਗਈਆਂ ਅਤੇ ਇਸਨੇ ਘਾਟੀ ਦੇ ਸੋਸਨ ਦਾ ਪ੍ਰਤੀਰੂਪ ਆਪਣੇ ਅੰਦਰ ਵਿਖਾਉਣਾ ਸ਼ੁਰੂ ਕੀਤਾ, ਅਜਿਹਾ ਹੋਵੇ ਕਿ ਇਹ ਹਮੇਸ਼ਾਂ ਤੱਕ ਖੜੀ ਰਹੇ ।ਪ੍ਰਮੇਸ਼ੁਰ ਕਰੇ ਕਿ ਇਹ ਘਰ ਪਰਮੇਸ਼ੁਰ ਦੇ ਲਈ ਪੂਰਾ ਪੂਰਾ ਸਮਰਪਿਤ ਹੋਇਆ ਪਾਇਆ ਜਾਵੇ ।

7 ਇਸ ਭਵਨ ਨੂੰ 1933 ਵਿੱਚ ਹੀ ਪ੍ਰਮੇਸ਼ੁਰ ਨੂੰ ਸਮਰਪਿਤ ਕਰ ਦਿੱਤਾ ਸੀ । ਪ੍ਰੰਤੂ ਮੈਂ ਸੋਚਦਾ ਹਾਂ , ਅੱਜ ਦੀ ਸਵੇਰ ਸਮਰਪਣ ਦੀ ਇੱਕ ਛੋਟੀ ਜਿਹੀ ਸਭਾ ਦੇ ਦੋਰਾਨ ਇਸਨੂੰ ਮਸੀਹ ਨੂੰ ਦੁਬਾਰਾ ਸਮਰਪਿਤ ਕਰਨਾ ਇੱਕ ਬਹੁਤ ਚੰਗੀ ਗੱਲ ਹੋਵੇਗੀ- ਖਾਸ ਕਰਕੇ ਉਨ੍ਹਾਂ ਲੋਕਾਂ ਦੇ ਲਈ ਜਿਨ੍ਹਾਂ ਦੇ ਮਸੀਹ ਪ੍ਰਤੀ ਪਿਆਰ ਅਤੇ ਸਮਰਪਣਰਾਹੀਂ ਇਹ ਸਭ ਕੁਝ ਸੰਣਵ ਹੋ ਸਕਿਆ ਹੈ ।ਅਤੇ ਮੈਂ ਉਹਨਾਂ ਸਭਨਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਦਾਨ ਅਤੇ ਭੇਟਾਂ ਦੇ ਕੇ ਇਸ ਗਿਰਜੇ ਨੂੰ ਮਸੀਹ ਵਾਸਤੇ ਸਮਰਪਿਤ ਕੀਤੇ ਜਾਣ ਦਾ ਪ੍ਰਬੰਧ ਕੀਤਾ ਹੈ ।

8 ਮੈਂ ਇਸ ਮੰਡਲੀ ਦੀ ਬਹੁਤ ਪ੍ਰਸ਼ੰਸਾ ਅਤੇ ਧੰਨਵਾਦ ਕਰਦਾ ਹਾਂ ਕਿ ਮੈਂ ਇਨ੍ਹਾਂ ਸ਼ਬਦਾਂ ਨੂੰ ਅਪਣੇ ਇਸ ਗਿਰਜੇ ਦੇ ਉਨ੍ਹਾਂ ਭਾਈਆਂ ਦੀ ਵੱਲੋਂ ਬੋਲ ਰਿਹਾਂ ਹਾਂ ਜਿਹਨਾਂ ਨੇ ਆਪਣੀਆਂ ਸੇਵਾਵਾਂ ਨੂੰ ਇਸਦੇ ਲਈ ਸਮਰਪਿਤ ਕੀਤਾ ਹੈ ।ਸਾਡੇ ਚੰਗੇ ਭਾਈ, ਭਾਈ ਬੈਂਕਸ ਵੁੱਡ, ਭਾਈ ਰਾਏ ਰਾਬਰਸਨ ਅਤੇ ਅਨੇਕਾਂ ਦੂਸਰੇ ਭਾਈਆਂ ਨੇ ਮਨ ਦੀ ਪੂਰੀ ਲਗਨ ਅਤੇ ਨਿਸ਼ਕਾਮ ਸੇਵਾ ਦੇ ਨਾਲ ਇਸ ਭਵਨ ਦੇ ਨਿਰਮਾਣ ਵਿੱਚ ਜਿਸ ਤਰ੍ਹਾਂ ਇਹ ਬਣਿਆ ਹੈ ਮਹੀਨੇ ਲਗਾਏ ਅਤੇ ਇੱਥੇ ਖੜੇ ਹੋ ਕੇ ਦੇਖਿਆ ਕਿ ਇਸਦਾ ਨਿਰਮਾਣ ਠੀਕ ਢੰਗ ਨਾਲ ਹੋ ਸਕੇ ।

9 ਜਦ ਮੈਂ ਇਸ ਭਵਨ ਦੇ ਅੰਦਰ ਆਇਆ ਤੇ ਵੇਖਿਆ ਕਿ ਪੁਲਪਿਟ ਠੀਕ ਉਸੇ ਹੀ ਢੰਗ ਦਾ ਸੀ ਜਿਸ ਢੰਗ ਨੂੰ ਦੇਖਣ ਲਈ ਮੈਂ ਜੀਵਨ ਭਰ ਚਾਹਿਆ । ਭਾਈ ਵੁੱਡ ਜਾਣਦੇ ਸਨ ਕਿ ਮੈਂ ਕੀ ਚਹੁੰਦਾ ਹਾਂ । ਉਹਨਾਂ ਕਦੇ ਨਹੀਂ ਆਖਿਆ ਕਿ ਮੈਂ ਇਸਨੂੰ ਬਣਾਂਵਾਂਗਾ ਪਰ ਬਣਾ ਸੁੱਟਿਆ ।

10 ਅਤੇ ਮੈਂ ਇਸ ਭਵਨ ਨੂੰ ਅਤੇ ਕਿਸ ਤਰ੍ਹਾਂ ਨਾਲ ਇਸਦਾ ਨਿਰਮਾਣ ਹੋਇਆ ਨੂੰ ਦੇਖਿਆ, ਅਤੇ ਪਾਇਆ ਕਿ ਇਹ ਸਰਵਸ੍ਰੇਸ਼ਟ ਹੈ । ਹੁਣ ਇਸ ਵੇਲੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਮੇਰੇ ਕੋਲ ਸ਼ਬਦ ਨਹੀਂ ਹਨ। ਅਜਿਹਾ ਕਰਨ ਦਾ ਕੋਈ ਤਰੀਕਾ ਹੈ ਹੀ ਨਹੀਂ , ਸਮਝੇ । ਪ੍ਰੰਤੂ ਖੁਦਾ ਸਭ ਸਮਝਦਾ ਹੈ । ਅਤੇ ਪ੍ਰਮੇਸ਼ੁਰ ਕਰੇ ਕਿ ਤੁਹਾਨੂੰ ਤੁਹਾਡੇ ਸਾਰੇ ਸਹਿਯੋਗ ਦਾ ਪ੍ਰਤੀਫਲ ਮਿਲੇ ਅਤੇ ਉਸ ਸਭ ਦਾ ਜੋ ਤੁਸਾਂ ਇਮਾਰਤ ਨੂੰ ਬਣਾਉਣ ਵਿੱਚ ਕੀਤਾ ਜਿਸ ਤਰ੍ਹਾਂ ਦੀ ਇਹ ਇਮਾਰਤ ਬਣੀ ਹੈ , ਪ੍ਰਭੂ ਦਾ ਘਰ । ਹੁਣ ਮੈਂ ਇਹ ਸ਼ਬਦ ਕਹਿਣਾ ਚਾਹਾਂਗਾ ਕਿ ਇਹ ਭਵਨ ਜਿੰਨਾ ਸੋਹਣਾ ਅੰਦਰੋਂ ਹੈ ਉੰਨਾ ਹੀ ਸੋਹਣਾ ਬਾਹਰੋਂ ਹੈ ।

11 ਮੇਰੇ ਭਣਵਈਏ ਭਾਈ ਜੂਨੀਅਰ ਵੈਬਰ ਹੁਣਾਂ ਨੇ ਰਾਜ ਮਿਸਤਰੀ ਦਾ ਕੰਮ ਕੀਤਾ ਸੀ । ਕਾਰੀਗਰੀ ਇੰਨੀ ਵਧੀਆ ਹੈ ਕਿ ਮੈਂ ਨਹੀਂ ਸਮਝਦਾ ਕਿ ਇਸ ਤੋਂ ਵੱਧ ਕੁਝ ਹੋਰ ਕੀਤਾ ਜਾ ਸੱਕਦਾ ਸੀ ।

12 ਇੱਕ ਹੋਰ ਭਾਈ ਇੱਥੇ ਹੈ , ਮੈਂ ਉਹਨਾਂ ਨੂੰ ਕਦੇ ਮਿਲਿਆ ਨਹੀਂ ਹਾਂ , ਉਸਨੇ ਇਸ ਵਿੱਚ ਅਵਾਜ਼ ਦੇ ਪ੍ਰਸਾਰਨ ਦਾ ਪ੍ਰਬੰਧ ਕੀਤਾ ਹੈ ।ਪ੍ਰੰਤੂ ਮੈਂ ਗੋਰ ਕੀਤਾ ਹੈ ਕਿ ਇਸ ਤਰ੍ਹਾਂ ਦੀ ਇੱਕ ਚਪਟੀ



ਦੇ ਸਰਿਸ਼ਟੀ ਕਰਨ ਵਾਲੇ ਵਚਨ ਨੂੰ ਬੋਲੇ , ਅਤੇ ਮੱਖੀਆਂ ਹੋਂਦ ਵਿੱਚ ਆ ਗਈਆਂ ਸਨ , ਤਾਂ ਫਿਰ ਕਿਉਂ ਤੁਸੀਂ ਯਿਸੂ ਮਸੀਹ ਦੇ ਲਹੂ ਨੂੰ ਜਿਹੜਾ ਕਿ ਪਾਪਾਂ ਨੂੰ ਸਿਰੇ ਤੋਂ ਖਿਡਾਂ ਦਿੰਦਾ ਹੈ, ਕੀ ਇੱਕ ਮਨੁੱਖ ਨੂੰ ਇਸ ਅਵਸਥਾ ਵਿੱਚ ਨਾ ਕਰ ਸਕੇਗਾ ਕਿ ਉਹ ਮੂੰਹ ਤੋਂ ਬੋਲੇ ਅਤੇ ਗਲਹਿਰੀਆਂ ਜਾਂ ਕੁਝ ਹੋਰ ਹੋਂਦ ਵਿੱਚ ਆ ਜਾਵੇ ?

418 ਤੁਸੀਂ ਅਜਿਹਾ ਨਾ ਕਰੋ, ਤੁਸੀਂ ਸਾਦਗੀ ਤੋਂ ਠੋਕਰ ਨਾ ਖਾਓ। ਵਿਸ਼ਵਾਸ਼ ਕਰੋ ਕਿ ਉਹ ਹਾਲੇ ਵੀ ਪ੍ਰਮੇਸ਼ੁਰ ਹੀ ਹੈ ਔਹ, ਪ੍ਰਭੂ ! ਮੇਰੇ ਪਾਪਾਂ ਨੂੰ ਮਾਫ ਕਰ ! ਔਹ, ਮੈਂ ਕਿੰਨਾ ਚਹੁੰਦਾ ਹਾਂ ਕਿ ਮੈਂ ਕਰ ਸਕਾਂ .....

419 ਫਿਰ ਮਰਕੁਸ 11:22, " ਜੇ ਤੁਸੀਂ ਇਸ ਪਹਾੜ ਨੂੰ ਕਹੋ, ਇੱਥੋਂ ਹਟ ਜਾ ਅਤੇ ਆਪਣੇ ਮਨ ਵਿੱਚ ਸ਼ੱਕ ਨਾ ਕਰੋ , ਬਲਕਿ ਪ੍ਰਤੀਤ ਕਰੋ ਕਿ ਜੋ ਤੁਸੀਂ ਮੰਗਿਆ ਹੈ , ਉਹ ਹੋ ਜਾਏਗਾ, ਔਹ, ਜੋ ਤੁਸੀਂ ਮੰਗਿਆ ਹੈ ਤੁਸੀਂ ਉਹ ਪਾ ਸਕਦੇ ਹੋ।"

420 ਔਹ, ਮੇਰੇ ਕੋਲ ਹਾਲੇ ਤਿੰਨ ਜਾਂ ਚਾਰ ਸਫੇ ਹੋਰ ਲਿਖੇ ਹੋਏ ਹਨ।ਮੈਨੂੰ ਇਹਨਾਂ ਨੂੰ ਛੱਡਣਾ ਪੈਣਾ ਹੈ।ਧੰਨਵਾਦ।

421 ਪ੍ਰਮੇਸ਼ੁਰ ਆਪਣੇ ਆਪ ਨੂੰ ਸਧਾਰਨਤਾ ਵਿੱਚ ਛੁਪਾ ਕੇ ਰੱਖਦਾ ਹੈ।ਕੀ ਤੁਸੀਂ ਨਹੀਂ ਵੇਖਦੇ ਹੋ? ਕਿਤੇ ਨਾ ਕਿਤੇ ਕੁਝ ਗੜਬੜ ਹੈ। ਕਿਤੇ ਨਾ ਕਿਤੇ ਕੁਝ ਗੜਬੜ ਹੈ।ਜਦੋਂ ਪ੍ਰਮੇਸ਼ੁਰ ਕੋਈ ਗੱਲ ਕਰਦਾ ਹੈ, ਤਦ ਉਹ ਪ੍ਰਤਿੱਗਿਆ ਕਰਦਾ ਹੈ, ਉਹ ਆਪਣੀ ਗੱਲ ਨੂੰ ਝੁਠਲਾ ਨਹੀਂ ਸਕਦਾ ਹੈ।ਵੇਖਿਆ? ਉਹ ਸਾਦਗੀ ਵਿੱਚ ਛੁਪਿਆ ਰਹਿੰਦਾ ਹੈ।ਉਹ ਏਨਾ ਸਾਦਾ ਹੈ।

422 ਵਿਦਵਾਨ ਅਤੇ ਪੜ੍ਹੇ ਲਿਖੇ ਲੋਕ ਕਹਿੰਦੇ ਹਨ, " ਅਹ, ਇਹ ...... ਔਹ, ਇਹ ਦਿਮਾਗ ਨੂੰ ਪੜ੍ਹਨ ਵਾਲੀ ਵਿੱਦਿਆ ਜਾਂ ਕੁਝ ਹੋਰ ਹੈ।ਤੁਸੀਂ ਜਾਣਦੇ ਹੋ ਕਿ ਇਹ ਕੀ ਹੈ ........

423 ਖੁਦਾ ਆਪਣੇ ਆਪ ਨੂੰ ਪਿੱਛੇ ਲੈ ਜਾ ਕੇ , ਸਮੇਂ ਦੀਆਂ ਹੱਦਾਂ ਨੂੰ ਪਾਰ ਕਰਕੇ ਪਿਛਾਂਹ ਝਾਤੀ ਮਾਰ ਕੇ ਤੁਹਾਨੂੰ ਇਹ ਦੱਸ ਸਕਦਾ ਹੈ ਕਿ ਪਿੱਛੇ ਕੀ ਹੋਇਆ ਸੀ।ਉਹ ਠੀਕ ਠੀਕ ਇਹ ਦੱਸ ਸਕਦਾ ਹੈ ਤੁਸੀਂ ਅੱਜ ਕੀ ਹੋ ਅਤੇ ਤੁਸੀਂ ਕੱਲ੍ਹ ਨੂੰ ਕੀ ਹੋਵੋਗੇ।ਅੱਜ ਵੀ ਯਿਸੂ ਮਸੀਹ ਦੇ ਰੰਗ ਕਾਟ ਅਰਥਾਤ ਲਹੂ ਦੇ ਰਾਹੀ ਪਾਪ ਖਿੰਡ ਜਾਂਦੇ ਹਨ, ਜਿਹੜਾ ਇੱਕ ਪਾਪੀ ਨੂੰ ਲੈ ਕੇ ਉਸਨੂੰ ਸ਼ੁੱਧ ਬਣਾ ਸਕਦਾ ਹੈ, ਅਤੇ ਉਹ ਆਦਮੀ ਖੁਦਾ ਦੀ ਹਜ਼ੂਰੀ ਵਿੱਚ ਖੜਾ ਹੋ ਸਕਦਾ ਹੈ।

424 "ਅਤੇ ਜੇ ਤੁਸੀਂ ਮੇਰੇ ਵਿੱਚ ਬਣੇ ਰਹੋ ਅਤੇ ਮੇਰੇ ਵਚਨ ਤੁਹਾਡੇ ਵਿੱਚ ਬਣੇ ਰਹਿਣ ਤਾਂ ਤਾਂ ਜੋ ਚਾਹੋ ਮੰਗੋ ਉਹ ਤੁਹਾਡੇ ਲਈ ਹੋ ਜਾਵੇਗਾ। ਉਹ ਜਿਹੜਾ ਮੇਰੇ ਉੱਤੇ ਵਿਸ਼ਵਾਸ਼ ਕਰਦਾ ਹੈ, ਜਿਹੜੇ ਕੰਮ ਮੈਂ ਕਰਦਾ ਹਾਂ ਉਹ ਵੀ ਕਰੇਗਾ।"

425 "ਤੁਸੀਂ ਮੇਰੇ ਉੱਤੇ ਕਿਸ ਗੱਲ ਦਾ ਦੋਸ਼ ਲਗਾਉਂਦੇ ਹੋ?" ਔਹ, ਕੀ ਤੁਹਾਡੀ ਆਪਣੀ ਵਿਵਸਥਾ ਇਹ ਨਹੀਂ ਕਹਿੰਦੀ ਕਿ ਪ੍ਰਮੇਸ਼ੁਰ ਦਾ ਵਚਨ ਜਿਹਨਾਂ ਨਬੀਆਂ ਦੇ ਕੋਲ ਆਇਆ , ਉਹਨਾਂ ਨੂੰ ਤੁਸੀਂ ' ਈਸ਼ਵਰ ਜਾਂ ਦੇਵਤੇ ' ਨਹੀਂ ਕਿਹਾ? ਅਤੇ ਫਿਰ ਤੁਸੀਂ ਮੇਰੇ ਉੱਤੇ ਕਿਉਂ ਦੋਸ਼ ਲਗਾਉਂਦੇ ਹੋ ਜੇ ਮੈਂ ਆਪਣੇ ਆਪ ਨੂੰ ਪ੍ਰਮੇਸ਼ੁਰ ਦਾ ਪੁੱਤਰ ਕਹਿੰਦਾ ਹਾਂ?" ਉਹ ਇਸਨੂੰ ਵੇਖਣ ਵਿੱਚ ਅਸਫਲ ਹੋ ਗਏ ਸਨ।ਉਹ ਇਹ ਦੇਖਣ ਵਿੱਚ ਅਸਫਲ ਹੋ ਗਏ ਸਨ।

ਅਤੇ ਫਿਰ ਕਦੇ ਵੀ ਪਾਪ ਨੂੰ ਯਾਦ ਨਹੀਂ ਕੀਤਾ ਜਾਂਦਾ ਹੈ। ਅਤੇ ਮਨੁੱ5 ਪ੍ਰਮੇਸ਼ੁਰ ਦੇ ਪੁੱਤਰ ਦੇ ਰੂਪ ਵਿੱਚ ਧਰਮੀ ਠਹਿਰ ਕੇ ਖੜਾ ਹੋ ਜਾਂਦਾ ਹੈ। ਸਾਦਗੀ !

411 ਮੂਸਾ ਜੋ ਕਿ ਬਲਦਾਂ ਅਤੇ ਬੱਕਰਿਆਂ ਦੇ ਲਹੂ ਹੇਠ ਸੀ, ਅਤੇ ਉਸਨੇ ਪ੍ਰਮੇਸ਼ੁਰ ਦੇ ਵਚਨ ਨੂੰ ਅਧਾਰ ਰੱਖ ਕੇ ਪਾਪਾਂ ਦਾ ਇਕਰਾਰ ਕੀਤਾ ਸੀ।ਅਤੇ ਪ੍ਰਮੇਸ਼ੁਰ ਉਸ ਸਧਾਰਨ ਮਨੁੱਖ ਨੂੰ ਲੈ ਸਕਦਾ ਸੀ, ਅਤੇ ਆਪਣੇ ਵਚਨ ਨੂੰ ਉਸਦੇ ਮੂੰਹ ਵਿੱਚ ਪਾ ਸਕਦਾ ਸੀ। ਅਤੇ ਉਸਨੇ ਸਿੱਧ ਕੀਤਾ ਕਿ ਕਿ ਉਹ ਯਹੋਵਾਹ ਦਾ ਦਾਸ ਹੈ, ਕਿਉਂਕਿ ਉਹ ਉੱਥੇ ਉਸਦੀ ਹਜ਼ੂਰੀ ਵਿੱਚ ਚੱਲ ਫਿਰ ਸਕਦਾ ਸੀ, ਅਤੇ ਯਹੋਵਾਹ ਉਸਦੇ ਨਾਲ ਦਰਸ਼ਨ ਵਿੱਚ ਗੱਲ ਕਰਦਾ ਸੀ। ਉਹ ਬਾਹਰ ਨਿੱਕਲ ਕੇ ਆਇਆ, ਉਸਨੇ ਆਪਣਾ ਹੱਥ ਪੂਰਬ ਵੱਲ ਨੂੰ ਵਧਾਇਆ।

412 ਅਤੇ ਹੁਣ, ਯਾਦ ਰਹੇ, ਪ੍ਰਮੇਸ਼ੁਰ ਨੇ ਮੂਸਾ ਨਾਲ ਗੱਲਾਂ ਕੀਤੀਆਂ ਸਨ।ਇਹ ਪ੍ਰਮੇਸ਼ੁਰ ਦਾ ਵਿਚਾਰ ਸੀ।ਪ੍ਰਮੇਸ਼ੁਰ ਮਨੁੱਖ ਨੂੰ ਇਸਤੇਮਾਲ ਕਰਦਾ ਹੈ।ਪ੍ਰਮੇਸ਼ੁਰ ਨੇ ਉਸ ਨਾਲ ਗੱਲ ਕੀਤੀ ਸੀ। ਇਹ ਸੱਚ ਹੈ।ਪ੍ਰਮੇਸ਼ੁਰ ਨੇ ਕਿਹਾ ਸੀ, " ਜਿਹੜੀ ਲਾਠੀ ਤੇਰੇ ਹੱਥ ਵਿੱਚ ਹੈ ਉਸਨੂੰ ਪੂਰਬ ਵੱਲ ਨੂੰ ਵਧਾ ਅਤੇ ਕਹਿ, 'ਮੱਖੀਆਂ ਆ ਜਾਣ '!"

413 ਮੂਸਾ, ਜਿਹੜਾ ਕਿ ਬੱਕਰਿਆਂ ਅਤੇ ਲੇਲਿਆਂ ਦੇ ਲਹੂ ਥੱਲੇ ਸੀ ਚੱਲ ਕੇ ਉੱਥੇ ਗਿਆ ਅਤੇ ਉਸ ਲਾਠੀ ਨੂੰ ਲਿਆ ਅਤੇ ਉਸਨੂੰ ਪੂਰਬ ਵੱਲ ਨੂੰ ਵਧਾਇਆ ਅਤੇ ਬੋਲਿਆ " *ਯਹੋਵਾਹ ਇੰਝ ਫਰਮਾਂਉਂਦਾ ਹੈ*,ਕਿ ਮੱਖੀਆਂ ਪੈਦਾ ਹੋ ਜਾਣ!"ਉਸਨੇ ਮੱਖੀਆਂ ਦੇ ਬਾਰੇ ਵਿੱਚ ਕਦੇ ਨਹੀਂ ਸੁਣਿਅ ਸੀ ਪ੍ਰੰਤੂ ਉਸਦੇ ਕਹਿਣ ਤੇ ਮੱਖੀਆਂ ਆ ਗਈਆਂ ਸਨ, ਪਿਛਾਂਹ ਪਰਤਿਆ ਸੀ। ਇਹ ਤਾਂ ਪਹਿਲਾਂ ਹੀ ਕਿਹਾ ਜਾ ਚੁੱਕਾ ਸੀ। ਇਹ ਇੱਕ ਵਿਚਾਰ ਸੀ, ਹੁਣ ਇਸਨੂੰ ਬੋਲਿਆ ਗਿਆ ਸੀ, ਇਸਨੂੰ ਪ੍ਰਗਟ ਕੀਤਾ ਗਿਆ ਸੀ।ਤਦ ਇਹ ਪ੍ਰਮੇਸ਼ੁਰ ਦਾ ਵਚਨ ਸੀ।ਇਹ ਮਨੁੱਖ ਦੇ ਬੁੱਲ੍ਹਾਂ 'ਤੇ ਆਇਆ, ਉਸ ਸਧਾਰਨ ਮਨੁੱਖ ਦੇ ਬੁੱਲ੍ਹਾਂ 'ਤੇ ਆਇਆ ਜੋ ਬਲਦ ,ਬਲਦ ਜਾਂ ਬੱਕਰੇ ਦੇ ਲਹੂ ਦੇ ਥੱਲੇ ਸੀ।

414 ਪਹਿਲੀ ਗੱਲ ਜੋ ਤੁਸੀਂ ਜਾਣਦੇ ਹੋ , ਉੱਥ ਇੱਕ ਹਰੇ ਰੰਗ ਦੀ ਮੱਖੀ ਆ ਗਈ । ਅਗਲੀ ਗੱਲ ਜੋ ਤੁਸੀਂ ਜਾਣਦੇ ਹੋ, ਉਹ ਇਹ ਹੈ ਕਿ ਇੱਕ ਵਰਗ ਗਜ਼ ਥਾਂ ਵਿੱਚ ਪੰਜ ਪੋਂਡ ਭਾਰ ਦੀਆਂ ਮੱਖੀਆਂ ਭਰ ਗਈਆਂ ਸਨ।ਇਹ ਕੀ ਸੀ? ਇਹ ਪ੍ਰਮੇਸ਼ੁਰ ਦਾ ਵਚਨ ਸੀ, ਜੋ ਮੂਸਾ ਦੁਆਰਾ ਬੋਲਿਆ ਗਿਆ ਸੀ ,ਇਹ ਰਚਨਹਾਰੇ ਦਾ ਵਚਨ ਸੀ। ਕਿਉਂਕਿ ਲਹੂ ਦੇ ਥੱਲੇ ਉਹ ਪ੍ਰਮੇਸ਼ੁਰ ਦੀ ਹਜ਼ੂਰੀ ਵਿੱਚ ਖੜਾ ਸੀ ਅਤੇ ਉਸਦੇ ਸ਼ਬਦ ਉਸਦੇ ਆਪਣੇ ਸ਼ਬਦ ਨਹੀਂ ਸਨ।

415. "ਜੇ ਤੁਸੀਂ ਮੇਰੇ ਵਿੱਚ ਬਣੇ ਰਹੋ ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਬਣੀਆਂ ਰਹਿਣ, ਤਾਂ ਤੁਸੀਂ ਜੋ ਚਾਹਜੇ ਮੰਗੋ ਉਹ ਤੁਹਾਡੇ ਲਈ ਹੋ ਜਾਵੇਗਾ।" ਕਲੀਸਿਯਾ ਕਿੱਥੇ ਖੜੀ ਹੋਈ ਹੈ?

416 "ਡੱਡੂ ਹੋ ਜਾਣ !" ਅਤੇ ਉਸ ਸਮੇਂ ਦੇਸ਼ ਵਿੱਚ ਇੱਕ ਵੀ ਡੱਡੂ ਨਹੀਂ ਸੀ।ਪ੍ਰੰਤੂ ਇੱਕ ਘੰਟੇ ਦੇ ਅੰਦਰ ਹੀ ਦਸ ਫੁੱਟ ਡੂੰਘਾਈ ਦੇ ਹਿਸਾਬ ਨਾਲ ਡੱਡੂ ਹੀ ਡੱਡੂ ਹੋ ਗਏ ਸਨ।ਇਹ ਕੀ ਸੀ? ਇਹ ਪ੍ਰਮੇਸ਼ੁਰ, ਰਚਣਹਾਰਾ ਸੀ ਜੋ ਆਪਣੇ ਆਪ ਨੂੰ ਸਧਾਰਨ ਮਨੁੱਖ ਵਿੱਚ ਲੁਕਾਏ ਹੋਏ ਸੀ।

417 ਹੁਣ ਮੈਂ ਤੁਹਾਨੂੰ ਕੁਝ ਪੁੱਛਣਾ ਚਹੁੰਦਾ ਹਾਂ।ਜੇ ਕਿਸੇ ਬਲਦ ਜਾਂ ਬੱਕਰੇ ਦਾ ਲਹੂ ਜੋ ਸਿਰਫ ਪਾਪਾਂ ਨੂੰ ਢੱਕਦਾ ਹੀ ਸੀ , ਮਨੁੱਖ ਨੂੰ ਅਜਿਹੀ ਅਵਸਥਾ ਵਿੱਚ ਲਿਆ ਸਕਦਾ ਸੀ ਕਿ ਉਹ ਪ੍ਰਮੇਸ਼ੁਰ



ਇਮਾਰਤ ਹੁੰਦਿਆ ਵੀ ਆਵਾਜ ਦੇ ਪ੍ਰਸਾਰਨ ਤੇ ਕੋਈ ਨਵਾਂ ਬੰਧ ਨਹੀ ਬੱਝਿਆ ਹੋਇਆ । ਉਸਦਾ ਛੱਤ ਵਿੱਚ ਵੱਖ-ਵੱਖ ਢੰਗ ਨਾਲ ਪ੍ਰਬੰਧ ਕੀਤਾ ਗਿਆ ਹੈ । ਇਸ ਨਾਲ ਕੋਈ ਮਤਲਬ ਨਹੀਂ ਕਿ ਮੈਂ ਕਿੱਥੇ ਖੜਾ ਹਾਂ, ਸਭ ਜਗ੍ਹਾ ਇੱਕ ਜਿਹੀ ਹੀ ਆਵਾਜ ਹੈ ,ਦੇਖਿਆ। ਅਤੇ ਹਰੇਕ ਕਮਰਾ ਇਸ ਢੰਗ ਨਾਲ ਬਣਾਇਆ ਗਿਆ ਹੈ ਕਿ ਉਸ ਵਿੱਚ ਸਪੀਕਰ ਲੱਗੇ ਹੋਏ ਹਨ; ਤੁਸੀਂ ਸੁਣਨ ਵਾਸਤੇ ਇਸਦੀ ਵਰਤਓਂ ਜਿਸ ਤਰ੍ਹਾਂ ਚਾਹੋ ਕਰ ਸਕਦੇ ਹੋ । ਮੈਂ ਯਕੀਨ ਕਰਦਾ ਹਾਂ ਕਿ ਇਹ ਸਰਵ ਸ਼ਕਤੀਮਾਨ ਪ੍ਰਮੇਸ਼ੁਰ ਦਾ ਹੱਥ ਸੀ ਜਿਸਨੇ ਇਨ੍ਹਾਂ ਸਭ ਕੰਮਾਂ ਨੂੰ ਕੀਤਾ ਹੈ ।

13 ਹੁਣ , ਸਾਡੇ ਪ੍ਰਭੂ ਨੇ ਸਾਨੂੰ ਇੱਕ ਐਸਾ ਭਵਨ ਦਿੱਤਾ ਹੈ ਜਿਸ ਵਿੱਚ ਅਸੀਂ ਉਸਦੀ ਭਗਤੀ ਲੱਗਭੱਗ ਤੀਹ ਸਾਲ ਪਹਿਲਾਂ ਦੇ ਸਮੇਂ ਤੋਂ ਕਿਤੇ ਵਧੀਆ ਢੰਗ ਨਾਲ ਕਰ ਸਕਦੇ ਹਾਂ । ਜਦ ਅਸੀਂ ਇੱਥੇ ਪ੍ਰਮੇਸ਼ੁਰ ਦੀ ਭਗਤੀ ਜਾਂ ਸੰਗਤੀ ਕਰਨੀ ਸ਼ੁਰੂ ਕੀਤੀ ਸੀ ਤਾਂ ਇੱਥੇ ਮਿੱਟੀ ਦਾ ਫਰਸ਼ ਸੀ, ਲੱਕੜੀ ਦਾ ਬੂਰਾ ਵਿਛਿਆ ਹੋਇਆ ਸੀ, ਅਤੇ ਅਸੀਂ ਪੁਰਾਣੀਆਂ ਕੋਇਲੇ ਦੀਆਂ ਅੰਗਠੀਆਂ ਜਲਾ ਕੇ ਬੈਠਿਆ ਕਰਦੇ ਸਾਂ । ਅਤੇ ਭਾਈ ਵੁੱਡ ਜੋ ਕਿ ਉਸ ਸਮੇਂ ਦੇ ਠੇਕੇਦਾਰਾਂ ਵਿੱਚੋਂ ਇੱਕ ਹਨ ਅਤੇ ਭਾਈ ਰਾਬਰਸਨ ਮੈਨੂੰ ਦੱਸ ਰਹੇ ਸਨ ਕਿ ਜਿਸ ਜਗ੍ਹਾ ਫਰਸ਼ ਸੀ ਉੱਥੇ ਉਹਨਾਂ ਅੰਗੀਠੀਆਂ ਨੂੰ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਲੱਕੜ ਦੇ ਸ਼ਤੀਰਾਂ ਦੇ ਉੱਤੇ ਰੱਖ ਦਿੱਤਾ ਜਾਂਦਾ ਸੀ , ਉਹਨਾਂ ਬੱਲੀਆਂ ਜਾਂ ਸ਼ਤੀਰਾਂ ਨੂੰ ਅੱਗ ਲੱਗ ਗਈ ਸੀ , ਅਤੇ ਲੱਗ ਭੱਗ ਉਹ ਦੋ ਜਾਂ ਤਿੰਨ ਫੁੱਟ ਤੱਕ ਜਲ ਗਈਆਂ ਸਨ।ਉਹ ਜਲ ਕੇ ਥੱਲੇ ਕਿਉਂ ਨਹੀਂ ਡਿੱਗੀਆਂ ਸਨ, ਕਿਉਂਕਿ ਸਿਰਫ ਪ੍ਰਮੇਸ਼ੁਰ ਹੀ ਸੀ ਜਿਹਨੇ ਉਹਨਾਂ ਨੂੰ ਥੰਮੀ ਰੱਖਿਆ ।ਅਤੇ ਉਹਨਾਂ ਦੇ ਜਲ ਜਾਣ ਦੇ ਬਾਵਜੂਦ ਵੀ ਭਵਨ ਦਾ ਸਾਰਾ ਭਾਰ ਉਸੇ ਤੇ ਟਿਕਿਆ ਸੀ, ਅਤੇ ਕਿਉਂ ਇਹ ਥੱਲੇ ਨਹੀਂ ਡਿੱਗਿਆ ਸੀ , ਕਿਉਂਕਿ ਇਹ ਸਿਰਫ ਪ੍ਰਮੇਸ਼ੁਰ ਦਾ ਹੀ ਹੱਥ ਸੀ ਜੋ ਉਸਨੂੰ ਫੜੇ ਹੋਏ ਸੀ। ਹੁਣ ਇਹ ਲੋਹੇ ਦੇ ਗਾਡਰਾਂ ਅਤੇ ਸਰੀਆ ਸੀਮੇਂਟ ਨਾਲ ਪੱਕੀ ਬਣੀ ਹੋਈ ਹੈ ਅਤੇ ਦ੍ਰਿੜਤਾ ਨਾਲ ਇਸ ਨੂੰ ਧਰਤੀ ਤੇ ਖੜਾ ਕੀਤਾ ਗਿਆ ਹੈ ,ਅਤੇ ਮਜ਼ਬੂਤ ਬਣਾਇਆ ਗਿਆ ਹੈ।

14 ਹੁਣ ਮੈਂ ਸੋਚਦਾ ਹਾਂ ਕਿ ਇਹ ਸਾਡਾ ਫਰਜ ਹੈ ਕਿ ਇਸ ਨੂੰ ਅੰਦਰੋਂ ਵੀ ਪ੍ਰਮੇਸ਼ੁਰ ਦੀ ਕਿਰਪਾ ਨਾਲ ਚੰਗਾ ਬਣਾਈਏ, ਅਤੇ ਪ੍ਰਮੇਸ਼ੁਰ ਦਾ ਇੰਨਾ ਧੰਨਵਾਦ ਕਰੀਏ ਕਿ ਸਾਡਾ ..... ਅਤੇ ਨਾ ਕੇਵਲ ਇਹ ਇੱਕ ਸੁੰਦਰ ਇਮਾਰਤ ਹੀ ਹੋਵੇ ਜਿਸ ਵਿੱਚ ਅਸੀਂ ਆਇਆ ਕਰੀਏ, ਬਲਕਿ ਪ੍ਰਮੇਸ਼ੁਰ ਕਰੇ ਕਿ ਹਰੇਕ ਜਣਾ ਜੋ ਇਸ ਖੂਬਸੂਰਤ ਇਮਾਰਤ ਵਿੱਚ ਆਇਆ ਕਰੇ, ਸਾਡੇ ਪ੍ਰਭੂ ਯਿਸੂ ਮਸੀਹ ਦੇ ਗੁਣਾਂ ਨੂੰ ਹਰ ਇੱਕ ਅੰਦਰ ਵੇਖ ਸਕੇ । ਅਜਿਹਾ ਹੋਵੇ ਕਿ ਇਹ ਥਾਂ ਪ੍ਰਭੂ ਨੂੰ ਸਮਰਪਿਤ ਥਾਂ ਬਣੀ ਰਹੇ, ਇਸਦੇ ਲੋਕ ਪਰਮੇਸ਼ੁਰ ਨੂੰ ਸਮਰਪਿਤ ਲੋਕ ਬਣਨ । ਇਸ ਦਾ ਕੋਈ ਮਤਲਬ ਨਹੀਂ ਕਿ ਇਮਾਰਤ ਕਿੰਨੀ ਸੋਹਣੀ ਹੈ ਪ੍ਰੰਤੂ ਗਿਰਜੇ ਦੀ ਸੁੰਦਰਤਾ ਤਾਂ ਲੋਕਾਂ ਦਾ ਚਰਿੱਤਰ ਹੈ, ਜਿਸਦੀ ਅਸੀਂ ਜਰੂਰ ਹੀ ਪ੍ਰਸ਼ੰਸਾਂ ਕਰਦੇ ਹਾਂ । ਮੈਂ ਭਰੋਸਾ ਕਰਦਾ ਹਾਂ ਕਿ ਇਹ ਘਰ ਹਮੇਸ਼ਾਂ ਸੁੰਦਰਤਾ ਵਿੱਚ ਪ੍ਰਭੂ ਦਾ ਘਰ ਬਣਿਆ ਰਹੇਗਾ ।

15 ਹੁਣ ਨੀਂਹ ਪੱਥਰ ਰੱਖਣ ਦੇ ਵੇਲੇ ਜੋ ਸਮਰਪਿਤ ਕਰਨ ਦੀ ਸਭਾ ਹੋਈ ਸੀ ਤਾਂ ਇੱਕ ਬਹੁਤ ਮਹਾਨ ਦਰਸ਼ਣ ਮੈਂ ਦੇਖਿਆ ਸੀ ਤੇ ਉਹ ਉਸੇ ਸਵੇਰ ਹੀ ਇਹ ਨੀਂਹ ਪੱਥਰ ਤੇ ਲਿਖ ਲਿਆ ਸੀ ਜਿਸ ਸਵੇਰ ਮੈਂ ਇਸਨੂੰ ਸਮਰਪਿਤ ਕੀਤਾ ਸੀ।

16 ਅਤੇ ਕੁਝ ਮਿੰਟ ਪਹਿਲਾਂ ਤੁਸੀਂ ਅਚੰਭੇ ਵਿੱਚ ਹੋਵੋਗੇ ਕਿ ਮੈਂ ਬਾਹਰ ਆਉਣ ਵਿੱਚ ਏਨੀ ਦੇਰੀ ਕਿਉਂ ਕਰ ਰਿਹਾ ਸੀ । ਇਸ ਨਵੇਂ ਭਵਨ ਵਿੱਚ ਜਦ ਮੈਂ ਆਇਆ ਤਾਂ ਜੋ ਪਹਿਲਾ ਕੰਮ ਮੈਂ ਕੀਤਾ ਉਹ ਇਹ ਸੀ ਕਿ ਮੈਂ ਇੱਕ ਜਵਾਨ ਆਦਮੀ ਅਤੇ ਔਰਤ ਦਾ ਵਿਆਹ ਕੀਤਾ , ਜੋ ਮੇਰੇ ਦਫਤਰ ਵਿੱਚ ਖੜੇ ਸਨ । ਇੰਝ ਹੋਵੇ ਕਿ ਇਹ ਉਸ ਗੱਲ ਦਾ ਪ੍ਰਤੀਕ ਠਹਿਰੇ ਕਿ ਮੈਂ ਉਸ ਦਿਨ ਦੇ ਵਿਆਹ ਲਈ ਦੁਲਹਨ ਨੂੰ ਤਿਆਰ ਕਰਨ ਲਈ ਮਸੀਹ ਦਾ ਇੱਕ ਇਮਾਨਦਾਰ ਸੇਵਕ ਬਣਿਆਂ ਰਹਾਂ ।

17 ਅਤੇ ਹੁਣ ਆਓ ਅਸੀਂ ਉਸੇ ਤਰ੍ਹਾਂ ਕਰੀਏ ਜਿਵੇਂ ਅਸੀਂ ਸ਼ੁਰੂ ਵਿੱਚ ਕੀਤਾ ਸੀ।ਜਦੋਂ ਅਸੀਂ ਗਿਰਜੇ ਦੇ ਪਹਿਲੇ ਸਮਰਪਣ ਦੇ ਸਮੇਂ ਸੰਗਤੀ ਅਰੰਭ ਕੀਤੀ ਸੀ - ਜਦੋ ਅਸੀਂ ਕੋਨੇ ਦਾ ਪੱਥਰ ਰੱਖਿਆ ਸੀ , ਤਾਂ ਮੈਂ ਮੁੰਡਾ ਜਿਹਾ ਹੀ ਸੀ , ਅਤੇ ਹੋ ਸਕਦਾ ਹੈ ਉਸ ਵੇਲੇ ਮੇਰੀ ਉਮਰ ਇੱਕੀ ਬਾਈ ਸਾਲ ਹੋਵੇ , ਜਦ ਅਸਾਂ ਨੀਂਹ ਪੱਥਰ ਧਰਿਆ ਸੀ ।ਮੇਰਾ ਅਜੇ ਵਿਆਹ ਵੀ ਨਹੀਂ ਸੀ ਹੋਇਆ । ਮੈਂ ਹਮੇਸ਼ਾਂ ਇਹ ਚਾਹਿਆ ਕਿ ਮੈਂਇੱਕ ਐਸੀ ਥਾਂ ਵੇਖਾਂ ਜੋ ਸਹੀ ਤੋਰ ਤੇ ਠੀਕ ਤਰ੍ਹਾਂ ਦੀ ਹੋਵੇ , ਪ੍ਰਮੇਸ਼ੁਰ ਦੀ ... ਜਿੱਥੇ ਮੈਂਪ੍ਰਮੇਸ਼ੁਰ ਦੀ ਸੰਗਤ ਉਸ ਦੇ ਲੋਕਾਂ ਦੇ ਨਾਲ ਕਰਾਂ ।ਅਤੇ ਅਸੀਂ ਇਸ ਤਰ੍ਹਾਂ ਕਰ ਸਕਦੇ ਹਾਂ, ਸੁੰਦਰ ਭਵਨ ਦੇ ਦੁਆਰਾ ਨਹੀਂ , ਬਲਕਿ ਪ੍ਰਮੇਸ਼ੁਰ ਨੂੰ ਸਮਰਪਿਤ ਜੀਵਨ ਹੀ ਇੱਕ ਤਰੀਕਾ ਹੈ ਜਿਸ ਦੇ ਰਾਹੀਂ ਅਸੀਂ ਅਜਿਹਾ ਕਰ ਸਕਦੇ ਹਾਂ ।

18 ਅਤੇ ਇਸ ਤੋਂ ਪਹਿਲਾਂ ਕਿ ਅਸੀਂ ਇਸ ਗਿਰਜੇ ਨੂੰ ਪ੍ਰਮੇਸ਼ੁਰ ਦੇ ਸਮਰਪਿਤ ਕਰਨ ਲਈ ਸਮਰਪਣ ਦੀ ਬੇਨਤੀ ਕਰੀਏ , ਅਸੀਂ ਕੁਝ ਵਚਨ ਵਿੱਚੋਂ ਪੜ੍ਹਾਂਗੇ । ਅਤੇ ਇਸ ਤੋਂ ਬਾਅਦ ਮੇਰੇ ਕੋਲ ਕੁਝ ...... ਇਸ ਸਵੇਰ ਸ਼ੁਭ ਸੰਦੇਸ਼ ਦਾ ਪ੍ਰਚਾਰ ਹੈ ਜਿਸ ਦੇ ਅਧਾਰ ਤੇ ਮੈਂ ਅੱਜ ਦੇਣ ਵਾਲੇ ਸੰਦੇਸ਼ ਨੂੰ ਤਿਆਰ ਕਰਾਂਗਾ ।

19 ਅਤੇ, ਅੱਜ ਰਾਤ ਮੈਂ ਪ੍ਰਕਾਸ਼ ਦੀ ਪੋਥੀ ਦੇ 5ਵੇਂ ਅਧਿਆਏ ਨੂੰ ਲੈਣਾ ਚਾਹੁੰਦਾ ਹਾਂ ਜੋ ਕਿ ਸੱਤਾਂ ਕਲੀਸਿਯਾਂ ਦੇ ਯੁੱਗਾਂ ਅਤੇ ਮੋਹਰਾਂ ਦੇ ਵਿਚਲੀ ਕੜੀ ਹੈ । ਅਤੇ ਮੈਂ... ਅਤੇ ਫਿਰ ਅਸੀਂ ਲਵਾਂਗੇ....

20 ਸੋਮਵਾਰ ਰਾਤ ਨੂੰ ਚਿੱਟੇ ਘੋੜੇ ਦਾ ਸਵਾਰ । ਮੰਗਲਵਾਰ ਰਾਤ ਨੂੰ ਕਾਲੇ ਘੋੜੇ ਦੇ ਸਵਾਰ ਨੂੰ ਅਤੇ ਇਸ ਤਰ੍ਹਾਂ ਅਸੀਂ ਚਾਰੋਂ ਘੋੜਿਆਂ ਦੇ ਸਵਾਰਾਂ ਨੂੰ ਵੇਖਾਂਗੇ । ਅਤੇ ਇਸ ਤੋਂ ਬਾਦ ਛੇਵੀਂ ਮੋਹਰ ਖੁੱਲਦੀ ਹੈ ।

21 ਅਤੇ ਫਿਰ ਐਤਵਾਰ ਦੀ ਸਵੇਰ ਅਰਥਾਤ ਅਗਲੇ ਐਤਵਾਰ ਦੀ ਸਵੇਰ ਜੇ ਪ੍ਰਭੂ ਦੀ ਇੱਛਾ ਹੋਈ ਤਾਂ ਅਸੀਂ ਇਸ ਇਮਾਰਤ ਵਿੱਚ ਬਿਮਾਰਾਂ ਵਾਸਤੇ ਪ੍ਰਾਰਥਨਾ ਕਰਾਂਗੇ ।

22 ਅਤੇ ਫਿਰ ਐਤਵਾਰ ਦੀ ਰਾਤ ਨੂੰ ਖਤਮ ਕਰਾਂਗੇ .... ਪ੍ਰਭੂ ਸੱਤਵੀਂ ਮੋਹਰ ਖੋਲਣ ਵਿੱਚ ਸਾਡੀ ਮੱਦਦ ਕਰੇ, ਜਿੱਥੇ ਸਿਰਫ ਇੱਕ ਛੋਟੀ ਜਿਹੀ ਹੀ ਆਇਤ ਹੈ । ਜੋ ਬਿਆਨ ਕਰਦੀ ਹੈ ਕਿ, "ਸੁਰਗ ਵਿੱਚ ਅੱਧੇ ਕੁ ਘੰਟੇ ਦੀ ਚੁੱਪਚਾਣ ਛਾ ਗਈ ।" ਉਸ ਚੁੱਪ ਦੇ ਦੁਆਰਾ ।

23 ਇਸ ਸਮੇਂ ਮੈਂ ਨਹੀਂ ਜਾਣਦਾ ਹਾਂ ਕਿ ਇਹਨਾਂ ਮੋਹਰਾਂ ਦਾ ਕੀ ਅਰਥ ਹੈ । ਜਿਵੇਂ ਕਿ ਤੁਹਾਡੇ ਵਿੱਚੋਂ ਸ਼ਇਦ ਅਨੇਕਾਂ ਨੇ ਜੋ ਇਸ ਰਾਤ ਇੱਥੇ ਹਨ, ਇਹਨਾਂ ਨੂੰ ਆਪਣੀ ਬੁੱਧੀ ਨਾਲ ਸਮਝਣਾ ਚਾਹਿਆ ਹੋਵੇਗਾ, ਉਸੇ ਤਰ੍ਹਾਂ ਮੈਂ ਵੀ ਇਹਨਾਂ ਨੂੰ ਆਪਣੀ ਬੁੱਧੀ ਨਾਲ ਸਮਝਣ ਦੀ ਬਹੁਤ ਕੋਸ਼ਿਸ਼ ਕੀਤੀ, ਪ੍ਰੰਤੂ ਕੁਝ ਵੀ ਪ੍ਰਾਪਤ ਨਹੀਂ ਹੋਇਆ । ਸਾਡੇ ਕੋਲ ਕੁਝ ਕਲੀਸਿਯਾਈ ਵਿਚਾਰ ਹਨ ਜੋ ਕਿ



ਇਸ ਪਾਸੇ ਆਪਣੇ ਆਪ ਨੂੰ ਮੌਤ ਵਿੱਚ ਸੁੱਟ ਲਿਆ ਸੀ। ਉਹ ਉੱਥੋਂ ਇੱਧਰ ਆ ਗਿਆ, ਅਤੇ ਵਾਪਸ ਪਰਤਣ ਦਾ ਕੋਈ ਰਾਹ ਨਹੀਂ ਸੀ। ਇਹ ਸੱਚ ਗੱਲ ਹੈ। ਵਾਪਸ ਪਰਤਣ ਲਈ ਉਸ ਕੋਲ ਕੋਈ ਰਾਹ ਨਹੀਂ ਸੀ।ਪ੍ਰੰਤੂ ਇਸਦੇ ਬਾਦ ਜਦ ਮਨੁੱਖ ਨੇ ਇਹ ਕੀਤਾ, ਪ੍ਰਮੇਸ਼ੁਰ ਨੇ ਉਸ ਦੀ ਥਾਂ ਇੱਕ ਲੇਲਾ ਜਾਂ ਭੇਡ ਜਾਂ ਬੱਕਰੀ ਦਾ ਬੱਚਾ ਜਾਂ ਕੁਝ ਅਜਿਹਾ ਹੀ ਸੀ, ਜਿਸਦੇ ਬਾਰੇ ਵਿੱਚ ਆਦਮ ਨੇ ਜਾਂ-ਜਾਂ ਹਾਬਲ ਨੇ ਕਿਹਾ ਸੀ,ਪ੍ਰਮੇਸ਼ੁਰ ਨੇ ਉਸ ਖਾਈ ਦੇ ਦੂਸਰੇ ਪਾਸੇ ਲਹੂ ਕਬੂਲ ਕੀਤਾ ਸੀ।

406 ਉਸ ਕਿਨਾਰੇ 'ਤੇ ਉਹ ਖੁਦਾ ਦਾ ਪੁੱਤਰ ਹੈ।ਉਹ ਖੁਦਾ ਤੋਂ ਉਤਪਨ ਹੋਇਆ ਹੈ। ਉਹ ਧਰਤੀ ਦਾ ਵਾਰਸ ਹੈ।ਉਹ ਕੁਦਰਤ ਨੂੰ ਆਪਣੇ ਵੱਸ ਵਿੱਚ ਕਰ ਸਕਦਾ। ਉਹ ਮੂੰਹੋਂ ਵਚਨ ਬੋਲ ਕੇ ਚੀਜ਼ਾਂ ਬਣਾ ਸਕਦਾ। ਕਿਉਂ? ਇਸ ਲਈ ਕਿ ਉਹ ਆਪ ਸਿਰਜਣਹਾਰ ਹੈ।ਉਹ ਪ੍ਰਮੇਸ਼ੁਰ ਤੋਂ ਉਤਪਨ ਜੋ ਹੋਇਆ ਹੈ।

407 ਪ੍ਰੰਤੂ ਜਦ ਉਸਨੇ ਉਸ ਦਾਇਰੇ ਨੂੰ ਪਾਰ ਕੀਤਾ ਤਾਂ ਉਹ ਪੁੱਤਰ ਦੇ ਅਧਿਕਾਰ ਤੋਂ ਅਲੱਗ ਹੋ ਗਿਆ ਸੀ।ਉਹ ਸੁਭਾਅ ਤੋਂ ਹੀ ਪਾਪੀ ਹੈ।ਉਹ ਸ਼ੈਤਾਨ ਦੇ ਹੱਥਾਂ ਅਤੇ ਉਸਦੀ ਅਧੀਨਤਾ ਵਿੱਚ ਹੈ।

408 ਅਤੇ ਪ੍ਰਮੇਸ਼ੁਰ ਨੇ ਬਲੀਦਾਨ ਕਬੂਲ ਕੀਤਾ ਜੋ ਕਿ ਰਸਾਇਣਕ ਰੂਪ ਵਿੱਚ ਲਹੂ ਸੀ, ਪ੍ਰੰਤੂ ਬੈਲ ਅਤੇ ਬੱਕਰੀਆਂ ਦਾ ਲਹੂ ਪਾਪਾਂ ਨੂੰ ਮਿਟਾ ਨਹੀਂ ਸਕਦਾ ਸੀ। ਇਹ ਤਾਂ ਸਿਰਫ ਪਾਪ ਨੂੰ ਢੱਕਦਾ ਹੀ ਸੀ। ਜੇਕਰ ਮੇਰੇ ਹੱਥ ਉੱਤੇ ਲਾਲ ਦਾਗ ਹੋਵੇ ਅਤੇ ਉਸਨੂੰ ਕਿਸੇ ਚਿੱਟੀ ਵਸਤੂ ਨਾਲ ਢੱਕ ਦਿੱਤਾ ਜਾਵੇ, ਤਾਂ ਇਹ ਲਾਲ ਦਾਗ ਅਜੇ ਵੀ ਉੱਥੇ ਹੀ ਹੈ।ਦੇਖਿਆ, ਉਹ ਅਜੇ ਵੀ ਉੱਥੇ ਹੀ ਹੈ।

409 ਪ੍ਰੰਤੂ ਪ੍ਰਮੇਸ਼ੁਰ ਨੇ ਸਵਰਗ ਤੋਂ ਪਾਪ ਦੇ ਧੱਬੇ ਮਿਟਾਉਣ ਲਈ ਇੱਕ ਰੰਗ ਕਾਟ ਹੇਠਾਂ ਘੱਲਿਆ।ਇਹ ਉਸਦੇ ਆਪਣੇ ਹੀ ਪੁੱਤਰ ਦਾ ਲਹੂ ਸੀ।ਤਾਂ ਕਿ ਜਦ ਸਾਡੇ ਅਸੀਂ ਆਪਣੇ ਪਾਪਾਂ ਨੂੰ ਮੰਨ ਕੇ ਉਸਦੇ ਲਹੂ ਦੇ ਰੰਗ ਕਾਟ ਦੇ ਚਸ਼ਮੇਂ ਵਿੱਚ ਸੁੱਟੇ ਜਾਂਦੇ ਹਾਂ ਤਾਂ ਫਿਰ ਉਹਨਾਂ ਨੂੰ ਦੁਬਾਰਾ ਲੱਭਣ ਦੀ ਕੋਸ਼ਿਸ਼ ਕਰੋ!ਤਾਂ ਪਾਪ ਦਾ ਰੰਗ ਜਾਂ ਧੱਬੇ ਵਿਚੋਲੇ ਦੇ ਲਹੂ ਦੁਆਰਾ ਸਮੇਂ ਵਿੱਚ ਦੀ ਲੰਘਦੇ ਹੋਏ ਠੀਕ ਉਸ ਦੋਸ਼ ਲਗਾਉਣ ਵਾਲੇ ਸ਼ੈਤਾਨ ਦੇ ਉੱਪਰ ਜਾ ਟਿੱਕਦੇ ਹਨ ਅਤੇ ਨਿਆਂ ਦੇ ਦਿਨ ਤੱਕ ਉਸੇ ਉੱਤੇ ਹੀ ਰਹਿੰਦੇ ਹਨ।

410 ਪੁੱਤਰ ਨੂੰ ਕੀ ਹੋ ਜਾਂਦਾ?ਉਹ ਪੁੱਤਰ ਫਿਰ ਦੁਬਾਰਾ ਪਿਤਾ ਦੀ ਸਿੱਧੇ ਸੰਗਤੀ ਵਿੱਚ ਆ ਕੇ ਉਸ ਖਾਈ ਦੇ ਉਸ ਪਾਸੇ ਜੀਵਨ ਵਿੱਚ ਪਹੁੰਚ ਜਾਂਦਾ ਹੈ, ਜਿੱਥੇ ਉਸਦੇ ਵਿਰੁੱਧ ਪਾਪ ਦੀ ਕੋਈ ਯਾਦ ਬਾਕੀ ਨਹੀਂ ਰਹਿੰਦੀ ਹੈ।ਹੁਣ ਉਸ ਵਿੱਚ ਕੋਈ ਧੱਬਾ ਨਜ਼ਰ ਨਹੀਂ ਆਉਂਦਾ ਹੈ।ਉਹ ਆਜ਼ਾਦ ਹੈ।ਹਾਲੇਲੂਯਾਹ ! ਉਸਦੇ ਨਾਲ ਬਿਲਕੁੱਲ ਇਸ ਤਰ੍ਹਾਂ ਹੋਇਆ ਹੈ ਜਿਸ ਤਰ੍ਹਾਂ ਕਿ ਸਿਆਹੀ ਦੇ ਨਾਲ ਹੁੰਦਾ ਹੈ ਜੋ ਫਿਰ ਸਿਆਹੀ ਸਿਆਹੀ ਨਹੀਂ ਰਹਿੰਦੀ ਹੈ, ਕਿਉਂਕਿ ਇਹ ਵੰਡ ਹੋ ਗਈ ਹੈ ਅਤੇ ਆਪਣੇ ਮੂਲ ਤੱਤਾਂ ਵਿੱਚ ਦੁਬਾਰਾ ਆ ਜਾਂਦੀ ਹੈ। ਅਤੇ ਜਦ ਪਾਪ ਨੂੰ ਮੰਨ ਲਿਆ ਜਾਂਦਾ ਹੈ ਅਤੇ ਉਸਨੂੰ ਡੁਬੋ ਦਿੱਤਾ ਜਾਂਦਾ ਹੈ ..... ਜਦ ਕੋਈ ਮਨੁੱਖ ਜਾਂ ਔਰਤ ਯਿਸੂ ਮਸੀਹ ਦੇ ਲਹੂ ਵਿੱਚ ਡੁੱਬ ਜਾਂਦੇ ਹਨ ਤਾਂ ਪਾਪ ਦੇ ਸਭ ਲੱਛਣ ਮਰ ਜਾਂਦੇ ਹਨ। ਅਤੇ ਪਾਪ ਦੇ ਸਾਰੇ ਅਣੂ ਵਾਪਿਸ ਸ਼ੈਤਾਨ ਦੇ ਕੋਲ ਚਲੇ ਜਾਂਦੇ ਹਨ ਅਤੇ ਨਿਆਂ ਦੇ ਦਿਨ ਤੱਕ ਲਈ ਉਸਦੇ ਕੋਲ ਠਹਿਰੇ ਰਹਿੰਦੇ ਹਨ ਜਿੱਥੇ ਉਸਦੀ ਅਨੰਤ ਮੰਜ਼ਿਲ ਦਾ ਨਿਯਤ ਸਥਾਨ ਉਸ ਅੱਗ ਦੀ ਝੀਲ ਵਿੱਚ ਸੁੱਟਿਆ ਜਾਣਾ ਹੋਵੇਗਾ। ਅਤੇ ਇਸ ਤਰ੍ਹਾਂ ਜੀਵਨ ਅਤੇ ਮੌਤ ਦੀ ਉਸ ਡੂੰਘੀ ਖਾਈ ਦੇ ਵਿੱਚ ਵਾਲੀ ਉਹ ਦਰਾਰ ਨੂੰ ਭਰ ਦਿੱਤਾ ਜਾਂਦਾ ਹੈ

ਆਏ? ਪ੍ਰਮਾਣੂ ਤੋਂ। ਪ੍ਰਮਾਣੂ ਕਿੱਥੋਂ ਆਏ? ਬਿਜ਼ਲੀ ਅਰਥਾਤ ਇਲੈਕਟ੍ਰੋਨਿਕਸ ਤੋਂ। ਬਿਜ਼ਲੀ ਦੀਆਂ ਲਹਿਰਾਂ ਕਿੱਥੋਂ ਆਈਆਂ?ਬ੍ਰਹਿਮੰਡ ਜਾਂ ਕੋਸਮਿਕ ਦੇ ਪ੍ਰਕਾਸ਼ ਵਿੱਚੋਂ।" ਹੁਣ ਵੇਖੋ, ਇਸ ਤਰ੍ਹਾਂ ਲੱਭਦੇ ਹੋਏ ਪਿੱਛੇ ਨੂੰ ਚੱਲਦੇ ਜਾਣ ਨਾਲ ਤੁਸੀਂ ਕੈਮਿਸਟ ਅਰਥਾਤ ਰਸਾਇਣ-ਗਿਆਨੀਆਂ ਦੁਅਰਾ ਖੋਜ਼ ਕੀਤੀਆਂ ਗੱਲਾਂ ਜਾਂ ਚੀਜ਼ਾਂ 'ਤੇ ਕਿਤੇ ਜਾ ਕੇ ਰੁੱਕ ਜਾਓਗੇ।ਅਤੇ ਜੇ ਇਹ ਇੱਕ ਵਸਤੂ ਹੈ ਅਰ ਰਚਨਾ ਕੀਤੀ ਹੋਈ ਵਸਤੂ ਹੈ ਤਾਂ ਇਸਦਾ ਰਚਨ ਵਾਲਾ ਵੀ ਹੈ, ਜਿਸਨੇ ਇਸਨੂੰ ਬਣਾਇਆ ਹੈ।

400 ਸੋ , ਤੁਸੀਂ ਇੱਥੇ ਅਚਾਨਕ ਨਹੀਂ ਹੋ।ਮੈਂ ਤੁਹਾਨੂੰ ਇੱਥੇ 12:30 ਜਾਂ 1:00 ਵਜੇ ਤੱਕ ਐਵੇਂ ਜਾਂ ਅਚਾਨਕ ਹੀ ਨਹੀਂ ਰੋਕਿਆ ਹੋਇਆ ਹੈ। " ਧਰਮੀ ਆਦਮੀ ਦੇ ਕਦਮ ਪ੍ਰਭੂ ਦੀ ਆਗਿਆ ਨਾਲ ਹੀ ਉੱਠਦੇ ਹਨ।" ਵੇਖਿਆ? ਇਸਦੇ ਪਿੱਛੇ ਕੋਈ ਕਾਰਨ ਹੈ। ਤੁਹਾਡੇ ਵਿਸ਼ਵਾਸ਼ ਕਰਨ ਦਾ ਵੀ ਕੋਈ ਕਾਰਨ ਹੈ। ਤੁਹਾਡੇ ਵਿਸ਼ਵਾਸ਼ ਨਾ ਕਰਨ ਦਾ ਵੀ ਕੋਈ ਕਾਰਨ ਹੈ। ਠੀਕ ਜਿਵੇਂ ਕਿ ਉਸ ਸਿਆਹੀ ਦੀ ਬੂੰਦ ਦੀ ਹੋਂਦ ਦਾ ਵੀ ਕੋਈ ਕਾਰਨ ਹੈ।

401 ਆਓ, ਅਸੀਂ ਇਸਦੇ ਹੋਰ ਟੁੱਕੜੇ ਕਰਕੇ ਵੇਖੀਏ।ਹੁਣ ਇਸ ਨੂੰ ਤੋੜਦੇ ਹੋਏ ਪਿੱਛੇ ਦੀ ਵੱਲ ਜਾਣ ਨਾਲ ਪਹਿਲੀ ਗੱਲ ਜੋ ਅਸੀਂ ਕਹਾਂਗੇ ..... ਅਸੀਂ ਇਸਦੀ ਵੰਡ ਪ੍ਰਮਾਣੂਆਂ ਤੱਕ ਕਰਾਂਗੇ। ਹੁਣ ਅਸੀਂ ਪ੍ਰਮਾਣੂ ਨੂੰ ਲਿਆ। ਸਮਝ ਲਓ ਕਿ ਮੈਂ 1ਅੰਸ਼ ਪ੍ਰਮਾਣੂ , 9 ਵਾਰ ਅਤੇ 12 ਵਾਰ ਪ੍ਰਮਾਣੂ ਨੂੰ ਲਿਆ ਜਿਸ ਨਾਲ ਇਹ ਬੂੰਦ ਬਣੀ ਸੀ। ਪ੍ਰੰਤੂ ਜੇ ਉੱਥੇ ਪ੍ਰਮਾਣੂ 11 ਹੁੰਦਾ ਤਾਂ ਲਾਲ ਰੰਗ ਬਣ ਜਾਂਦਾ ਜਦਕਿ ਕਾਲੇ ਰੰਗ ਲਈ ਪ੍ਰਮਾਣੂ 12 ਨੂੰ ਹੀ ਹੋਣਾ ਹੈ।

402 ਇਸ ਤੋਂ ਬਾਦ ਅਸੀਂ ਇਸਨੂੰ ਵੰਡਦੇ ਹੋਏ ਅਣੂਆਂ ਨੂੰ ਲਵਾਂਗੇ,ਇਹ ਅਣੂ 9ਦੀ 6 ਵਾਰ ਜਮਾਂ 4 ਦੀ 3, ਦਾ ਗੁਣਨਫਲ 16 ਦੀ 11 ਅਣੂ ਦੇ ਬਰਾਬਰ ਹੁੰਦਾ ਹੈ।ਅਤੇ ਜੇ ਇਹ 16 ਦੀ 12 ਹੁੰਦਾ ਤਾਂ ਤਾਂ ਇਹ ਬੈਂਗਣੀ ਰੰਗ ਦੀ ਸਿਆਹੀ ਹੁੰਦੀ। ਸਮਝੇ?ਇਸ ਤੋਂ ਬਾਦ ਤੁਸੀਂ ਇਸਨੂੰ ਵੰਡਦੇ ਹੋਏ ਥੱਲੇ ਤੱਕ ਆ ਜਾਂਦੇ ਹੋ।

403 ਇਹ ਇਸ ਚੀਜ਼ ਨੂੰ ਸਾਬਤ ਕਰਦਾ ਹੈ ਕਿ ਇਸ ਦੇ ਪਿਛੋਕੜ ਵਿੱਚ ਕੁਝ ਹੈ।ਇਹ ਤਾਂ ਇੱਕ ਸਧਾਰਣ ਸਮਝ ਦੀ ਗੱਲ ਹੈ।ਇਹ ਤਾਂ ਰਚੀ ਗਈ ਕੋਈ ਵਸਤੂ ਹੈ।ਇਸਦਾ ਰਚਨ ਵਾਲਾ ਹੋਣਾ ਹੀ ਚਾਹੀਦਾ ਹੈ।ਉਹ ਮੂਲ ਵਸਤੂ ਸ੍ਰਿਸ਼ਟੀਕਰਤਾ ਦੇ ਰਾਹੀਂ ਆਈ ਹੈ ਅਤੇ ਬਾਦ ਵਿੱਚ ਇਹਨਾਂ ਹਾਲਤਾਂ ਵਿੱਚ ਬਦਲ ਗਈ।ਹੁਣ ਵਿਗਿਆਨ ਕਿਸੇ ਪ੍ਰਮਾਣੂ ਨੂੰ ਲੈ ਕੇ ਉਸਨੂੰ B-ਸੋਲਾਂ ,ਬਾਰਾਂ. ਚੌਂਦਾ ਵਾਰ ਨਹੀ ਲੈ ਸਕਦਾ ਅਰਥਾਤ ਕੋਈ ਵੀ ਗੁਣਾ ਵਿੱਚ ਤੋੜ ਕੇ ਉਸ ਮੂਲ ਪਦਾਰਥ ਨੂੰ ਨਹੀਂ ਬਣਾ ਸਕਦਾ ਹੈ।ਪ੍ਰਮੇਸੁਰ ਨੇ ਹੀ ਇਹ ਬਣਾਇਆ ਸੀ।

404 ਹੁਣ ਉੱਥੋਂ ਸ਼ੁਰੂ ਕਰਕੇ ਥੱਲੇ ਪ੍ਰਮਾਣੂ ਤੱਕ ਆਉਣ ਤੋਂ ਬਾਦ ਹੀ ਵਿਗਿਆਨ ਇਸਨੂੰ ਫੜਨਾ ਸ਼ੁਰੂ ਕਰਦਾ ਹੈ। ਤਦ ਇਸ ਤੋਂ ਬਾਦ ਉਹ ਅਣੂਆਂ ਤੱਕ ਪਹੁੰਚਦੇ ਹਨ, ਤਦ ਉਹ ਇਸਦੇ ਬਾਰੇ ਵਿੱਚ ਥੋੜ੍ਹਾ ਜਿਹਾ ਬੇਹਤਰ ਸਮਝ ਪਾਉਂਦੇ ਹਨ।ਤਦ ਇਸ ਤੋਂ ਬਾਦ ਉਹ ਥੱਲੇ ਕਿਸੇ ਹੋਰ ਵਸਤੂ 'ਤੇ ਆਉਂਦੇ ਹਨ।ਤਦ ਇਸ ਤੋਂ ਬਾਦ ਜੋ ਪਹਿਲੀ ਗੱਲ ਆਉਂਦੀ ਹੈ, ਉਹ ਰਸਾਇਣ ਤੱਤ ਆਉਂਦੇ ਹਨ, ਅਤੇ ਵਿਗਿਆਨਕ ਇਸਨੂੰ ਮਿਲਿਆ ਜੁਲਿਆ ਪਾਉਂਦੇ ਹਨ ਜਾਂ ਇਸਤੇਮਾਲ ਕਰਦੇ ਹਨ।

405 ਹੁਣ ਵੇਖੋ, ਜਦ ਮਨੁੱਖ ਨੇ ਪਾਪ ਨਹੀਂ ਕੀਤਾ ਸੀ। ਮੈਂ ਬਸ ਹੁਣ ਗੱਲ ਖਤਮ ਕਰਨ ਵਾਲਾ ਹਾਂ, ਪ੍ਰੰਤੂ ਤੁਸੀਂ ਇਸਨੂੰ ਪਾਉਣ ਵਿੱਚ ਅਸਫਲ ਨਾ ਹੋ ਜਾਣਾ। ਜਦ ਮਨੁੱਖ ਨੇ ਪਾਪ ਕੀਤਾ ਤਾਂ ਉਸਨੇ ਆਪਣੇ ਆਪ ਨੂੰ ਖੁਦਾ ਤੋਂ ਅਲੱਗ ਕਰ ਲਿਆ ਅਤੇ ਉਸ ਮਹਾਨ ਖਾਈ ਨੂੰ ਪਾਰ ਕਰ ਲਿਆ ਅਤੇ



ਮਨੁੱਖ ਦੇ ਪੇਸ਼ ਕੀਤੇ ਹੋਏ ਹਨ , ਪਰ ਉਹ ਵਿਚਾਰ ਤਾਂ ਇਹਨਾਂ ਦੇ ਲਾਗੇ ਵੀ ਨਹੀਂ ਫਟਕਦੇ । ਅਤੇ ਜੇ ਤੁਸੀਂ ਦੇਖੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਸਨੂੰ ਤਾਂ ਪ੍ਰੇਰਣਾ ਦੁਆਰਾ ਆਉਣਾ ਚਹੀਦਾ ਹੈ । ਇਸਨੂੰ ਤਾਂ ਇੱਕਲੇ ਪ੍ਰਮੇਸ਼ੁਰ ਨੂੰ ਹੀ ਪ੍ਰਗਟ ਕਰਨਾ ਚਾਹੀਦਾ ਹੈ -ਸਿਰਫ ਪ੍ਰਮੇਸ਼ੁਰ, ਮੇਮਨਾ ਹੀ ਇੱਕ ਅਜਿਹਾ ਹੈ ਜੋ ਇਸ ਕੰਮ ਨੂੰ ਕਰ ਸਕਦਾ ਹੈ ।

ਅਤੇ ਜਿਸਦੇ ਕੋਲ ਅੱਜ ਰਾਤ ਉਹ ਛੁਟਕਾਰੇ ਦੀ ਪੋਥੀ ਹੈ ।

24 ਹੁਣ , ਜਿਸ ਕਰਕੇ ਮੈਂ ਬਿਮਾਰਾਂ ਆਦਿ ਲਈ ਪ੍ਰਾਰਥਨਾ ਸਭਾਵਾਂ ਦਾ ਐਲਾਨ ਨਹੀਂ ਕਰ ਰਿਹਾਂ ਹਾਂ ਕਿਉਂਕਿ ਮੈਂ ..... ਆਪਣੇ ਕੁਝ ਦੋਸਤਾਂ ਕੋਲ ਠਹਿਰਿਆਂ ਹੋਇਆਂ ਹਾਂ ਅਤੇ ਆਪਣੇ ਸਮੇ ਦਾ ਹਰ ਇੱਕ ਪਲ ਮੈਂ ਪ੍ਰਾਰਥਨਾ ਅਤੇ ਅਧਿਐਨ ਵਿੱਚ ਗੁਜਾਰਦਾ ਹਾਂ । ਅਤੇ ਤੁਸੀਂ ਉਸ ਦਰਸ਼ਣ ਦੇ ਬਾਰੇ ਵਿੱਚ ਜਾਣਦੇ ਹੋ ਜਿਸ ਵਿੱਚ ਉਹ ਸੱਤ ਸਵਰਗ ਦੂਤ ਉੱਡਦੇ ਹੋਏ ਉਂਦੇ ਹਨ, ਜੋ ਕਿ ਮੈਨੂੰ ਇਸ ਥਾਂ ਨੂੰ ਛੱਡਣ ਅਤੇ ਪੱਛਮ ਦੀ ਵੱਲ ਜਾਣ ਤੋਂ ਪਹਿਲਾਂ ਵਿਖਾਈ ਦਿੱਤਾ ਸੀ।ਇਸਦੇ ਬਾਰੇ ਵਿੱਚ ਤੁਸੀਂ ਥੋੜੀ ਦੇਰ ਬਾਦ ਸਮਝ ਜਾਵੋਗੇ ।

25 ਸੋ, ਹੁਣ ਜਦਕਿ ਅਸੀਂ ਇਸ ਇਮਾਰਤ ਨੂੰ ਪ੍ਰਮੇਸ਼ੁਰ ਦੀ ਸੰਗਤੀ ਲਈ ਸਮਰਪਿਤ ਕਰ ਦਿੱਤਾ ਹੈ ਜਾਂ ਅਸੀਂ ਕੁਝ ਹੀ ਮਿੰਟਾਂ ਵਿੱਚ ਇਸ ਭਵਨ ਨੂੰ ਪ੍ਰਮੇਸ਼ੁਰ ਦੀ ਸੰਗਤੀ ਲਈ ਸਮਰਪਿਤ ਕਰਨ ਜਾ ਰਹੇ ਹਾਂ ਤਾਂ ਮੈਂ ਸੋਚਦਾ ਹਾਂ ਕਿ ਸਾਨੂੰ ਇਸਨੂੰ ਇਸ ਤਰ੍ਹਾਂ ਰੱਖਣਾ ਚਾਹੀਦਾ ਹੈ । ਇਸ ਅੰਦਰ ਸਾਨੂੰ ਕਿਸੇ ਤਰ੍ਹਾਂ ਦਾ ਮੁੱਲ ਲੈਣਾ ਜਾਂ ਮੁੱਲ ਵੇਚਣਾ ਵਰਗਾ ਕੰਮ ਨਹੀਂ ਕਰਨਾ ਚਾਹੀਦਾ । ਸਾਨੂੰ ਇੱਥੇ ਭਵਨ ਅੰਦਰ ਕਿਸੇ ਵੀ ਤਰ੍ਹਾਂ ਦਾ ਵਪਾਰ ਨਹੀਂ ਕਰਨਾ ਚਾਹੀਦਾ ਜਿਵੇਂ ਕਿ ਸੇਵਾਦਾਰ ਲੋਕ ਇਸ ਅੰਦਦਰ ਪੁਸਤਕਾਂ ਆਦਿ ਵੇਚਣੀਆਂ ਸ਼ੁਰੂ ਕਰਨ ਭਾਵੇਂ ਕਿਸੇ ਵੀ ਪ੍ਰਕਾਰ ਦਾ ਲੈਣ ਦੇਣ ਕਿਉਂ ਨਾ ਹੋਵੇ, ਹੋਰ ਥਾਵਾਂ ਬਥੇਰੀਆਂ ਹਨ ਅਜਿਹੇ ਕੰਮ ਕਰਨ ਨੂੰ । ਪ੍ਰਭੂ ਦੇ ਘਰ ਵਿੱਚ ਸਾਨੂੰ ਕਦੇ ਵੀ ਵਿਉਪਾਰੀ ਕਿਸਮ ਦਾ ਲੈਣ ਦੇਣ ਨਹੀਂ ਕਰਨਾ ਚਾਹੀਦਾ । ਇਸ ਥਾਂ ਨੂੰ ਤਾਂ ਉਪਾਸਨਾ ਦੀ ਥਾਂ, ਪਵਿੱਤਰ ਥਾਂ ਤੇ ਪ੍ਰਮੇਸ਼ੁਰ ਦੀ ਹਜੂਰੀ ਵਿੱਚ ਸਮਰਪਿਤ ਹੋਈ ਥਾਂ ਹੀ ਬਣੀ ਰਹਿਣ ਦੇਣਾ ਹੈ । ਉਸਨੇ ਸਾਨੂੰ ਇਹ ਵਧੀਆ ਥਾਂ ਦਿੱਤੀ ਹੈ; ਆਓ ਅਸੀਂ ਇਸਨੂੰ ਪ੍ਰਮੇਸ਼ੁਰ ਦੇ ਹਜੂਰ ਸਮਰਪਿਤ ਅਤੇ ਇਸਦੇ ਨਾਲ ਹੀ ਆਪਣੇ ਆਪ ਨੂੰ ਵੀ ਪ੍ਰਮੇਸ਼ੁਰ ਦੇ ਅੱਗੇ ਸਮਰਪਿਤ ਕਰ ਦੇਈਏ ।

26 ਅਤੇ ਹੁਣ ਹੋ ਸਕਦਾ ਹੈ ਕਿ ਇਹ ਤੁਹਾਨੂੰ ਬੁਰਾ ਲੱਗੇ, ਇਹ ਥਾਂ ਮੇਲ ਮਿਲਾਪ ਦੀ ਨਹੀਂ ਹੈ, ਪ੍ਰੰਤੂ ਉਪਾਸਨਾ ਦੀ ਥਾਂ ਹੈ । ਸਾਨੂੰ ਇਸ ਥਾਂ ਦੇ ਅੰਦਰ ਇੱਕ ਸ਼ਬਦ ਵੀ ਵਾਧੂ ਨਹੀਂ ਬੋਲਣਾ ਚਾਹੀਦਾ ਜਿਸ ਦਾ ਸਬੰਧ ਉਪਾਸਨਾ ਨਾਲ ਨਾ ਹੋਵੇ ਜਦ ਤੱਕ ਕਿ ਇਹ ਅੱਤ ਲੋੜੀਂਦਾ ਨਾ ਹੋਵੇ। ਸਮਝੇ ? ਸਾਨੂੰ ਇੱਥੇ ਇਸ ਭਵਨ ਵਿੱਚ ਫਾਲਤੂ ਘੁੰਮਣਾ ਨਹੀਨ ਚਾਹੀਦਾ । ਸਾਨੂੰ ਇਸ ਭਵਨ ਵਿੱਚ ਭੱਜਣਾ ਨੱਠਣਾ ਨਹੀਂ ਚਾਹੀਦਾ ਅਤੇ ਨਾ ਹੀ ਬੱਚਿਆਂ ਨੂੰ ਅਜਿਹਾ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ।ਇਹਨਾਂ ਸਭ ਗੱਲਾਂ ਦਾ ਧਿਆਨ ਰੱਖਦੇ ਹੋਏ ਅਸੀਂ ਇਸਨੂੰ ਅਜਿਹਾ ਬਣਾਇਆ ਹੈ, ਅਤੇ ਸਾਨੂੰ ਇਹ ਅਹਿਸਾਸ ਨਹੀਂ ਹੋਇਆ ਕਿ ਇਹ ਇੰਨੇ ਲੰਬੇ ਸਮੇਂ ਬਾਦ ਬਣਿਆ ਹੈ । ਸੋ ਅਸੀਂ ਇਹਨਾਂ ਗੱਲਾਂ ਦਾ ਧਿਆਨ ਰੱਖ ਸਕਦੇ ਹਾਂ । ਹੁਣ ਅਸੀਂ ਇੱਥੇ ਇਹ ਗੱਲਾਂ ਕੀਤੀਆਂ ਹਨ।ਯਕੀਨਨ, ਬਹੁਤ ਸਾਰੇ ਨਵੇਂ ਲੋਕ ਹਨ।ਪਰ ਇਸ ਭਵਨ ਦੇ ਲੋਕ ਤਾਂ ਚੰਗੀ ਤਰ੍ਹਾਂ ਜਾਣਦੇ ਹਨ ਕਿ ਭਈ ਇਹ ਇਮਾਰਤ ਸਰਵ ਸ਼ਕਤੀਮਾਨ ਪ੍ਰਮੇਸ਼ੁਰ ਦੀ ਉਪਾਸਨਾ ਲਈ ਸਮਰਪਿਤ ਕੀਤੀ ਜਾ ਰਹੀ ਹੈ ।ਇਸ

ਲਈ ਆਪਣੇ ਆਪ ਨੂੰ ਸਮਰਪਿਤ ਕਰਦਿਆਂ ਇਹ ਗੱਲ ਚੇਤੇ ਰੱਖੀਏ ਕਿ ਜਦ ਕਦੇ ਅਸੀਂ ਇਸ ਪਵਿੱਤਰ ਸਥਾਨ ਵਿੱਚ ਪ੍ਰਵੇਸ਼ ਕਰੀਏ, ਇੱਕ ਦੂਜੇ ਨਾਲ ਗੱਲਾਂ ਨਾ ਕਰੀਏ ਪਰ ਪ੍ਰਮੇਸ਼ੁਰ ਦੀ ਉਪਾਸਨਾ ਕਰੀਏ ।

27 ਜੇ ਅਸੀਂ ਇੱਕ ਦੂਜੇ ਨਾਲ ਮਿਲਣਾ ਚਹੁੰਦੇ ਹਾਂ; ਤਾਂ ਅਜਿਹੇ ਸਥਾਨ ਹਨ ਜਿੱਥੇ ਅਸੀਂ ਉਹਨਾਂ ਨਾਲ ਮਿਲ ਸਕਦੇ ਹਾਂ । ਪ੍ਰੰਤੂ ਕਦੇ ਵੀ ਇਸ ਤਰ੍ਹਾਂ ਦੇ ਸਥਾਨਾਂ ਵਿੱਚ ਘੁੰਮਿਆ ਫਿਰਿਆ ਨਾ ਕਰੋ ਜਿੱਥੇ ਤੁਸੀਂ ਆਪਣੇ ਹੀ ਵਿਚਾਰਾਂ ਨੂੰ ਨਾ ਸੁਣ ਸਕੋ; ਅਤੇ ਕੁਝ ਲੋਕ ਅੰਦਰ ਆਉਣ ਅਤੇ ਉਹ ਇਹ ਵੀ ਨਾ ਜਾਣਦੇ ਹੋਣ ਕਿ ਕੀ ਕਰਨਾ ਹੈ; ਅਤੇ ਦੇਖਣ ਕਿ ਬਹੁਤ ਸ਼ੋਰ ਸ਼ਰਾਬਾ ਪਿਆ ਹੋਇਆ ਹੈ । ਇਹ ਕੇਵਲ ਮਨੁੱਖੀ ਸੁਭਾਅ ਹੈ ਅਤੇ ਮੈਂ ਇਸ ਤਰ੍ਹਾਂ ਗਿਰਜਿਆਂ ਵਿੱਚ ਦੇਖਿਆ ਹੈ, ਅਤੇ ਇਹ ਮੈਨੂੰ ਬਹੁਤ ਹੀ ਬੁਰਾ ਲੱਗਾ ਹੈ। ਕਿਉਂਕਿ ਪ੍ਰਮੇਸ਼ੁਰ ਦੇ ਪਵਿੱਤਰ ਸਥਾਨ ਵਿੱਚ ਅਸੀਂ ਇੱਕ ਦੂਸਰੇ ਨਾਲ ਮਿਲਣ ਜੁਲਣ ਨਹੀਂ ਆਉਂਦੇ ਹਾਂ ।ਅਸੀਂ ਇੱਥੇ ਪ੍ਰਮੇਸ਼ੁਰ ਦੀ ਉਪਾਸਨਾ ਕਰਨ ਆਉਂਦੇ ਹਾਂ ਅਤੇ ਇਸਦੇ ਬਾਦ ਆਪਣੇ-ਆਪਣੇ ਘਰ ਚਲੇ ਜਾਂਦੇ ਹਾਂ ।ਇਹ ਪਵਿੱਤਰ ਥਾਂ ਪ੍ਰਮੇਸ਼ੁਰ ਦੀ ਅਰਾਧਨਾ ਕਰਨ ਲਈ ਸਮਰਪਿਤ ਹੈ । ਜਦ .. ਤੁਸੀਂ ਬਾਹਰ ਖੜੇ ਹੋ , ਤਾਂ ਤੁਸੀਂ ਚਾਹੇ ਜਿੰਨੀ ਦੇਰ ਮਰਜੀ ਗੱਲਾਂ ਕਰੋ; ਜੇਕਰ ਤੁਹਾਡੀ ਗੱਲਬਾਤ ਠੀਕ ਅਤੇ ਪਵਿੱਤਰ ਹੋਵੇ । ਇੱਕ ਦੂਸਰੇ ਦੇ ਘਰ ਜਾ ਕੇ ਮਿਲੋ ।ਹੋਰ ਦੂਸਰੇ ਸਥਾਨਾਂ ਤੇ ਜਾ ਕੇ ਇੱਕ ਦੁਸਰੇ ਨਾਲ ਮੁਲਾਕਾਤ ਕਰੋ । ਪ੍ਰੰਤੂ ਜਦ ਤੁਸੀਂ ਭਵਨ ਦੇ ਬੂਹੇ ਅੰਦਰ ਪ੍ਰਵੇਸ਼ ਕਰ ਜਾਂਦੇ ਹੋ ਤਾਂ ਚੁੱਪ ਸਾਧ ਲਵੋ।

28 ਤੁਸੀਂ ਇੱਥੇ ਪ੍ਰਮੇਸ਼ੁਰ ਨਾਲ ਗੱਲਬਾਤ ਕਰਨ ਆਉਂਦੇ ਹੋ ਭਈ ਉਹ ਮੁੜ ਤੁਹਾਡੇ ਨਾਲ ਗੱਲਬਾਤ ਕਰੇ । ਪਰੇਸ਼ਾਨੀ ਦੀ ਗੱਲ ਇਹ ਹੈ ਕਿ ਅਸੀਂ ਬੋਲਦੇ ਬਹੁਤ ਹਾਂ ਪ੍ਰੰਤੂ ਬਹੁਤਾ ਸੁਣਦੇ ਨਹੀਂ ਹਾਂ । ਜਦ ਅਸੀਂ ਇੱਥੇ ਇਸ ਥਾਂ ਵਿੱਚ ਪ੍ਰਵੇਸ਼ ਕਰੋ ਉਸਦੀ ਹਜ਼ੂਰੀ ਵਿੱਚ ਠਹਿਰੇ ਰਹੋ ।

29 ਹੁਣ ਹੋ ਸਕਦਾ ਹੈ ਇਸ ਸਵੇਰ ਇੱਥੇ ਉਹ ਕੋਈ ਵੀ ਵਿਅਕਤੀ ਹਾਜਰ ਨਾ ਹੋਵੇ ਜੋ ਉਸ ਸਮੇਂ ਸੀ ਜਦ ਅਸੀਂ ਡੇਰਾ ਸਮਰਪਿਤ ਕੀਤਾ ਸੀ, ਜਦੋਂ ਮੇਜਰ ਅਲਰਿਚ ਨੇ ਸੰਗੀਤ ਵਜਾਇਆ ਸੀ ਅਤੇ ਮੈਂ ਤਿੰਨਾਂ ਸਲੀਬਾਂ ਦੇ ਪਿੱਛੇ ਇਸ ਨੂੰ ਸਮਰਪਿਤ ਕਰਨ ਲਈ ਖੜਾ ਸਾਂ । ਮੈਂ ਕਿਸੇ ਨੂੰ ਵੀ ਆਗਿਆ ਨਾ ਦਿੱਤੀ .... ਪ੍ਰਬੰਧਕ ਬੂਹੇ ਤੇ ਖੜੇ ਸਨ ਭਈ ਵੇਖਣ ਕਿ ਕੋਈ ਜਣਾ ਬੋਲੇ ਨਾ । ਜਦ ਤੁਸੀਂ ਬਾਹਰ ਆਪਣੀ ਗੱਲਬਾਤ ਕਰ ਲਵੋ । ਤਾਂ ਫਿਰ ਅੰਦਰ ਤੁਸੀਂ ਅੰਦਰ ਆਓ । ਜੇ ਤੁਸੀਂ ਚੁੱਪ-ਚਾਪ ਰਹਿਣ ਦੀ ਇੱਛਾ ਰੱਖਦੇ ਹੋ , ਤਾਂ ਤੁਸੀਂ ਵੇਦੀ ਤੇ ਆਓ ਅਤੇ ਸ਼ਾਂਤੀਪੂਰਵਕ ਦੁਆ ਕਰੋ ।ਤੁਸੀਂ ਵਾਪਿਸ ਆਪਣੇ ਸਥਾਨ ਤੇ ਜਾਓ ਅਤੇ ਆਪਣੀ ਬਾਈਬਲ ਖੋਲ ਲਓ । ਤੁਹਾਡਾ ਗੁਆਂਢੀ ਕੀ ਕਰਦਾ ਹੈ ਇਹ ਉਸਦੀ ਜੁੰਮੇਵਾਰੀ ਹੈ । ਤੁਹਾਨੂੰ ਕੁਝ ਕਹਿਣ ਦੀ ਲੋੜ ਨਹੀਂ।ਜੇ ਤੁਸੀਂ ਉਸ ਨਾਲ ਗੱਲ ਕਰਨਾ ਚਹੁੰਦੇ ਹੋ , ਤਾਂ ਕਹੋ , " ਮੈਂ ਉਸ ਨਾਲ ਬਾਹਰ ਮਿਲਾਂਗਾ ਮੈਂ ਇੱਥੇ ਪ੍ਰਭੂ ਦੀ ਅਰਾਧਨਾ ਕਰਨ ਆਇਆਂ ਹਾਂ ।" ਤੁਸੀਂ ਪ੍ਰਮੇਸ਼ੁਰ ਦਾ ਵਚਨ ਪੜੋ ਜਾਂ ਸ਼ਾਂਤੀਪੂਰਵਕ ਬੈਠੇ ਰਹੋ।

30 ਅਤੇ ਫਿਰ ਸੰਗੀਤ ..... ਭੈਣ ਗਰਟੀ ਅਤੇ ਭੈਣ ਗਿਬਜ਼ ਸੰਗੀਤ ਵਜਾਉਂਦੀਆਂ ਸਨ, ਮੈਨੂੰ ਪਤਾ ਨਹੀਂ ਇਸ ਸਵੇਰ ਭੈਣ ਗਰਟੀ ਇੱਥੇ ਹੈ ਜਾਂ ਨਹੀਂ । ਜਿੱਥੋਂ ਤੱਕ ਮੈਨੂੰ ਯਾਦ ਹੈ, ਮੇਰਾ ਵਿਸ਼ਵਾਸ਼ ਹੈ ਕਿ ਉਹ ਉੱਥੇ ਇਸ ਕੋਨੇ ਵਿੱਚ ਪਿੱਛੇ ਬੈਠਦੀ ਹੁੰਦੀ ਸੀ , ਅਤੇ ਪੁਰਾਣੇ ਪਿਆਨੋ ਉੱਤੇ ਕੋਮਲ ਢੰਗ ਨਾਲ ਇਸ ਗੀਤ ਦੀ ਧੁਨ ਵਜਾਉਂਦੀ ਹੁੰਦੀ ਸੀ , " ਉੱਥੇ ਉਸ ਸਲੀਬ ਉੱਤੇ ਮੇਰੇ ਮੁਕਤੀਦਾਤੇ ਨੇ



ਗਿਆ ਹੈ। ਅਤੇ ਇਸਦਾ ਰੰਗ ਕਾਲਾ ਹੈ। ਤੁਸੀਂ ਇਸਨੂੰ ਆਪਣੇ ਕੱਪੜਿਆਂ 'ਤੇ ਪਾਓ ਅਤੇ ਇਹ ਉਹਨਾਂ ਨੂੰ ਰੰਗ ਦੇਵੇਗੀ।

394 ਪ੍ਰੰਤੂ ਅਸੀਂ ਇੱਕ ਅਜਿਹੀ ਚੀਜ਼ ਵੀ ਬਣਾਈ ਹੈ ਜਿਸਨੂੰ ਰੰਗ ਕਾਟ ਕਹਿੰਦੇ ਹਨ।ਤੁਸੀਂ ਔਰਤਾਂ ਕਲੋਰੋਕਸ ਬਲੀਚ ਅਰਥਾਤ ਰੰਗ ਕਾਟ ਵਰਤਦੀਆਂ ਹੋ। ਠੀਕ ਹੈ, ਮੈਂ ਉਸ ਸਿਆਹੀ ਦੀ ਇੱਕ ਬੂੰਦ ਲੈਂਦਾ ਹਾਂ, ਅਤੇ ਉਸਨੂੰ ਰੰਗ ਕਾਟ ਦੇ ਇੱਕ ਟੱਬ ਵਿੱਚ ਸੁੱਟ ਦਿੰਦਾ ਹਾਂ। ਹੁਣ ਸਿਆਹੀ ਦਾ ਕੀ ਬਣਦਾ ਜਾਂ ਇਸ ਨਾਲ ਕੀ ਹੁੰਦਾ ਹੈ ?ਸਮਝੇ? ਰੰਗ ਕਾਟ ਨੂੰ ਬਣਾਇਆ ਗਿਆ ਹੈ ਇਸਦੀ ਖੋਜ ਕੀਤੀ ਗਈ ਹੈ, ਅਤੇ ਇਸਨੂੰ ਇਹਨਾਂ ਰਸਾਇਣਕ ਪਦਾਰਥਾਂ ਨੂੰ ਮਿਲਾ ਕੇ ਬਣਾਇਆ ਗਿਆ ਹੈ, ਜੋ ਇਸ ਸਿਆਹੀ ਦੇ ਤੁਪਕੇ ਜਾਂ ਬੂੰਦ ਦਾ ਰੰਗ ਏਨਾ ਉਡਾ ਦਿੰਦੇ ਹਨ ਕਿ ਤੁਸੀਂ ਉਸ ਸਿਆਹੀ ਦੀ ਬੂੰਦ ਨੂੰ ਰੰਗ ਕਾਟ ਦੇ ਟੱਬ ਵਿੱਚੋਂ ਲੱਭ ਨਹੀਂ ਸਕਦੇ ਹੋ।ਹੁਣ ਤੁਸੀਂ ਵੇਖੋ ਕਿ ਰੰਗ ਕਾਟ ਦਾ ਇੱਕ ਭਾਗ ਪਾਣੀ ਹੈ।

395 ਹੁਣ ਪਾਣੀ ਹਾਈਡ੍ਰੋਜਨ ਅਤੇ ਅਕਸੀਜ਼ਨ ਦੇ ਮੇਲ ਤੋਂ ਬਣਿਆ ਹੈ।ਹੁਣ ਹਾਈਡ੍ਰੋਜਨ ਅਤੇ ਆਕਸੀਜਨ ਦੋਨੋਂ ਹੀ ਬਹੁਤ ਭਿਆਨਕ ਧਮਾਕਾ ਕਰਨ ਵਾਲੀਆਂ ਗੈਸਾਂ ਹਨ।ਅਤੇ ਸੜ ਜਾਣ ਤੋਂ ਬਾਦ ਅਸਲ ਵਿੱਚ ਹਾਈਡ੍ਰੋਜਨ ਅਤੇ ਆਕਸੀਜਨ ਰਾਖ ਹੀ ਹੁੰਦੀਆਂ ਹਨ।ਇਹ ਠੀਕ ਗਲ ਹੈ।ਇਹ ਹੀ ਇਹ ਹਨ ਜੋ ਇਹ ਹੁੰਦੇ ਹਨ,ਇਹ ਰਸਾਇਣਕ ਰਾਖ ਜਾਂ ਸੁਆਹ ਹੁੰਦੇ ਹਨ, ਇਹ ਕੇਵਲ ਰਸਾਇਣਕ ਸੁਆਹ ਹੁੰਦੇ ਹਨ।ਹੁਣ ਤੁਸੀਂ ਇਹਨਾਂ ਨੂੰ ਇੱਕਠਿਆਂ ਨੂੰ ਮਿਲਾ ਦਿਓ ਅਤੇ ਤੁਹਾਨੂੰ ਪਾਣੀ ਪ੍ਰਾਪਤ ਹੋਵੇਗਾ। ਪ੍ਰੰਤੂ ਜਦ ਤੁਸੀਂ ਇਹਨਾਂ ਨੂੰ ਵੱਖ-ਵੱਖ ਕਰਦੇ ਹੋ ਤਾਂ ਤੁਹਾਨੂੰ ਹਾਈਡ੍ਰੋਜਨ ਅਤੇ ਆਕਸੀਜਨ ਮਿਲਦੀ ਹੈ । ਅਤੇ ਇਸ ਤਰ੍ਹਾਂ ਇਹ ਪ੍ਰਾਕਰਮ ਚੱਲਦਾ ਰਹਿੰਦਾ ਹੈ।

396 ਹੁਣ ਆਓ, ਅਸੀਂ ਲਈਏ ..... ਅਤੇ ਮੈਂ ਇਸਦੀ ਵਿਧੀ ਨਹੀਂ ਜਾਣਦਾ ਹਾਂ ।ਹੁਣ ਹੋ ਸਕਦਾ ਹੈ ਕਿ ਇੱਥੇ ਰਸਾਇਣਾਂ ਦਾ ਗਿਆਨ ਰੱਖਣ ਵਾਲਾ ਕੋਈ ਬੈਠਾ ਹੋਵੇ। ਅਤੇ ਹੁਣ ਮੈਂ ਇਸਨੂੰ ਕਹਿਣਾ ਇਸ ਲਈ ਚਹੁੰਦਾ ਹਾਂ , ਕਿਉਂਕਿ ਕੈਮਿਸਟ ਅਰਥਾਤ ਰਸਾਇਣਾਂ ਦਾ ਗਿਆਨ ਰੱਖਣ ਵਾਲੇ ਇਸਨੂੰ ਸੁਣਨਗੇ।ਮੈਂ ਇਸਦੀ ਵਿਧੀ ਨਹੀਂ ਜਾਣਦਾ ਹਾਂ । ਪ੍ਰੰਤੂ ਮੈਂ ਆਪਣੇ ਨਿਮਾਣੇ ਜਿਹੇ ਢੰਗ ਨਾਲ ਇਸਨੂੰ ਸਮਝਾਉਣਾ ਚਹੁੰਦਾ ਹਾਂ ਅਤੇ ਵਿਸ਼ਵਾਸ਼ ਕਰਦਾ ਹਾਂ ਕਿ ਪ੍ਰਮੇਸ਼ੁਰ ਆਪਣੇ ਆਪ ਨੂੰ ਇਸ ਵਿੱਚ ਪ੍ਰਗਟ ਕਰੇਗਾ।

397 ਵੇਖੋ, ਮੈਂ ਸਿਆਹੀ ਦੀ ਬੂੰਦ ਨੂੰ ਰੰਗ ਕਾਟ ਵਿੱਚ ਪਾ ਦਿੰਦਾ ਹਾਂ।ਕੀ ਹੁੰਦਾ ਹੈ? ਤੁਰੰਤ ਹੀ ਕਾਲਾ ਰੰਗ ਗਾਇਬ ਹੋ ਜਾਂਦਾ ਹੈ। ਜੇ ਤੁਸੀਂ ਚਾਹੋ ਵੀ, ਤਾਂ ਤੁਸੀਂ ਇਸਨੂੰ ਦੁਬਾਰਾ ਲੱਭ ਨਹੀਂ ਸੱਕਦੇ ਕਿਉਂਕਿ ਇਹ ਗਾਇਬ ਹੋ ਜਾਂਦਾ ਹੈ। ਤੁਸੀਂ ਇਸਨੂੰ ਫੇਰ ਕਦੇ ਨਹੀਂ ਵੇਖ ਸੱਕਦੇ। ਕੀ ਹੋਇਆ ਸੀ? ਹੁਣ, ਤੁਸੀਂ ਉਸ ਵਿੱਚੋਂ ਕੁਝ ਵੀ ਨਿੱਕਲਦਾ ਹੋਇਆ ਨਹੀਂ ਵੇਖਦੇ। ਤੁਸੀਂ ਉਸਨੂੰ ਨਹੀਂ ਵੇਖਦੇ ਹੋ। ਤੁਸੀਂ ਉਸਨੂੰ ਕਿਉਂ ਨਹੀਂ ਵੇਖਦੇ ਹੋ? ਕਿਉਂਕਿ ਇਹ ਭੱਜ ਟੁੱਟ ਚੁੱਕਾ ਹੈ।

398 ਹੁਣ, ਵਿਗਿਆਨ ਕਹੇਗਾ, " ਉਹ ਅਪਣੇ ਮੂਲ ਤੱਤਾਂ ਵਿੱਚ ਬਦਲ ਜਾਂਦੀ ਹੈ।"

399 ਤੇਜ਼ਾਬ ਕਿੱਥੋਂ ਆਏ ਸਨ?ਵੇਖੋ , ਠੀਕ ਹੈ, ਤੁਸੀਂ ਕਹਿੰਦੇ ਹੋ, " ਇਹ ਕਿਸੇ ਖਾਸ ਚੀਜ਼ ਵਿੱਚੋਂ ਆਏ ਸਨ।" ਠੀਕ ਹੈ, ਉਦਾਹਰਨ ਲਈ ਇਹ ਮੰਨ ਲੈਂਦੇ ਹਾਂ ਕਿ ਤੇਜ਼ਾਬ ਗੈਸਾਂ ਤੋਂ ਬਣਿਆ, ਪ੍ਰੰਤੂ ਗੈਸਾਂ ਕਿੱਥੋਂ ਆਈਆਂ? ਅੱਛਾ ਜੀ, ਅਸੀਂ ਕਹਾਂਗੇ, ਗੈਸਾਂ ਕਣਾਂ ਤੋਂ ਬਣੀਆਂ ਹਨ।ਇਹ ਕਣ ਕਿੱਥੋਂ

ਸਭ ਜਗ੍ਹਾ ਅਰਥ ਦੱਸਿਆ, ਅਤੇ ਮੈਨੂੰ ਮੇਰੀ ਮਾਂ ਦਾ ਜਾਣਾ ਅਤੇ ਇਸੇ ਤਰ੍ਹਾਂ ਦੀਆਂ ਗੱਲਾਂ ਨੂੰ ਵਿਖਾਇਆ ਗਿਆ ਸੀ।ਅਤੇ ਵਾਪਿਸ ਆ ਕੇ ਮੈਂ ਪਹਿਲਾਂ ਹੀ ਤੁਹਾਨੂੰ ਸਾਰੀਆਂ ਗੱਲਾਂ ਦੱਸ ਦਿੱਤੀਆਂ ਸਨ, ਅਤੇ ਇਹ ਬਿਲਕੁੱਲ ਉਸੇ ਹੀ ਤਰ੍ਹਾਂ ਹੋਇਆ ਜਿਵੇਂ ਖੁਦਾ ਨੇ ਦੱਸਿਆ ਸੀ ਕਿ ਇਹ ਹੋਵੇਗਾ।ਸਮਝ ਲੱਗੀ?

388 ਅਤੇ ਯੂਹੰਨਾ ਵੀ ਬਾਹਰ ਨਿੱਕਲ ਕੇ ਆਇਆ ਅਤੇ ਉਸਨੇ ਕਬੂਲ ਕੀਤਾ ਸੀ।ਉਸਨੇ ਕਿਹਾ ਸੀ, "ਕਿ ਉਹ ਮਸੀਹ ਨਹੀਂ ਹੈ। ਪ੍ਰੰਤੂ ਮੈਂ ਜੰਗਲ ਵਿੱਚ ਪੁਕਾਰਨ ਵਾਲੇ ਦੀ ਅਵਾਜ਼ ਹਾਂ।"

389 ਅਤੇ ਉਸਦੇ ਉਹੀ ਚੇਲਿਆਂ ਨੇ ਪੁੱਛਿਆ, " ਫਿਰ ਗ੍ਰੰਥੀ ਕਿਉਂ ਆਖਦੇ ਹਨ ਕਿ , ਵਚਨ ..... ਸਿਖਾਉਂਦਾ ਹੈ ਕਿ ਏਲੀਯਾਹ ਦਾ ਪਹਿਲਾਂ ਆਉਣਾ ਜਰੂਰ ਹੈ? ਵੇਖਿਆ? ਪ੍ਰਮੇਸ਼ੁਰ ਦੀ ਸਾਦਗੀ ਅੱਗੇ ਵੱਧਦੀ ਹੈ, ਅਤੇ ਲੋਕਾਂ ਦੇ ਸਿਰਾਂ ਦੇ ਉੱਪਰ ਦੀ ਲੰਘ ਜਾਂਦੀ ਹੈ।

390 ਆਓ ਮੈਨੂੰ ਇੱਕ ਗੱਲ ਹੋਰ ਲੈਣ ਦਿਓ, ਅਤੇ ਫਿਰ ਮੈਂ ਬੰਦ ਕਰਾਂਗਾ। ਮੈਂ ਪ੍ਰਮੇਸ਼ੁਰ ਦੀ ਸਹਾਇਤਾ ਨਾਲ ਇਹ ਦੱਸਾਂਗਾ ਜਾਂ ਕਰਾਂਗਾ। ਸਮਝੇ? ਵੇਖਿਆ? ਆਓ, ਹੁਣ ਅਸੀਂ ਇਸਨੂੰ ਸਮਝਦੇ ਹਾਂ।ਮੈਨੂੰ ਅਫਸੋਸ ਹੈ ਕਿ ਮੈਂ ਤਦ ਤੁਹਾਨੂੰ ਦੱਸਿਆ ਸੀ ਕਿ ਮੈਂ ਚਲਾ ਜਾਵਾਂਗਾ ,ਅਤੇ ਤਦ ..... ਵੇਖੋ। ਮੈਨੂੰ ਅਫਸੋਸ ਹੈ ਕਿ ਮੈਂ ਤੁਹਾਨੂੰ ਇੱਥੇ ਇੰਨੀ ਦੇ ਬਿਠਾਈ ਰੱਖਿਆ ਹੈ। ਪ੍ਰੰਤੂ ਕੁਝ ਹੀ ਘੰਟਿਆਂ ਬਾਦ ਅਸੀਂ ਫਿਰ ਵਾਪਿਸ ਆਵਾਂਗੇ।

ਵੇਖੋ, ਅਸੀਂ ਸਿਆਹੀ ਦੀ ਇੱਕ ਸਾਦਾ ਜਿਹੀ ਛੋਟੀ ਜਿਹੀ ਬੂੰਦ ਲੈਂਦੇ ਹਾਂ।

391 ਸਭ ਚੀਜ਼ਾਂ ਕਿਸੇ ਉਦੇਸ਼ ਲਈ ਹਨ।ਤੁਸੀਂ ਇਸ ਸਵੇਰ ਇੱਥੇ ਕਿਸੇ ਉਦੇਸ਼ ਲਈ ਇੱਕਠੇ ਹੋਏ ਹੋ।ਚਾਰਲੀ,ਨੇਵਿਲ ਮੈਂ ਤੁਹਾਡੇ ਘਰ ਖਾਣਾ ਖਾਧਾ, ਤੁਸੀਂ ਮੇਰੇ ਲਈ ਕਿਸੇ ਖਾਸ ਉਦੇਸ਼ ਲਈ ਭੋਜਨ ਬਣਾਇਆ। ਮੈਂ ..... ਸੱਭੋ ਕੁਝ ਹੀ ਕਿਸੇ ਖਾਸ ਉਦੇਸ਼ ਲਈ ਹੈ।ਇਸ ਗਿਰਜੇ ਨੂੰ ਕਿਸੇ ਖਾਸ ਉਦੇਸ਼ ਲਈ ਖੜਾ ਕੀਤਾ ਗਿਆ ਹੈ।ਬਿਨਾਂ ਕਾਰਨ ਅਤੇ ਬਿਨਾਂ ਉਦੇਸ਼ ਕੁਝ ਵੀ ਨਹੀਂ ਹੈ।

392 ਆਓ, ਹੁਣ ਅਸੀਂ ਸਿਆਹੀ ਦੀ ਸਧਾਰਨ ਜਿਹੀ ਇੱਕ ਬੂੰਦ ਲਈਏ। ਕੀ ਤੁਸੀਂ ਮੈਨੂੰ ਸੁਣ ਰਹੇ ਹੋ? [ਸੰਗਤ ਆਖਦੀ ਹੈ, "ਆਮੀਨ"-ਸੰਪ] ਆਓ, ਹੁਣ ਅਸੀਂ ਸਿਆਹੀ ਦੀ ਇੱਕ ਸਧਾਰਨ ਜਿਹੀ ਬੂੰਦ ਨੂੰ ਲਈਏ ਅਤੇ ਵੇਖੀਏ। ਇਹ ਕੀ ਹੈ?ਇਹ ਸਿਆਹੀ ਦੀ ਇੱਕ ਬੂੰਦ ਹੈ।ਇਹ ਕਿੱਥੋਂ ਆਈ ਹੈ?ਠੀਕ ਹੈ। ਆਓ ਹੁਣ ਇਸ ਸਿਆਹੀ ਦੀ ਇੱਕ ਬੂਦ ਨੂੰ ਲਈਏ, ਕਹਿੰਦੇ ਹਾਂ ਕਿ ਇਹ ਕਾਲੀ ਸਿਆਹੀ ਹੈ।ਹੁਣ ਵੇਖੋ ਕਿ ਇਸ ਸਿਆਹੀ ਦਾ ਇੱਕ ਉਦੇਸ਼ ਹੈ।ਇਹ ਕਿਸੇ ਬੰਦੀ ਘਰ ਵਿੱਚੋਂ ਮੇਰੇ ਲਈ ਖਿਮਾ ਲਿਖ ਸੱਕਦੀ ਹੈ। ਇਸ ਨਾਲ ਮੇਰੀ ਮੌਤ ਦੀ ਸਜਾ ਦੀ ਮਾਫੀ ਲਿਖੀ ਜਾ ਸੱਕਦੀ ਹੈ। ਇਹ ਠੀਕ ਹੈ।ਇਹ ਯੂਹੰਨਾ 3:16 ਲਿਖ ਸੱਕਦੀ ਹੈ ਅਤੇ ਇਸ ਉੱਤੇ ਵਿਸ਼ਵਾਸ਼ ਕਰਨ ਦੇ ਰਾਹੀਂ ਮੇਰਾ ਆਤਮਾ ਬਚ ਸਕਦਾ ਹੈ।ਕੀ ਇਹ ਠੀਕ ਹੈ? ["ਆਮੀਨ।"] ਜਾਂ, ਇਹ ਮੇਰੀ ਮੌਤ ਦਾ ਆਗਿਆ ਪੱਤਰ ਲਿਖ ਸਕਦੀ ਹੈ। ਸਮਝੇ? ਇਹ ਮੈਨੂੰ ਨਿਆਂ ਜਾਂ ਅਦਾਲਤ ਵਿੱਚ ਦੋਸ਼ੀ ਠਹਿਰਾ ਸੱਕਦੀ ਹੈ।ਇਹ ਇੱਕ ਉਦੇਸ਼ ਲਈ ਹੈ।ਕੀ ਇਹ ਠੀਕ ਹੈ? ["ਆਮੀਨ।"]

393 ਠੀਕ ਹੈ, ਆਓ ਉਸ ਸਿਆਹੀ ਦੀ ਛੋਟੀ ਜਿਹੀ ਬੂੰਦ ਨੂੰ ਵੇਖੀਏ ਭਈ ਉਹ ਕਿੱਥੋਂ ਆਈ ਹੈ।ਹੁਣ ਵੇਖੋ, ਇਹ ਸਿਆਹੀ ਹੈ, ਅਤੇ ਕਈ ਤਰ੍ਹਾਂ ਦੇ ਰਸਾਇਣਾਂ ਨੂੰ ਮਿਲਾ ਕੇ ਇਸਨੂੰ ਬਣਾਇਆ



ਆਪਣਾ ਬਲੀਦਾਨ ਦਿੱਤਾ ।" ਅਤੇ ਜਦ ਤੱਕ ਸਭਾ ਦਾ ਸਮਾਂ ਨਹੀਂ ਸੀ ਹੋ ਜਾਂਦਾ ਇਹ ਮਿੱਠਾ ਅਤੇ ਕੋਮਲ ਸੰਗੀਤ ਵਜਾਇਆ ਜਾਂਦਾ ਸੀ । ਗੀਤਾਂ ਦਾ ਆਗੂ ਖੜਾ ਹੋ ਜਾਂਦਾ ਸੀ ਅਤੇ ਕੁਝ ਸੰਗਤੀ ਕੋਲੋਂ ਗੀਤ ਗਵਾਇਆ ਕਰਦਾ ਸੀ । ਅਤੇ ਇਸ ਤੋਂ ਬਾਅਦ ਜੇ ਕੋਈ ਖਾਸ ਜਾਂ ਵਿਸ਼ੇਸ਼ ਵਿਅਕਤੀ ਗੀਤ ਗਾਉਣਾ ਚਾਹੁੰਦਾ ਸੀ ਤਾਂ ਉਹ ਇਸਨੂੰ ਵੀ ਗਾਇਆ ਕਰਦੇ ਸਨ । ਪ੍ਰੰਤੂ ਕਦੇ ਵੀ ਚਲਦੀ -ਫਿਰਦੀ ਕਿਸਮ ਦੇ ਗੀਤ ਨਹੀਂ ਗਾਏ ਜਾਂਦੇ ਸਨ ।ਅਤੇ ਇਸ ਤੋਂ ਬਾਦ ਸੰਗੀਤ ਲਗਾਤਾਰ ਵੱਜਦਾ ਰਹਿੰਦਾ ਸੀ, ਅਤੇ ਜਦ ਮੈਂ ਉਸਨੂੰ ਸੁਣਦਾ ਤਾਂ ਮੈਨੂੰ ਪਤਾ ਲੱਗ ਜਾਂਦਾ ਕਿ ਇਹ ਮੇਰੇ ਬਾਹਰ ਆਉਣ ਦਾ ਸਮਾਂ ਹੈ ।

31 ਜਦ ਕੋਈ ਸੇਵਕ ਪ੍ਰਾਰਥਨਾ ਵਿੱਚ ਮਗਨ ਅਤੇ ਪਵਿੱਤਰ ਆਤਮਾ ਨਾਲ ਭਰਪੂਰ ਹੋ ਕੇ ਸੰਗਤ ਵਿੱਚ ਆਉਂਦਾ ਹੈ ਤਾਂ, ਜਾਣ ਲਓ ਭਈ ਤੁਸੀਂ ਸੁਰਗੀ ਬਾਣੀ ਜਰੂਰ ਹੀ ਸੁਣਨ ਵਾਲੇ ਹੋ । ਤੁਸੀਂ ਇਸ ਨੂੰ ਕਿਸੇ ਵੀ ਢੰਗ ਨਾਲ ਅਣ-ਸੁਣਿਆ ਨਹੀਂ ਕਰ ਸਕਦੇ ।ਪ੍ਰੰਤੂ ਜੇ ਤੁਸੀਂ ਅਜਿਹੀ ਸੰਗਤ ਵਿੱਚ ਜਾਓ ਜਿੱਥੇ ਬਹੁਤ ਹੀ ਰੋਲਾ ਰੱਪਾ ਪੈ ਰਿਹਾ ਹੈ ਤਾਂ ਤੁਸੀ ਗੜਬੜ ਵਿੱਚ ਪੈ ਜਾਂਦੇ ਹੋ ਅਤੇ ਪਵਿੱਤਰ ਆਤਮਾ ਦੁਖੀ ਹੁੰਦਾ ਹੈ । ਅਤੇ ਅਸੀਂ ਇਹ ਨਹੀਂ ਚਾਹੁੰਦੇ ਹਾਂ ।ਅਸੀਂ ਇੱਥੇ ਸੰਗਤੀ ਕਰਨ ਆਉਣਾ ਚਹੁੰਦੇ ਹਾਂ । ਮੈਂ ਬਸ ਥੋੜੀ ਦੇਰ ਵਿੱਚ ਹੀ ਸੰਦੇਸ਼ ਪ੍ਰਚਾਰ ਕਰਨ ਵਾਲਾ ਹਾਂ ।ਸਾਡੇ ਕੋਲ ਸੁੰਦਰ-ਸੁੰਦਰ ਘਰ ਹਨ ਜਿੱਥੇ ਅਸੀਂ ਆਪਣੇ ਮਿੱਤਰਾਂ ਨਾਲ ਮੁਲਾਕਾਤ ਕਰ ਸਕਦੇ ਹਾਂ, ਉਹਨਾਂ ਨੂੰ ਘਰ ਲਿਜਾ ਸਕਦੇ ਹਾਂ । ਪ੍ਰੰਤੂ ਇਹ ਪ੍ਰਭੂ ਦਾ ਘਰ ਹੈ ।

32 ਹੁਣ ਇੱਥੇ ਛੋਟੇ-ਛੋਟੇ ਬੱਚੇ ਹਨ ਅਸੀਂ ਜਾਣਦੇ ਹਾਂ ਭਈ ਉਹਨਾਂ ਨੂੰ ਕੁਝ ਵੀ ਪਤਾ ਨਹੀਂ ਹੁੰਦਾ ਹੈ ਉਹਨਾਂ ਨੂੰ ਇੱਕੋ ਗੱਲ ਦਾ ਪਤਾ ਹੈ ਕਿ ਜਿਹੜੀ ਵੀ ਚੀਜ਼ ਮੰਗਣੀ ਹੈ, ਰੋ ਕੇ ਮੰਗਣੀ ਹੈ, ਕਦੇ ਇਹ ਪੀਣ ਵਾਲਾ ਪਾਣੀ ਹੁੰਦਾ ਹੈ ਤੇ ਕਦੇ ਇਹ ਨਿਰਾ ਧਿਆਨ ਹੀ ਚਹੁੰਦੇ ਹਨ । ਸੋ ਅਸੀਂ ਪ੍ਰਮੇਸ਼ੁਰ ਦੀ ਕਿਰਪਾ ਨਾਲ ਉਹਨਾਂ ਵਾਸਤੇਇੱਕ ਕਮਰਾ ਵੱਖਰਾ ਸਮਰਪਿਤ ਕੀਤਾ ਹੋਇਆ ਹੈ, ਜੋ ਕਿ ਠੀਕ ਮੇਰੇ ਸਾਹਮਣੇ ਹੈ ਸੂਚੀ ਵਿੱਚ ਇਸਨੂੰ ਕਰਾਈ ਰੂਮ ਕਿਹਾ ਗਿਆ ਹੈ ਅਰਥਾਤ ਰੋਣ ਦਾ ਕਮਰਾ । ਦੂਸਰੇ ਲਫਜ਼ਾਂ ਵਿੱਚ ਇਹ ਉਹ ਕਮਰਾ ਹੈ ਜਿੱਥੇ ਮਾਂਵਾਂ ਆਪਣਿਆਂ ਬੱਚਿਆਂ ਨੂੰ ਲਿਜਾ ਸਕਦੀਆਂ ਹਨ ।

33 ਹੁਣ ਜਦ ਮੈਂ ਇੱਥੇ ਪੁਲਪਿਟ ਤੇ ਹੁੰਦਾ ਹਾਂ, ਤਾਂ ਮੈਨੂੰ ਬੱਚਿਆਂ ਦੇ ਰੋਣ ਨਾਲ ਕੋਈ ਵੀ ਪ੍ਰੇਸ਼ਾਨੀ ਨਹੀਂ ਹੁੰਦੀ ਹੈ; ਹੋ ਸਕਦਾ ਹੈ ਕਿ ਮੈਂ ਇਸ ਰੋਣ ਉੱਤੇ ਕੋਈ ਧਿਆਨ ਹੀ ਨਹੀਂ ਦਿੰਦਾ ਹਾਂ; ਕਿਉਂਕਿ ਮੈਂ ਮਸਹ ਥੱਲੇ ਹੁੰਦਾ ਹਾਂ । ਪ੍ਰੰਤੂ ਜੋ ਲੋਕ ਇੱਥੇ ਸਭਾ ਵਿੱਚ ਵਚਨ ਸੁਣਨ ਲਈ ਆਉਂਦੇ ਹਨ ਜੋ ਉਹਨਾਂ ਦੇ ਕੋਲ ਬੈਠੇ ਹੁੰਦੇ ਹਨ, ਉਹਨਾਂ ਤੇ ਬੁਰਾ ਪ੍ਰਭਾਵ ਜਰੂਰ ਪੈਂਦਾ ਹੈ । ਸੋ ਇਸ ਲਈ ਹੇ ਮਾਂਤਾਓ ਜੇ ਤੁਹਾਡੇ ਬੱਚੇ ਰੋਣ ਜਾਂ ਚੀਕਣਾ ਸ਼ੁਰੂ ਕਰਦੇ ਹਨ; ਤਾਂ ਤੁਸੀਂ ਉਹਨਾਂ ਨੂੰ ਰੋਕ ਨਹੀਂ ਸੱਕਦੀਆਂ ਹੋ । ਤੁਸੀਂ ਇਹ ਕਦੇ ਨਾ ਕਹਿਣਾ ਮੈਂ ਇਸਨੂੰ ਮੁੜ ਇੱਥੇ ਕਦੇ ਨਾ ਲੈ ਕੇ ਅਵਾਂਗੀ । ਸਗੋਂ ਤੁਹਾਨੂੰ ਉਸਨੂੰ ਲੈ ਕੇ ਆਉਣਾ ਚਾਹੀਦਾ ਹੈ । ਇੱਕ ਸੱਚੀ ਮਾਂ ਤਾਂ ਜਰੂਰ ਆਪਣੇ ਬੱਚੇ ਨੂੰ ਗਿਰਜੇ ਵਿੱਚ ਲਿਆਵੇਗੀ, ਤੇ ਇਹ ਕੰਮ ਹੈ ਜੋ ਤੁਹਾਨੂੰ ਜਰੂਰ ਹੀ ਕਰਨਾ ਚਾਹੀਦਾ ਹੈ।

34 ਅਤੇ ਸਾਡੇ ਕੋਲ ਇੱਥੇ ਇੱਕ ਅਜਿਹਾ ਕਮਰਾ ਹੈਗਾ ਜਿੱਥੋਂ ਤੁਸੀਂ ਭਵਨ ਦੇ ਹਰੇਕ ਕੋਨੇ ਨੂੰ ਅਤੇ ਪੂਰੀ ਸੰਗਤ ਨੂੰ ਦੇਖ ਸਕਦੇ ਹੋ । ਅਤੇ ਉਸ ਕਮਰੇ ਵਿੱਚ ਇੱਕ ਸਪੀਕਰ ਵੀ ਲੱਗਾ ਹੋਇਆ

ਹੈ ਜਿਸਦੇ ਰਾਹੀਂ ਤੁਸੀਂ ਅਵਾਜ਼ ਨੂੰ ਆਪਣੀ ਲੋੜ ਮੁਤਾਬਕ ਘੱਟ-ਵੱਧ ਕਰ ਸਕਦੀਆਂ ਹੋ; ਉਸ ਕਮਰੇ ਦੇ ਨਾਲ ਹੀ ਬਾਥਰੂਮ ਬਣਿਆ ਹੋਇਆ ਹੈ ਤੇ ਨਾਲੇ ਪਾਣੀ ਆਦਿ ਦਾ ਵੀ ਸਾਰਾ ਪ੍ਰਬੰਧ ਹੈ, ਅਤੇ ਮਾਂਵਾਂ ਦੀ ਸੁਵਿਧਾ ਲਈ ਸਭ ਕੁਝ ਹੈ ।ਕਮਰੇ ਵਿੱਚ ਕੁਰਸੀਆਂ ਅਤੇ ਹੋਰ ਸਭ ਚੀਜ਼ਾਂ ਹਨ, ਤੁਸੀਂ ਉੱਥੇ ਬੈਠ ਸਕਦੇ ਹੋ । ਅਤੇ ਜੇ ਬੱਚੇ ਦੇ ਕੱਪੜੇ ਬਦਲਣ ਦੀ ਜਰੂਰਤ ਪਵੇ ਤਾਂ ਅਜਿਹੀ ਥਾਂ ਵੀ ਹੈਗੀ ਹੈ ।ਉੱਥੇ ਇਹ ਸਭ ਚੀਜ਼ਾਂ ਬਣੀਆਂ ਹੋਈਆਂ ਹਨ।

35 ਫਿਰ ਕਈ ਵਾਰ ਅਜਿਹਾ ਦੇਖਿਆ ਗਿਆ ਹੈ ਕਿ ਅੱਲ੍ਹੜ ਉਮਰ ਦੇ ਬੱਚੇ ਤੇ ਕਦੇ-ਕਦੇ ਵੱਡੇ ਬੱਚੇ ਵੀ ....... ਤੁਸੀਂ ਜਾਣਦੇ ਹੋ, ਜਵਾਨ ਬੱਚੇ ਵੀ ਗਿਰਜੇ ਵਿੱਚ ਰੁੱਕੇ ਫੜਾਉਣਗੇ ਜਾਂ ਇਸ਼ਾਰੇ ਕਰਨਗੇ । ਹੁਣ ਤੁਸੀਂ ਇਹ ਜਾਣਨ ਲਈ ਕਾਫੀ ਸਿਆਣੇ ਹੋ ਚੁੱਕੇ ਹੋ ਕਿ ਇਹ ਗਲਤ ਹੈ । ਸਮਝੇ? ਤੁਹਾਨੂੰ ਇਹ ਸਭ ਕਰਨ ਲਈ ਇੱਥੇ ਨਹੀਂ ਆਉਣਾ ਚਾਹੀਦਾ ...... ਜੇ ਤੁਸੀਂ ਆਸ ਰੱਖਦੇ ਹੋ ਕਿ ਮੈਂ ਇੱਕ ਦਿਨ ਸੱਚਾ ਮਨੁੱਖ ਬਣਨਾ ਹੈ ਤੇ ਪ੍ਰਮੇਸ਼ੁਰ ਦੇ ਰਾਜ ਵਾਸਤੇ ਇੱਕ ਪਰੀਵਾਰ ਖੜਾ ਕਰਨਾ ਹੈ ਤਾਂ ਇਸ ਦਾ ਮੁੱਢ ਹੀ ਠੀਕ ਬੰਨ੍ਹੋ। ਹੁਣ ਤੋਂ ਹੀ ਠੀਕ ਕੰਮ ਕਰੋ, ਠੀਕ ਚੱਲੋ ।

36 ਇਸ ਸਮੇਂ ਇਸ ਭਵਨ ਦੇ ਕੋਨਿਆਂ ਵਿੱਚ ਪ੍ਰਬੰਧਕ ਖੜੇ ਹਨ ।ਅਤੇ ਜੇ ਅਜਿਹਾ ਕੁਝ ਹੋ ਰਿਹਾ ਹੈ ਤਾਂ ਉਹ ਇਸ ਦੇ ਲਈ ਨਿਯੁਕਤ ਕੀਤੇ ਗਏ ਹਨ, ਉਹਨਾਂ ਦਾ ਇਹ ਫਰਜ਼ ਹੈ ਕਿ ਉਹ ਇਸਨੂੰ ਰੋਕਣ । ਅਤੇ ਟਰੱਸਟੀ ਅੱਗੇ ਬੈਠੇ ਹੋਏ ਹਨ, ਕਿ ਜੇ ਕੋਈ ਗਲਤ ਹਰਕਤ ਕਰਦਾ ਹੈ ਤਾਂ ਉਨ੍ਹਾਂ ਨੂੰ ਇਹ ਅਧਿਕਾਰ ਹੈ ਕਿ ਉਹ ਉਸ ਵਿਅਕਤੀ ਨੂੰ ਚੁੱਪ-ਚਾਪ ਰਹਿਣ ਲਈ ਕਹਿਣ।

37 ਜੇ ਉਹਨਾਂ ਦੇ ਦਿਲਾਂ ਵਿੱਚ ਇਸ ਥਾਂ ਦੇ ਲਈ ਇਸ ਤਰ੍ਹਾਂ ਦਾ ਆਦਰ ਨਹੀਂ ਹੈ, ਤਾਂ ਠੀਕ ਇਹੀ ਹੋਵੇਗਾ ਕਿ ਕੋਈ ਹੋਰ ਉਹਨਾਂ ਦੀ ਥਾਂ ਤੇ ਬੈਠ ਜਾਵੇ, ਕਿਉਂਕਿ ਇੱਥੇ ਕੋਈ ਹੋਰ ਵੀ ਹੈ ਜੋ ਸੁਣਨਾ ਚਾਹੁੰਦਾ ਹੈ। ਕੋਈ ਇੱਥੇ ਇਸੇ ਉਦੇਸ਼ ਲਈ ਆਇਆ ਹੈ ਕਿ ਸੁਣੇ । ਅਤੇ ਇਹ ਹੀ ਹੈ ਕਿ ਅਸੀਂ ਇੱਥੇ ਸੁਣਨ ਲਈ ਆਏ ਹਾਂ, ਅਸੀਂ ਇੱਥੇ ਪ੍ਰਭੂ ਦਾ ਵਚਨ ਸੁਣਨ ਆਏ ਹਾਂ । ਅਤੇ ਸਾਰੇ ਪ੍ਰਮੇਸ਼ੁਰ ਦਾ ਵਚਨ ਸੁਣਨਾ ਚਾਹੁੰਦੇ ਹਨ, ਅਤੇ ਇਹ ਚਾਹੁੰਦੇ ਹਨ ਕਿ ਜਿੰਨਾ ਵੀ ਹੋ ਸਕੇ ਲੋਕ ਸ਼ਾਂਤ ਬਣੇ ਰਹਿਣ ।ਇਹ ਅਜਿਹਾ ਝੁੰਡ ਨਹੀਂ ਹੈ ਜਿੱਥੇ ਰੋਲਾ ਰੱਪਾ ਜਾਂ ਬਾਤਚੀਤ ਚੱਲਦੀ ਰਹੇ ।

38 ਅਸਲ ਵਿੱਚ ਹੀ ਕੋਈ ਪ੍ਰਭੂ ਦੀ ਅਰਾਧਨਾ ਕਰ ਰਿਹਾ ਹੈ -ਇਸੇ ਹੀ ਤਰ੍ਹਾਂ ਦੀ ਉਮੀਦ ਕੀਤੀ ਵੀ ਜਾਂਦੀ ਹੈ ।ਅਜਿਹਾ ਹੀ ਹੋਣਾ ਵੀ ਚਾਹੀਦਾ ਹੈ ।ਇਸੇ ਹੀ ਕਾਰਨ ਕਰਕੇ ਤੁਸੀਂ ਇੱਥੇ ਹੋ; ਤੁਸੀ ਇੱਥੇ ਪ੍ਰਭੂ ਦੀ ਅਰਾਧਨਾ ਕਰਨ ਨੂੰ ਹੋ । ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਸੀਂ ਪ੍ਰਮੇਸ਼ੁਰ ਦੀ ਮਹਿਮਾ ਕਰਨਾ ਚਹੁੰਦੇ ਹੋ ਜਾਂ ਤੁਸੀ ਜ਼ੋਰ-ਜ਼ੋਰ ਨਾਲ ਜੈ-ਜੈ ਕਾਰ ਕਰਨੀ ਚਾਹੁੰਦੇ ਹੋ, ਤਾਂ ਤੁਸੀਂ ਅਜਿਹਾ ਜਰੂਰ ਕਰੋ, ਕਿਉਂਕਿ ਤੁਸੀਂ ਇੱਥੇ ਇਸੇ ਲਈ ਆਉਂਦੇ ਹੋ । ਪ੍ਰੰਤੂ ਜੇ ਤੁਸੀਂ ਗੱਲਾਂ ਕਰ ਰਹੇ ਹੁੰਦੇ ਹੋ ਜਾਂ ਇੱਕ ਦੂਸਰੇ ਨੂੰ ਰੁੱਕੇ ਫੜਾਂਉਦੇ ਫਿਰੋ ਤਾਂ ਕੋਈ ਵੀ ਉਪਾਸਨਾ ਨਹੀਂ ਕਰ ਸਕਦਾ ਹੈ, ਇਸ ਤਰ੍ਹਾਂ ਕਰਕੇ ਤੁਸੀਂ ਕਿਸੇ ਦੂਸਰੇ ਨੂੰ ਵੀ ਉਪਾਸਨਾ ਨਹੀਂ ਕਰਨ ਦਿੰਦੇ ਹੋ । ਦੇਖਿਆ ? ਇਸ ਲਈ ਅਸੀਂ ਸਮਝਦੇ ਹਾਂ ਕਿ ਅਜਿਹਾ ਕਰਨਾ ਗਲਤ ਹੋਵੇਗਾ ।ਅਸੀਂ ਆਪਣੇ ਇਸ ਗਿਰਜੇ, ਇਸ ਭਵਨ ਇਸ ਸੰਗਤੀ ਲਈ ਇਸ ਬਾਰੇ ਵਿੱਚ ਨਿਯਮ ਬਣਾ ਕੇ ਦੇਣਾ ਚਾਹੁੰਦੇ ਹਾਂ ਕਿ ਇਹ ਭਵਨ, ਇਹ ਕਲੀਸਿਯਾ ਪ੍ਰਮੇਸ਼ੁਰ ਦੇ ਰਾਜ ਅਤੇ ਵਚਨ ਦੇ ਪ੍ਰਚਾਰ ਲਈ ਸਮਰਪਿਤ ਕੀਤੀ ਜਾਵੇ । ਪ੍ਰਾਰਥਨਾ ਕਰਨਾ । ਅਰਾਧਨਾ ਕਰਨਾ । ਇਸੇ ਲਈ ਹੀ ਤੁਹਾਨੂੰ ਇੱਥੇ ਆਉਣਾ ਚਾਹੀਦਾ ਹੈ ।



382 ਉਹ ਕਹੇਗਾ, " ਉਹ ਤਾਂ ਹੋ ਵੀ ਚੁੱਕਾ,ਅਤੇ ਤੁਸੀਂ ਜਾਣਦੇ ਹੀ ਨਹੀਂ।" ਸਮਝੇ? ਇਹ ਖ਼ੁਦਾ ਦਾ ਸਾਦਗੀ ਵਿੱਚ ਛਿਪਿਆ ਰਹਿਣਾ ਹੈ।ਔਹ, ਪ੍ਰਭੂ , ਇਹ ਸੱਚ ਗੱਲ ਹੈ।" ਇਹ ਸਭ ਪਹਿਲਾਂ ਹੀ ਹੋ ਚੁੱਕਿਆ ਅਤੇ ਤੁਸੀਂ ਇਸਨੂੰ ਨਹੀਂ ਜਾਣਿਆ।"

383 ਵਿਸ਼ਵਾਸ਼ੀ ਉਸਦੀ ਆਮਦ ਦੇ ਸਾਦਾ ਜਿਹੇ ਚਿੰਨ੍ਹਾਂ ਨੂੰ ਕਿਉਂ ਨਹੀਂ ਮੰਨਦੇ ਹਨ?

384 ਉਹ ਉਹਨਾਂ ਸਭ ਚੀਜ਼ਾਂ ਦੀ ਆਸ ਕਰ ਰਹੇ ਹਨ ਜੋ ਲਿਖਤਾਂ ਵਿੱਚ ਆਈਆਂ ਹਨ ਕਿ ਸੂਰਜ ਦੁਪਹਿਰ ਨੂੰ ਹੀ ਡੁੱਬ ਜਾਵੇਗਾ ਤੇ ਚੰਦ ਆਪਣੀ ਲੋਅ ਨਾ ਦੇਵੇਗਾ ਅਤੇ ਇਹੋ ਜਿਹੀਆਂ ਸੱਭੇ ਗੱਲਾਂ ਹੋਣਗੀਆਂ।ਔਹ, ਕਾਸ਼ ਕਿ ਸਾਡੇ ਕੋਲ ਸਮਾਂ ਹੁੰਦਾ ...ਮੇਰੇ ਕੋਲ ਇੱਥੇ ਇਹਨਾਂ ਦੇ ਬਾਰੇ ਵਿੱਚ ਨੋਟ ਹਨ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ਇਹ ਗੱਲਾਂ ਕਿਵੇਂ ਹੋਣਗੀਆਂ।ਅਤੇ ਕਿਵੇਂ ਵੀ ਹੋਵੇ ਅਸੀਂ ਜਦ ਇਸ ਹਫਤੇ ਮੋਹਰਾਂ ਦੇ ਖੁੱਲ੍ਹਣ ਸਬੰਧੀ ਅਧਿਐਨ ਕਰਾਂਗੇ ਤਾਂ ਇਹਨਾਂ ਗੱਲਾਂ ਨੂੰ ਵੇਖਾਂਗੇ ।ਸਮਝੇ?ਇਹ ਹੀ ਗੱਲ ਹੈ ਕਿ ਇਹ ਪਹਿਲਾਂ ਤੋਂ ਹੀ ਹੋ ਚੁੱਕਾ ਹੈ,ਅਤੇ ਤੁਸੀਂ ਇਸਨੂੰ ਜਾਣਦੇ ਹੀ ਨਹੀਂ ਹੋ।ਵੇਖੋ, ਜੇਕਰ ਇਹ ਇਸੇ ਤਰ੍ਹਾਂ ਹੀ ਹੈ, ਤਦ ਖ਼ੁਦਾ ਦਾ ਦੂਤ ਉਹਨਾਂ ਮੋਹਰਾਂ ਨੂੰ ਖੋਲ੍ਹਦੇ ਸਮੇਂ ਇਹਨਾਂ ਗੱਲਾਂ ਨੂੰ ਪ੍ਰਗਟ ਕਰੇਗਾ।ਯਾਦ ਰੱਖੋ, ਇਹ ਉਹਨਾਂ ਸੱਤ ਭੇਤ ਭਰੀਆਂ ਗਰਜਾਂ ਦੁਆਰਾ ਬੰਦ ਹਨ। ਵੇਖਿਆ?

385 ਹੁਣ ਕੀ ਹੈ?ਹੁਣ ਲੋਕ ਇੱਕ ਨਮਰ ਜਿਹੇ ਟੋਲੇ ਦੀ ਸਾਦਾ ਜਿਹੀ ਸਾਦਗੀ ਅਤੇ ਪ੍ਰਮੇਸ਼ੁਰ ਦੇ ਨਿਸ਼ਾਨਾਂ ਦੀ ਅਵਾਜ਼ ਨੂੰ ਕਿਉਂ ਨਹੀਂ ਮੰਨ ਸੱਕਦੇ? ਉਹ ਇਸਦਾ ਵਿਸ਼ਵਾਸ਼ ਕਿਉਂ ਨਹੀਂ ਕਰ ਸੱਕਦੇ ਹਨ? ਹਮੇਸ਼ਾਂ ਦੀ ਤਰ੍ਹਾਂ ਹੀ ਪ੍ਰਮੇਸ਼ੁਰ ਦਾ ਸੱਚਾ ਵਚਨ ਜੀਵਤ ਪ੍ਰਗਟ ਕੀਤਾ ਗਿਆ ਹੈ।ਲੋਕ ਇੰਨੇ ਹੁਸ਼ਿਆਰ ਪੜ੍ਹੇ ਲਿਖੇ ਤੇ ਚਲਾਕ ਹੋ ਗਏ ਹਨ ਉਹਨਾਂ ਨੂੰ ਲਿਖਤੀ ਵਚਨ ਦੀ ਸਾਦਾ ਜਿਹੀ ਤਸਵੀਰ ਦੀ ਪ੍ਰਤੀਤ ਕਰਨਾ ਮੁਸ਼ਕਿਲ ਹੈ।ਉਹ ਵਚਨ ਵਿੱਚ ਆਪਣਾ ਹੀ ਅਨੁਵਾਦ ਘਸੋੜਨਾ ਚਾਹੁੰਦੇ ਹਨ।ਉਹ ਕਹਿੰਦੇ ਹਨ," ਇਸਦਾ ਅਰਥ ਇਹ ਨਹੀਂ ਹੁੰਦਾ ਹੈ।ਇਸਦਾ ਅਰਥ ਉਹ ਨਹੀਂ ਹੁੰਦਾ ਹੈ।" ਸਮਝੇ?ਇਸਦਾ ਅਰਥ ਉਹ ਨਹੀਂ ਹੁੰਦਾ ਹੈ।

386 ਸੁਣੋ ਕੀ ਮੈਂ ਛੇਤੀ ਨਾਲ ਇਹ ਗੱਲ ਕਹਿ ਸਕਦਾ ਹਾਂ, ਕਿ ਇੱਥੇ ਖ਼ੁਦਾ ਸਾਨੂੰ ਜਿਹੜੇ ਦਰਸ਼ਨ ਵਿਖਾਉਂਦਾ ਹੈ , ਉਹਨਾਂ ਦਾ ਵੀ ਗਲਤ ਅਰਥ ਸਮਝ ਲਿਆ ਜਾਂਦਾ ਹੈ। ਇਹ ਹੀ ਕਾਰਨ ਹੈ ਕਿ ਤੁਸੀਂ ਮੈਨੂੰ ਟੇਪਾਂ ਵਿੱਚ ਇਹ ਕਹਿੰਦੇ ਹੋਏ ਸੁਣਿਆ ਹੋਵੇਗਾ," ਸਿਰਫ ਉਹ ਹੀ ਕਹੋ ਜੋ ਟੇਪ ਕਹਿੰਦੇ ਹਨ, ਉਹ ਹੀ ਕਹੋ ਜੋ ਦਰਸ਼ਨ ਕਹਿੰਦੇ ਹਨ।" ਹੁਣ, ਜੇ ਤੁਸੀਂ ਪੂਰੀ ਤਰ੍ਹਾਂ ਨਾਲ ਸੁਚੇਤ ਹੋ, ਤਾਂ ਤੁਸੀਂ ਜਰੂਰ ਹੀ ਕੁਝ ਵੇਖ ਸਕੋਗੇ। ਸਮਝੇ? ਮੈਂ ਉਮੀਦ ਕਰਦਾ ਹਾਂ ਕਿ ਮੈਨੂੰ ਉਸਨੂੰ ਅਪਣੇ ਹੱਥ ਵਿੱਚ ਫੜ ਕੇ ਦਿਖਾਉਣ ਦੀ ਲੋੜ ਨਹੀਂ ਹੈ। ਸਮਝੇ? ਸਮਝੇ? ਵੇਖਿਆ? ਤੁਸੀਂ ਹੋ ..... ਉਹ ਇੱਥੇ ਹਨ ਅਸੀਂ ਅੰਤ ਤੇ ਹਾਂ।ਸਮਝੇ?ਜੀ ਹਾਂ, ਸ਼੍ਰੀਮਾਨ। ਚਲਾਕ, ਸਿੱਖਿਆ ਪ੍ਰਾਪਤ ਲੋਕ, ਇਸਨੂੰ ਵੇਖਣ ਵਿੱਚ ਅਸਫਲ ਹੋ ਜਾਂਦੇ ਹਨ।ਸਧਾਰਨ ਦਰਸ਼ਨਾਂ ਨੂੰ ਜਦ ਸਾਦਗੀ ਵਿੱਚ ਪ੍ਰਗਟ ਕੀਤਾ ਜਾਂਦਾ ਹੈ ਤਾਂ ਉਹਨਾਂ ਦਾ ਅਰਥ ਗਿਆਨਵਾਨ ਲੋਕਾਂ ਦੇ ਸਿਰ ਦੇ ਉੱਪਰ ਦੀ ਲੰਘ ਜਾਂਦਾ ਹੈ। ਸਮਝੇ?

387 ਅਜਿਹਾ ਇਸ ਲਈ ਹੋਇਆ ਕਿਉਂਕਿ ਮੈਂ ਦਰਸ਼ਨ ਵੇਖਿਆ ਸੀ ਅਤੇ ਉਸ ਦਰਸ਼ਨ ਦੇ ਬਾਰੇ ਵਿੱਚ ਸਾਰੀਆਂ ਗੱਲਾਂ ਮੈਂ ਤੁਹਾਨੂੰ ਦੱਸ ਦਿੱਤੀਆਂ ਸਨ ਕਿ ਮੈਂ ਉੱਪਰ ਜਾ ਰਿਹਾਂ ਹਾਂ ਜਿੱਥੇਂ ਮੈਂ ਸ਼ਿਕਾਰ ਖੇਡਣ ਜਾਵਾਂਗਾ, ਅਤੇ ਤੁਸੀਂ ਜਾਣਦੇ ਹੋ ਕਿ ਲੋਕ ਇਸ ਤੋਂ ਹੀ ਠੋਕਰ ਖਾ ਗਏ ਸਨ।ਅਤੇ ਪ੍ਰਮੇਸ਼ੁਰ ਨੇ ਮੈਨੂੰ ਸਿਰਫ ਇਸੇ ਹੀ ਉਦੇਸ਼ ਲਈ ਭੇਜਿਆ ਸੀ ਅਤੇ ਮੈਂ ਵਾਪਿਸ ਆਇਆ ਮੈਂ ਇਸਦਾ

378 ਜਰਾ ਸੋਚੋ!ਸਭ ਕੁਝ ਜਿੰਨਾ ਆਮ ਢੰਗ ਨਾਲ ਚੱਲ ਸਕਦਾ ਹੈ ਚੱਲਦਾ ਰਹੇਗਾ।ਇੱਕ ਕੱਟੜ ਸੰਦੇਸ਼ ਬੀਤ ਚੁੱਕਾ ਹੋਵੇਗਾ , ਅਤੇ ਤੁਸੀਂ ਜਾਣਦੇ ਹੋ ਕਿ ਜੋ ਪਹਿਲੀ ਗੱਲ ਹੋਵੇਗੀ ਉਹ ਇਹ ਹੋਵੇਗੀ ਕਿ ਲੋਕ ਇਹ ਕਹਿਣਗੇ, " ਇਹ ਸੇਵਕ ਕਿਤੇ ਚਲਾ ਗਿਆ ਸੀ, ਅਤੇ ਫਿਰ ਕਦੇ ਵਾਪਿਸ ਨਹੀਂ ਆਇਆ। ਸ਼ਾਇਦ ਉਹ ਸ਼ਿਕਾਰ ਖੇਡਣ ਲਈ ਜੰਗਲ ਵਿੱਚ ਚਲਾ ਗਿਆ ਸੀ, ਅਤੇ ਇਸ ਤੋਂ ਬਾਦ ਉਹ ਫਿਰ ਕਦੇ ਵਾਪਿਸ ਨਹੀਂ ਆਇਆ। ਅਤੇ ਉੱਥੇ ਫਲਾਣਾ ਆਦਮੀ ਕਿਤੇ ਚਲਾ ਗਿਆ ਸੀ।ਕੀ ਤਸੀਂ ਜਾਣਦੇ ਹੋ ਕਿ ਉਸਨੂੰ ਕੀ ਹੋ ਗਿਆ ਸੀ ? ਮੈਂ ਸੋਚਦਾ ਹਾਂ ਕਿ ਉਸ ਜਵਾਨ ਕੁੜੀ ਨੂੰ ਕਿਤੇ ਕਿਸੇ ਨੇ ਚੁੱਕ ਲਿਆ ਹੋਵੇਗਾ, ਅਤੇ ਉਸ ਨੂੰ ਬੇਪਤ ਕਰਕੇ ਸ਼ਾਇਦ ਨਦੀ ਵਿੱਚ ਸੁੱਟ ਦਿੱਤਾ ਹੋਵੇਗਾ।ਉਸਦੇ ਨਾਲ ਕੋਈ ਨਹੀਂ ਸੀ।"ਇਸਦੇ ਅੱਧੇ .... ਹਰ ਇੱਕ .....ਵਿੱਚੋਂ ਨੜਿੰਨਵੇਂ .... ਅਸੀਂ ਕਹਿ ਸਕਦੇ ਹਾਂ , ਕਿ ਇੱਕ ਕਰੋੜ ਵਿੱਚੋਂ ਸ਼ਾਇਦ ਹੀ ਕਿਸੇ ਇੱਕ ਨੂੰ ਇਸਦੇ ਬਾਰੇ ਵਿੱਚ ਪਤਾ ਲੱਗ ਸਕੇਗਾ ; ਸਿਰਫ ਉਸਨੂੰ ਜੋ ਉਸ ਲੜਕੀ ਦਾ ਵਾਕਿਫ ਹੋਵੇਗਾ ਕਹੇਗਾ ਕਿ "ਕੁੜੀ ਦਾ ਕਿਤੇ ਪਤਾ ਨਹੀਂ ਲੱਗ ਰਿਹਾ, ਉਹ ਕਿੱਧਰੇ ਗੁੰਮ ਹੋ ਗਈ ਹੈ।ਕਿਉਂ, ਮੈਂ ਨਹੀਂ ਸਮਝਦਾ ਹਾਂ।ਉਹ ਇਸ ਤਰ੍ਹਾਂ ਕਦੇ ਕਿਤੇ ਨਹੀਂ ਜਾਂਦੀ ਸੀ।" ਨਹੀਂ।

379 ਅਤੇ ਜਦੋਂ ਲੋਕ ਕਹਿੰਦੇ ਹਨ, " ਕਬਰਾਂ ਖੁੱਲ ਜਾਣਗੀਆਂ।" ਕਬਰਾਂ ਕਿਸ ਤਰ੍ਹਾਂ ਖੁੱਲਣਗੀਆਂ? ਮੇਰੇ ਕੋਲ ਇੰਨਾ ਸਮਾਂ ਨਹੀਂ ਹੈ ਕਿ ਅਸੀਂ ਇਸ ਗੱਲ ਨੂੰ ਵੇਖ ਸਕੀਏ, ਪ੍ਰੰਤੂ ਮੈਂ ਇਸਦੇ ਬਾਰੇ ਵਿੱਚ ਦੱਸਣਾ ਚਾਹੁੰਦਾ ਸੀ। ਮੈਂ ਤਾਂ ਕੇਵਲ ਇਹ ਲੈਣ ਜਾ ਰਿਹਾਂ ਹਾਂ, ਮੈਂ ਤਾਂ ਤੁਹਾਨੂੰ ਬਸ ਖੁਦਾ ਦੀ ਸਾਦਗੀ ਦਿਖਾਉਣ ਜਾ ਰਿਹਾ ਹਾਂ।ਅਤੇ ਕੈਲਸ਼ੀਅਮ, ਪੋਟਾਸ਼ ਅਤੇ ਸਭ ਕੁਝ ...... ਅਤੇ ਸਭ ਕੁਝ ਜੋ ਵੀ ਤੁਹਾਡੇ ਵਿੱਚ ਹੈ , ਉਹ ਤਾਂ ਇੱਕ ਚਮਚਾ ਹੀ ਹੈ।ਇਹ ਸੱਚ ਹੈ। ਅਤੇ ਉਹ ਕੀ ਕਰਦਾ ਹੈ, ਅਤੇ ਉਹ ਫਿਰ ਆਤਮਾ ਅਤੇ ਜੀਵਨ ਵਿੱਚ ਬਦਲ ਜਾਂਦਾ ਹੈ।ਪ੍ਰਮੇਸ਼ੁਰ ਸਿਰਫ ਕਹੇਗਾ ਅਤੇ ਉਠਾਏ ਜਾਣਾ ਹੋ ਜਾਵੇਗਾ।ਅਜਿਹਾ ਕੁਝ ਨਹੀਂ ਹੋਵੇਗਾ ਕਿ ਦੂਤ ਸਵਰਗ ਤੋਂ ਆ ਕੇ ਬੇਲਚਿਆਂ ਨਾਲ ਕਬਰਾਂ ਨੂੰ ਪੁੱਟਣਗੇ ਅਤੇ ਪੁਰਾਣੀਆਂ ਸੜੀਆਂ ਗਲੀਆਂ ਲਾਸ਼ਾਂ ਨੂੰ ਬਾਹਰ ਕੱਢਿਆ ਜਾਵੇਗਾ।ਇਹ(ਦੇਹ) ਕੀ ਹੈ? ਸ਼ੁਰੂ ਵਿੱਚ ਇਹ ਤਾਂ ਪਾਪ ਵਿੱਚ ਪੈਦਾ ਹੋਈ ਹੈ।ਪ੍ਰੰਤੂ ਤੁਸੀਂ ਜਾਣਦੇ ਹੋ ਕਿ ਨਵੀਂ ਦੇਹ ਪ੍ਰਮੇਸ਼ੁਰ ਦੇ ਸਰੂਪ ਉੱਤੇ ਉਸੇ ਹੀ ਵਰਗੀ ਅਵਿਨਾਸ਼ੀ ਦੇਹ ਹੋਵੇਗੀ। ਸਮਝੇ? ਜੇ ਸਾਨੂੰ ਇਹ ਪੁਰਾਣੀ ਦੇਹ ਫਿਰ ਮਿਲੇਗੀ ਤਾਂ ਅਸੀਂ ਫਿਰ ਮਰ ਜਾਵਾਂਗੇ।ਸਮਝੇ? ਕੋਈ ਵੀ ..... ਤੁਸੀਂ ਕਹਿੰਦੇ ਹੋ, " ਕਬਰਾਂ ਖੁੱਲ ਜਾਣਗੀਆਂ ਅਤੇ ਮੁਰਦੇ ਨਿੱਕਲ ਆਉਣਗੇ।" ਹੋ ਸਕਦਾ ਹੈ ਇਹ ਸੱਚ ਹੋਵੇ, ਪ੍ਰੰਤੂ ਇਹ ਉਸ ਤਰ੍ਹਾਂ ਨਹੀਂ ਖੁੱਲਣਗੀਆਂ ਜਿਵੇਂ ਤੁਸੀਂ ਕਹਿੰਦੇ ਹੋ। ਸਮਝੇ? ਇਹ ਠੀਕ ਗੱਲ ਹੈ। ਸਮਝੇ? ਇਹ ਉਸ ਤਰ੍ਹਾਂ ਨਾਲ ਨਹੀਂ ਹੋਵੇਗਾ।

380 ਇਹ ਸਭ ਬਹੁਤ ਹੀ ਗੁਪਤ ਵਿੱਚ ਹੋਵੇਗਾ, ਕਿਉਂਕਿ ਉਸਨੇ ਕਿਹਾ ਸੀ, " ਉਹ ਰਾਤ ਨੂੰ ਚੋਰ ਦੇ ਵਾਂਗੂੰ ਆਏਗਾ।" ਉਹ ਸਾਨੂੰ ਇਸਦੇ ਬਾਰੇ ਵਿੱਚ, ਉਠਾਏ ਜਾਣ ਦੇ ਬਾਰੇ ਵਿੱਚ ਪਹਿਲਾਂ ਹੀ ਦੱਸ ਚੁੱਕਾ ਹੈ।

381 ਇਸ ਤੋਂ ਬਾਦ ਨਿਆਂ ਆ ਪਵੇਗਾ; ਪਾਪ, ਬਿਮਾਰੀਆਂ, ਬਵਾਂ, ਬਹੁਤ ਜਿਆਦਾ ਵੱਧ ਜਾਣਗੀਆਂ।ਅਤੇ ਨਿਆਂ ਦੇ ਵੇਲੇ ਲੋਕ ਮੋਤ ਨੂੰ ਪੁਕਾਰਨਗੇ।ਉਹ ਕਹਿਣਗੇ," ਪ੍ਰਭੂ ਇਹ ਨਿਆਂ ਸਾਡੇ ਉੱਤੇ ਇਸ ਤਰ੍ਹਾਂ ਕਿਵੇਂ ਆ ਪਿਆ ਜਦਕਿ ਤੂੰ ਕਿਹਾ ਹੈ ਕਿ ਇਸ ਤੋਂ ਪਹਿਲਾਂ ਉਠਾਏ ਜਾਣਾ ਹੋਵੇਗਾ?"



39 ਅਤੇ ਇਸ ਤੋਂ ਬਾਦ ਇੱਕ ਹੋਰ ਗੱਲ ਹੈ, ਜਦ ਸਭਾ ਸਮਾਪਤ ਹੋ ਜਾਂਦੀ ਹੈ ਤਾਂ ਆਮ ਤੋਰ ਤੇ ਗਿਰਜਿਆਂ ਵਿੱਚ ਲੋਕ .........ਮੈਂ ਨਹੀਂ ਸੋਚਦਾ ਹਾਂ ਕਿ ਅਜਿਹਾ ਇੱਥੇ ਹੁੰਦਾ ਹੈ , ਕਿਉਂਕਿ .......ਮੈਂ ਤਾਂ ਹਮੇਸ਼ਾਂ ਹੀ ਸਭਾ ਦੇ ਖਤਮ ਹੋਣ ਤੋਂ ਇੱਕ ਦਮ ਬਾਦ ਚਲਾ ਜਾਂਦਾ ਹਾਂ ।

40 ਅਕਸਰ ਦੂਸਰੀਆਂ ਸਭਾਵਾਂ ਵਿੱਚ ਪ੍ਰਚਾਰ ਕਰਨ ਦੇ ਦੋਰਾਨ ਮੇਰੇ ਉੱਤੇ ਪਵਿੱਤਰ ਆਤਮਾ ਦਾ ਮਸਹ ਆਉਂਦਾ ਹੈ ਅਰ ਦਰਸ਼ਨ ਦਿਖਾਈ ਦਿੰਦੇ ਹਨ। ਅਤੇ ਮੈਂ ਥੱਕ ਕੇ ਚੂਰ ਹੋ ਜਾਂਦਾ ਹਾਂ, ਅਤੇ ਆਪਣੇ ਕਮਰੇ ਵਿੱਚ ਚਲਾ ਜਾਂਦਾ ਹਾਂ । ਅਤੇ ਸ਼ਾਇਦ ਬਿਲੀ ਜਾਂ ਕੋਈ ਹੋਰ ਵਿਅਕਤੀ ਮੈਨੂੰ ਘਰ ਪਹੁੰਚਾਉਂਦਾ ਹੈ, ਅਤੇ ਮੈਨੂੰ ਤਦ ਤੱਕ ਆਰਾਮ ਕਰਨ ਦਿੰਦੇ ਹਨ ਜਦ ਤੱਕ ਕਿ ਮੈਂ ਉਸ ਹਾਲਤ ਵਿੱਚੋਂ ਬਾਹਰ ਨਹੀਂ ਆ ਜਾਂਦਾ ਹਾਂ, ਕਿਉਂਕਿ ਇਹ ਸਭ ਬਹੁਤ ਹੀ ਥਕਾ ਸੁੱਟਣ ਵਾਲਾ ਹੁੰਦਾ ਹੈ।

41 ਅਤੇ ਮੈਂ ਇਸ ਤਰ੍ਹਾਂ ਦੇ ਗਿਰਜੇ ਵੀ ਦੇਖੇ ਹਨ ਜਿੱਥੇ ਬੱਚਿਆਂ ਨੂੰ ਪਵਿੱਤਰ ਸਥਾਨ (ਵੇਦੀ) ਉੱਤੇ ਵੀ ਭੱਜੇ ਫਿਰਨ ਦੀ ਖੁੱਲ੍ਹ ਦਿੱਤੀ ਹੁੰਦੀ ਹੈ ਅਤੇ ਵੱਡੀ ਉਮਰ ਵਾਲੇ ਕਮਰੇ ਦੇ ਆਰ ਪਾਰ ਤੱਕ ਇੱਕ ਦੂਏ ਨੂੰ ਹਾਕਾਂ ਮਾਰਦੇ ਹਨ । ਉਸ ਰਾਤ ਜਾਂ ਇਹ ਜੋ ਵੀ ਸਮਾਂ ਹੈ; ਸਭਾ ਨੂੰ ਖਰਾਬ ਕਰਨ ਦਾ ਵਧੀਆ ਤਰੀਕਾ ਹੈ । ਦੇਖਿਆ ?

42 ਜਿਉਂ ਹੀ ਸੰਗਤੀ ਖਤਮ ਹੁੰਦੀ ਹੈ ਤੁਸੀਂ ਉਸ ਜਗਾ ਨੂੰ ਛੱਡ ਕੇ ਬਾਹਰ ਆ ਜਾਓ । ਜਦ ਤੁਸੀਂ ਅਰਾਧਨਾ ਕਰ ਚੁੱਕੇ ਹੋ, ਤਾਂ ਤੁਸੀਂ ਬਾਹਰ ਆ ਜਾਓ ਅਰ ਇੱਕ ਦੂਸਰੇ ਨਾਲ ਗੱਲਬਾਤ ਕਰੋ ਜਾਂ ਜੋ ਵੀ ਕਰਨਾ ਹੋਵੇ, ਉਹ ਕਰੋ । ਜੇ ਤੁਸੀਂ ਕਿਸੇ ਨਾਲ ਕਿਸੇ ਵਿਸ਼ੇ ਤੇ ਗੱਲਬਾਤ ਕਰਨੀ ਚਹੁੰਦੇ ਹੋ ਜਾਂ ਉਸਨੂੰ ਮਿਲਣਾ ਚਹੁੰਦੇ ਹੋ ਜਾਂ ਜੋ ਕੁਝ ਵੀ ਹੈ , ਤਾਂ ਤੁਸੀਂ ਉਸਦੇ ਨਾਲ ਉਸਦੇ ਘਰ ਜਾਓ ਜਾਂ ਜੋ ਵੀ ਤੁਸੀਂ ਕਰੋ, ਪਰ ਅਰਾਧਨਾ ਭਵਨ ਵਿੱਚ ਅਜਿਹਾ ਕੁਝ ਨਾ ਕਰੋ ।ਆਓ ਇਸ ਭਵਨ ਨੂੰ ਅਸੀਂ ਪ੍ਰਮੇਸ਼ੁਰ ਨੂੰ ਸਮਰਪਿਤ ਕਰੀਏ ।ਸਮਝੇ ? ਇਹ ਉਸ ਨਾਲ ਮੁਲਾਕਾਤ ਕਰਨ ਦੀ ਜਗ੍ਹਾ ਹੈ, ਇਹ ਹੀ ਉਹ ਥਾਂ ਹੈ ਜਿੱਥੇ ਅਸੀਂ ਉਸਦੇ ਨਾਲ ਮੁਲਾਕਾਤ ਕਰਦੇ ਹਾਂ । ਅਤੇ ਪ੍ਰਮੇਸ਼ੁਰ ਦੀ ਬਿਵਸਥਾ ਬਿਨਾਂ ਸ਼ੱਕ ਪ੍ਰਮੇਸ਼ੁਰ ਦੀ ਜਗਵੇਦੀ ਤੋਂ ਹੀ ਚਾਲੂ ਹੁੰਦੀ ਹੈ । ਅਤੇ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਇਹ ਗੱਲ ਸਾਡੇ ਸਵਰਗੀ ਪਿਤਾ ਨੂੰ ਬਹੁਤ ਭਾਉਂਦੀ ਹੈ ।

43 ਅਤੇ ਤਦ ਜਦੋਂ ਤੁਸੀਂ ਇੱਥੇ ਆਉਂਦੇ ਹੋ ਅਤੇ ਤੁਸੀਂ ਪਾਉਂਦੇ ਹੋ ਕਿ ਪਵਿੱਤਰ ਆਤਮਾ ਦੇ ਦਾਨ ਤੁਹਾਡੇ ਵਿੱਚ ਉੱਤਰਨੇ ਸ਼ੁਰੂ ਹੋ ਗਏ ਹਨ ...... ਹੁਣ, ਆਕਸਰ ਅਜਿਹਾ ਹੁੰਦਾ ਹੈ ...... ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਅਜਿਹਾ ਸਭ ਇੱਥੇ ਸਾਡੇ ਨਹੀਂ ਹੈਗਾ , ਪ੍ਰੰਤੂ ਜਦ ਲੋਕਾਂ ਦੇ ਕੋਲ ਇੱਕ ਨਵਾਂ ਗਿਰਜਾ ਹੋ ਜਾਂਦਾ ਹੈ ਤਾਂ ਉਹ ਸੰਗਤੀ ਕੁਝ ਆਕੜ ਜਿਹੀ ਵਿੱਚ ਆ ਜਾਂਦੀ ਹੈ ।ਤੁਸੀਂ ਇਸ ਤਰ੍ਹਾਂ ਕਦੇ ਨਾ ਹੋਣਾ । ਆਖਿਰ ਇਹ ਉਪਾਸਨਾ ਦੀ ਥਾਂ ਹੈ । ਇਹ ਪ੍ਰਭੂ ਦਾ ਭਵਨ ਹੈ । ਅਤੇ ਜੇ ਤੁਹਾਡੇ ਵਿੱਚ ਆਤਮਿਕ ਵਰਦਾਨ ਕੰਮ ਕਰਨਾ ਸ਼ੁਰੂ ਕਰਨ ਲੱਗਣ ਤਾਂ ...........

44 ਮੈਂ ਸਮਝਦਾ ਹਾਂ ਕਿ ਜਦ ਦਾ ਮੈਂ ਇੱਥੋਂ ਗਿਆ ਹਾਂ , ਦੇਸ਼ ਦੇ ਅਲੱਗ-ਅਲੱਗ ਭਾਗਾਂ ਤੋਂ ਲੋਕ ਇੱਥੇ ਆ ਗਏ ਹਨ, ਤਾਂ ਕਿ ਇਸ ਸਥਾਨ ਨੂੰ ਉਹ ਆਪਣਾ ਘਰ ਬਣਾਉਣ । ਮੈਂ ਇਸ ਦੇ ਲਈ ਪ੍ਰਮੇਸ਼ੁਰ ਦਾ ਧੰਨਵਾਦੀ ਹਾਂ, ਕਿ ਮੈਂ ਨਿਹਚਾ ਕਰਦਾ ਹਾਂ ਕਿ ........

45 ਉਸ ਸਵੇਰ ਜਦ ਮੈਂ ਇੱਕ ਨੋਜਵਾਨ ਦੇ ਰੂਪ ਵਿੱਚ ਇਸਨੂੰ ਪ੍ਰਮੇਸ਼ੁਰ ਦੇ ਸਮਰਪਿਤ ਕੀਤਾ ਸੀ ਅਤੇ ਉਹ ਉਸ ਕੋਨੇ ਦਾ ਪੱਥਰ ਰੱਖਿਆ ਸੀ, ਤਾਂ ਮੈਂ ਪ੍ਰਾਰਥਨਾ ਕੀਤੀ ਸੀ ਕਿ, ਇਹ ਯਿਸੂ

ਮਸੀਹ ਦੀ ਆਮਦ ਤੱਕ ਖੜਾ ਰਹੇ । ਜਦ ਮੈਂ ਇਹ ਕੀਤਾ, ਤਾਂ ਮੈਂ ਹਜਾਰਾਂ ਡਾਲਰ ਦੇਣੇ ਸਨ, ਅਤੇ ਉਹ .... ਇਸ ਅਕਾਰ ਦੀ ਸੰਗਤੀ ਤੋਂ ਚੰਦਾ ਲਵੋ ਤਾਂ ਤੀਹ ਜਾਂ ਚਾਲੀ ਸੈਂਟ ਹੀ ਪ੍ਰਾਪਤ ਹੁੰਦੇ ਹਨ, ਪ੍ਰੰਤੂ ਸਾਡੀ ਜਰੂਰਤ ਲੱਗਭੱਗ ਕੋਈ ਡੇਢ ਸੌ ਜਾਂ ਦੋ ਸੌ ਡਾਲਰ ਪ੍ਰਤੀ ਮਹੀਨਾ ਹੁੰਦੀ ਸੀ । ਮੈਂ ਅਜਿਹਾ ਕਿਸ ਤਰ੍ਹਾਂ ਕਰ ਸਕਦਾ ਸੀ ? ਅਤੇ ਮੈਂ ਜਾਣਦਾ ਸਾਂ ਕਿ ਮੈਂ ਨੌਕਰੀ ਕਰ ਰਿਹਾਂ ਹਾਂ। ਅਤੇ ਮੈਂ ਇਸ ਦਾ ਭੁਗਤਾਨ ਕਰ ਦਿਆਂਗਾ । ਮੈਂ ਪਿਛਲੇ ਸਤਾਰਾਂ ਸਾਲਾਂ ਦੀ ਸੇਵਕਾਈ ਵਿੱਚ ਇੱਕ ਸੈਂਟ ਵੀ ਨਹੀਂ ਲਿਆ , ਬਲਕਿ ਜੋ ਕੁਝ ਵੀ ਮੇਰੇ ਕੋਲ ਸੀ, ਜੋ ਕੁਝ ਵੀ ਮੇਰੇ ਜੀਉਂਦੇ ਰਹਿਣ ਲਈ ਤੋਂ ਵਧਿਆ, ਅਤੇ ਜੋ ਕੁਝ ਵੀ ਉਹ ਪਿੱਛੇ ਰੱਖੇ ਡੱਬੇ ਵਿੱਚੋਂ ਆਇਆ, ਮੈਂ ਉਸਨੂੰ ਪ੍ਰਮੇਸ਼ੁਰ ਦੇ ਰਾਜ ਲਈ ਲਗਾ ਦਿੱਤਾ ।

46 ਅਤੇ ਲੋਕਾਂ ਨੇ ਭਵਿੱਖਬਾਣੀ ਅਤੇ ਅਗੰਮ ਵਾਕ ਕੀਤਾ ਕਿ ਇਹ ਇੱਕ ਸਾਲ ਵਿੱਚ ਕਾਰਾਂ ਦੇ ਗੈਰਜ ਵਿੱਚ ਬਦਲ ਜਾਵੇਗਾ । ਸ਼ੈਤਾਨ ਨੇ ਇੱਕ ਵਾਰ ਸਾਡੇ ਕੋਲੋਂ ਧੋਖੇ ਨਾਲ ਇਸਨੂੰ ਮੁਕੱਦਮੇ ਰਾਹੀਂ ਖੋਹਣ ਦਾ ਯਤਨ ਕੀਤਾ ਸੀ । ਕਿਸੇ ਆਦਮੀ ਨੇ ਦਾਵਾ ਕਰ ਦਿੱਤਾ ਸੀ ਕਿ , ਜਦ ਉਹ ਇੱਥੇ ਕੰਮ ਕਰ ਰਿਹਾ ਸੀ ਤਾਂ ਉਸਦੇ ਪੈਰ ਤੇ ਸੱਟ ਲੱਗ ਗਈ ਸੀ ਅਤੇ ਹਰਜਾਨੇ ਵਿੱਚ ਉਹ ਸਾਡੇ ਇਸ ਭਵਨ ਨੂੰ ਹੜੱਪ ਲੈਣਾ ਚਹੁੰਦਾ ਸੀ । ਅਤੇ ਮੈਂ ਹਫਤਿਆਂ ਬੱਧੀ ਇਸ ਥਾਂ ਤੇ ਡਟਿਆ ਰਿਹਾ । ਪ੍ਰੰਤੂ ਇਹਨਾਂ ਸਭ ਭਵਿੱਖਬਾਣੀਆਂ, ਅਤੇ ਜੋ ਉਹਨਾਂ ਨੇ ਕਿਹਾ, ਉਸਦੇ ਬਾਵਜੂਦ ਇਹ ਸਥਾਨ ਅੱਜ ਇੱਕ ਸੁੰਦਰ ਭਵਨਾਂ ਵਿੱਚੋਂ ਇੱਕ ਦੇ ਰੂਪ ਵਿੱਚ ਅਤੇ ਸਯੁੰਕਤ ਰਾਜ ਅਮਰੀਕਾ ਦੇ ਸੁੰਦਰ ਗਿਰਜਿਆਂ ਵਿੱਚੋਂ ਇੱਕ ਦੇ ਰੂਪ ਵਿੱਚ ਖੜਾ ਹੈ । ਇਹ ਸੱਚ ਹੈ ।

47 ਇਸ ਥਾਂ ਤੋਂ ਪ੍ਰਮੇਸ਼ੁਰ ਦਾ ਵਚਨ ਸਾਰੀ ਦੁਨੀਆਂ ਵਿੱਚ ਪਹੁੰਚਿਆ ਹੈ, ਅਤੇ ਜਿੱਥੇ ਤੱਕ ਅਸੀਂ ਜਾਣਦੇ ਹਾਂ, ਇਹ ਵਚਨ ਧਰਤੀ ਦੇ ਸਾਰੇ ਪਾਸੇ ਚੱਕਰ ਲਗਾ ਰਿਹਾ ਹੈ, ਅਤੇ ਸਵਰਗ ਦੇ ਥੱਲੇ ਹਰ ਇੱਕ ਦੇਸ਼ ਵਿੱਚ ਪਹੁੰਚ ਰਿਹਾ ਹੈ; ਅਤੇ ਸਾਰੇ ਸੰਸਾਰ ਵਿੱਚ ਪਹੁੰਚ ਰਿਹਾ ਹੈ । ਸਾਨੂੰ ਇਸ ਲਈ ਧੰਨਵਾਦੀ ਹੋਣਾ ਚਾਹੀਦਾ ਹੈ । ਆਓ ਅਸੀਂ ਇਸਦੇ ਲਈ ਪ੍ਰਮੇਸ਼ੁਰ ਦਾ ਸ਼ੁਕਰ ਕਰੀਏ।

48 ਅਤੇ ਹੁਣ ਜਦਕਿ ਸਾਡੇ ਕੋਲ ਇੱਕ ਸਥਾਨ ਹੈ ਜਿੱਥੇ ਅਸੀਂ ਆ ਸਕਦੇ ਹਾਂ, ਸਾਡੇ ਸਿਰ ਦੇ ਉੱਤੇ ਛੱਤ ਹੈ, ਇੱਕ ਵਧੀਆ ਗਿਰਜਾ ਹੈ ਜਿਸ ਵਿੱਚ ਅਸੀਂ ਬੈਠ ਸੱਕਦੇ ਹਾਂ, ਤਾਂ ਆਓ ਅਸੀਂ ਆਪਣੇ ਆਪ ਨੂੰ ਇੱਕ ਨਵੇਂ ਸਿਰੇ ਤੋਂ ਮਸੀਹ ਦੀ ਸੇਵਕਾਈ ਲਈ ਸਮਰਪਿਤ ਕਰੀਏ, ਅਤੇ ਆਪਣੇ ਆਪ ਨੂੰ ਮਸੀਹ ਦੇ ਲਈ ਵੱਖ ਕਰੀਏ ।

49 ਅਤੇ ਭਾਈ ਨੇਵਿਲ , ਸਾਡੇ ਚੰਗੇ ਭਾਈ ਸੱਚੇ ਪਾਸਟਰ ਅਤੇ ਜੀਵਤੇ ਪ੍ਰਮੇਸ਼ੁਰ ਦੇ ਸੇਵਾਦਾਰ ਹਨ । ਇਸ ਮਨੁੱਖ ਨੂੰ ਜਿੰਨਾ ਇਸ ਸੰਦੇਸ਼ ਦਾ ਗਿਆਨ ਹੈ, ਉਸਨੂੰ ਉਹ ਆਪਣੀ ਪੂਰੀ ਤਾਕਤ ਨਾਲ ਫੜੇ ਹੋਏ ਹੈ । ਇਹ ਠੀਕ ਹੈ। ਉਹ ਇੱਕ ਭਲਾ ਮਨੁੱਖ ਹੈ ।ਉਹ ਥੋੜਾ ਜਿਹਾ ਡਰਦੇ ਹਨ ....... ਜਾਂ ਨਹੀਂ ਡਰਦੇ ਹਨ; ਮੇਰੇ ਕਹਿਣ ਦਾ ਮਤਲਬ ਇਹ ਨਹੀਂ ਹੈ । ਪ੍ਰੰਤੂ ਉਹ ਇੰਨੇ ਸੱਜਣ ਹਨ ਕਿ ਤੁਸੀਂ ਜਾਣਦੇ ਹੋ ਕਿ ਉਹ ਤੇਜ਼ ਚੁਭਣ ਵਾਲੀਆਂ ਗੱਲਾਂ ਜਾਂ " ਬੈਠ ਜਾਓ " ਜਾਂ " ਚੁੱਪ ਰਹੋ " ਵਰਗੇ ਸ਼ਬਦ ਨਹੀਂ ਕਹਿੰਦੇ ਹਨ। ਮੈਂ ਉਨ੍ਹਾਂ ਦੀਆਂ ਟੇਪਾਂ ਸੁਣੀਆਂ ਹਨ ਅਤੇ ਮੈਂ ਅਜਿਹਾ ਹੀ ਪਾਇਆ ਹੈ ।



ਤੋਂ ਪਹਿਲਾਂ ਫਲਾਂ ਫਲਾਂ ਗੱਲ ਨਹੀਂ ਹੋਣੀ ਸੀ? ਕੀ ਇਸ ਤੋਂ ਪਹਿਲਾਂ ਸਾਡੇ ਕੋਲ ਏਲੀਯਾਹ ਨੂੰ ਨਹੀਂ ਭੇਜਿਆ ਜਾਣਾ ਸੀ? ਅਤੇ ਕਹਿਣਗੇ ਇਸ ਤੋਂ ਪਹਿਲਾਂ ਉਠਾਏ ਜਾਣਾ ਨਹੀਂ ਹੋਣਾ ਸੀ?"

372 ਯਿਸੂ ਕਹੇਗਾ, ਇਹ ਸਭ ਕੁਝ ਹੋ ਚੁੱਕਾ ਹੈ, ਅਤੇ ਤੁਸੀਂ ਇਹ ਜਾਣਦੇ ਹੀ ਨਹੀਂ ਹੋ।" ਪ੍ਰਮੇਸ਼ੁਰ ਸਾਦਗੀ ਵਿੱਚ।ਸਮਝੇ?

373 ਹੁਣ, ਇਸ ਹਫਤੇ ਅਸੀਂ ਕੁਝ ਗਹਿਰੀਆਂ ਅਤੇ ਅਨੋਖੀਆਂ ਗੱਲਾਂ ਦਾ ਅਧਿਐਨ ਕਰਾਂਗੇ .........ਹੁਣ ਧਿਆਨ ਦਿਓ, ਉਠਾਏ ਜਾਣਾ ਇੰਝ ਹੋਵੇਗਾ ਕਿ ਥੋੜੇ ਜਿਹੇ ਲੋਕ ਹੀ ਦੁਲਹਨ ਦੇ ਰੂਪ ਵਿੱਚ ਉਠਾਏ ਜਾਣ ਵਿੱਚ ਸ਼ਾਮਿਲ ਹੋਣਗੇ।ਇਹ ਉਸ ਤਰ੍ਹਾਂ ਦੇ ਨਾਲ ਨਹੀਂ ਹੋਵੇਗਾ ਜਿਸ ਤਰ੍ਹਾਂ......

374 ਹੁਣ ਦੇਖੋ ਕਿ ਸਿਖਾਉਣ ਵਾਲੇ ਕਿਸ ਤਰ੍ਹਾਂ ਇਸ ਨੂੰ ਲੈਂਦੇ ਰਹੇ ਹਨ?ਉਹਨਾਂ ਲੋਕਾਂ ਨੇ ਇਸ ਉੱਤੇ ਚਾਰਟ ਬਣਾਏ ਹੋਏ ਹਨ, ਉਹ ਸਿਖਾਉਂਦੇ ਹਨ ਕਿ ਇੱਕ ਕਰੋੜ ਲੋਕ ਉਠਾਏ ਜਾਣ ਵਿੱਚ ਜਾ ਰਿਹਾ ਹੈ; ਜੇ ਇਹ ਮੈਥੋਡਿਸਟ ਪ੍ਰਚਾਰਕ ਹੈ ਤਾਂ ਉਹ ਕਹਿੰਦਾ ਹੈ ਕਿ ਸਾਰੇ ਮੈਥੋਡਿਸਟ ਉਠਾਏ ਜਾਣਗੇ; ਜੇਕਰ ਉਹ ਪੈਂਟੀਕਾਸਟਲ ਪ੍ਰਚਾਰਕ ਹੈ ਤਾਂ ਉਹ ਕਹਿੰਦਾ ਹੈ ਕਿ ਸਾਰੇ ਪੈਂਟੀਕਾਸਟਲ ਰੈਪਚਰ ਵਿੱਚ ਜਾਣਗੇ ਉਹ ਲੋਕ ਇਸ ਗੱਲ ਨੂੰ ਕਦੇ ਵੀ ਨਹੀਂ ਸਮਝ ਸਕਣਗੇ।

375 ਉਠਾਇਆ ਜਾਣਾ ਇਸ ਤਰ੍ਹਾਂ ਦਾ ਹੋਵੇਗਾ, ਹੋ ਸਕਦਾ ਹੈ ਕਿ ਜੈਫਰਸਨਵਿਲੇ ਵਿੱਚੋਂ ਬਸ ਇੱਕ ਹੀ ਵਿਅਕਤੀ ਉਠਾਇਆ ਜਾਵੇ,ਅਤੇ ਕੋਈ ਅਲੋਪ ਹੋ ਜਾਵੇ।ਉਹ ਕਹਿਣਗੇ " ਠੀਕ ਹੈ ਤੁਸੀ ਕਦੇ ਨਹੀਂ....." ਪ੍ਰੰਤੂ ਉਸ ਬੰਦੇ ਦੇ ਉਠਾਏ ਜਾਣ ਦੀ ਖਬਰ ਬਾਕੀ ਲੋਕਾਂ ਨੂੰ ਨਹੀਂ ਹੋਵੇਗੀ।ਕੋਈ ਇੱਕ ਬੰਦਾ ਜੋਰਜਿਆ ਵਿੱਚੋਂ ਗਾਇਬ ਹੋ ਜਾਵੇਗਾ।ਸਮਝੇ? ਕੋਈ ਇੱਕ ਵਿਅਕਤੀ ਅਫਰੀਕਾ ਵਿੱਚੋਂ ਗਾਇਬ ਹੋ ਜਾਏ।ਅਤੇ ਅਸੀਂ ਕਹਾਂਗੇ, ਕਿ ਪੰਜ ਸੌ ਆਦਮੀ ਜੀਉਂਦੇ ਹੋ ਕੇ ਹਵਾ ਵਿੱਚ ਉਠਾ ਲਏ ਜਾਣਗੇ।ਹੁਣ ਵੇਖੋ, ਇੰਨੇ ਲੋਕ ਤਾਂ ਕੋਈ ਕਲੀਸਿਯਾ ਨਹੀਂ ਹੈ। ਇਹ ਤਾਂ ਦੁਲਹਨ ਹੈ ਜੋ ਬਦਲ ਕੇ ਉਠਾ ਲਈ ਜਾਵੇਗੀ।ਇਹ ਕਲੀਸਿਯਾ ਨਹੀਂ ਹੈ।ਇਹ ਤਾਂ ਦੁਲਹਨ ਹੈ। ਸਮਝੇ?

376 ਕਲੀਸਿਯਾ ਵਿੱਚੋਂ ਤਾਂ ਹਜ਼ਾਰਾਂ ਲੋਕ ਜੀ ਉੱਠਣਗੇ, ਪ੍ਰੰਤੂ ਉਹ ਦੂਸਰੀ ਕਿਆਮਤ ਵਿੱਚ ਜੀ ਉੱਠਣਗੇ।ਕਿਉਂਕਿ ਲਿਖਿਆ ਹੈ, " ਅਤੇ ਜਦ ਤੱਕ ਹਜ਼ਾਰ ਸਾਲ ਪੂਰਾ ਨਾ ਹੋ ਗਿਆ ਤਦ ਤੱਕ ਬਾਕੀ ਦੇ ਮੁਰਦੇ ਜੀ ਨਾ ਉੱਠੇ।" ਸਮਝੇ?

377 ਪਰ ਦੁਲਹਨ ਦੇ ਰੂਪ ਵਿੱਚ ਜੇ ਪੰਜ ਸੌ ਮਨੁੱਖ ਇਸ ਵੇਲੇ ਧਰਤੀ ਤੋਂ ਉਠਾ ਲਏ ਜਾਣ ਤਾਂ ਸੰਸਾਰ ਨੂੰ ਇਸਦੇ ਬਾਰੇ ਵਿੱਚ ਕੁਝ ਵੀ ਪਤਾ ਨਹੀਂ ਲੱਗੇਗਾ।ਯਿਸੂ ਨੇ ਕਿਹਾ ਸੀ," ਦੋ ਜਣੇ ਬਿਸਤਰੇ 'ਤੇ ਹੋਣਗੇ ਅਤੇ ਮੈਂ ਇੱਕ ਨੂੰ ਲੈ ਲਵਾਂਗਾ ਅਤੇ ਦੂਸਰੇ ਨੂੰ ਛੱਡ ਦਿਆਂਗਾ।" ਇਹ ਰਾਤ ਦੀ ਗੱਲ ਹੈ। "ਦੋ ਜਣੇ ਖੇਤ ਵਿੱਚ ਹੋਣਗੇ "ਇਹ ਸੰਸਾਰ ਦੇ ਦੂਸਰੇ ਹਿੱਸੇ ਦੀ ਗੱਲ ਹੈ ਜਿੱਥੇ ਦਿਨ ਹੋਵੇਗਾ।," ਦੋ ਜਣੇ ਖੇਤ ਵਿੱਚ ਕੰਮ ਕਰਦੇ ਹੋਣਗੇ ਅਤੇ ਮੈਂ ਇੱਕ ਨੂੰ ਲੈ ਲਵਾਂਗਾ ਅਤੇ ਇੱਕ ਨੂੰ ਛੱਡ ਦਿਆਂਗਾ।" ਅਤੇ ਜਿਵੇਂ ਕਿ ਨੂਹ ਦੇ ਦਿਨਾਂ ਵਿੱਚ ਹੋਇਆ ਸੀ ਉਸੇ ਤਰ੍ਹਾਂ ਮਨੁੱਖ ਦੇ ਪੁੱਤਰ ਦੇ ਪ੍ਰਗਟ ਹੋਣ ਦੇ ਦਿਨਾਂ ਵਿੱਚ ਹੋਵੇਗਾ।"

ਵਾਲਾ ਹੈ , ਅਤੇ ਫਿਰ ਤੂੰ ਮਰ ਕੇ ਜੀ ਉੱਠੇਂਗਾ।ਤੂੰ ਮਸੀਹ ਹੈ, ਜੋ ਆਪਣੇ ਸਿੰਘਾਸਣ 'ਤੇ ਬੈਠੇਗਾ।ਹੁਣ ਕਿਉਂ ਗ੍ਰੰਥੀ ਕਹਿੰਦੇ ਹਨ ..... ਸਾਡੀਆਂ ਸਾਰੀਆਂ ਪਵਿੱਤਰ ਲਿਖਤਾਂ ਕਹਿੰਦੀਆਂ ਹਨ,ਲਿਖਤਾਂ ਸਾਫ ਕਹਿੰਦੀਆਂ ਹਨ ਕਿ ਮਸੀਹ ਦੇ ਆਉਣ ਤੋਂ ਪਹਿਲਾਂ ਏਲੀਯਾਹ ਆਏਗਾ।"ਜੀ ਹਾਂ।ਸਮਝੇ?

367 ਉਸਨੇ ਕਿਹਾ, " ਉਹ ਤਾਂ ਪਹਿਲਾਂ ਹੀ ਆ ਚੁੱਕਿਆ ਅਤੇ ਤੁਸਾਂ ਉਸਨੂੰ ਨਾ ਜਾਣਿਆ।" ਚੇਲਿਆ ਨੇ ਪੁੱਛਿਆ।ਹੁਣ ਸਾਨੂੰ ਦੱਸ ਕਿ ਉਹ ਕੌਣ ਸੀ?"

368 ਇੱਥੇ ਮੈਂ ਤੁਹਾਨੂੰ ਥੋੜੀ ਠੇਸ ਪਹੁੰਚਾਉਣਾ ਚਾਹੁੰਦਾ ਹਾਂ, ਪ੍ਰੰਤੂ ਮੇਰਾ ਇਹ ਮਤਲਬ ਬਿਲਕੁੱਲ ਨਹੀਂ ਹੈ।ਮੈਂ ਅਗਲੇ ਸਿਰਫ ਇੱਕ ਜਾਂ ਦੋ ਮਿੰਟ ਲਈ ਅਜਿਹਾ ਹੀ ਕਰਨ ਜਾ ਰਿਹਾ ਹਾਂ, ਪ੍ਰੰਤੂ ਸਿਰਫ ਇਸ ਲਈ ਕਰ ਰਿਹਾਂ ਹਾਂ ਤਾਂ ਕਿ ਤੁਸੀਂ ਇਸ ਨੂੰ ਪੱਕੀ ਤਰ੍ਹਾਂ ਸਮਝ ਜਾਓ।ਕੀ ਤੁਸੀਂ ਮੈਨੂੰ ਸੁਣ ਰਹੇ ਹੋ?[ਸੰਗਤ ਆਖਦੀ ਹੈ, " ਅਮੀਨ"-ਸੰਪਾ]

369 ਵੇਖੋ!"ਕਿਉਂ?" ਉਹਨਾਂ ਲੋਕਾਂ ਨੇ ਜੋ ਮਸੀਹ ਦੇ ਨਾਲ ਚੱਲੇ ਸਨ, ਪੁੱਛਿਆ, ਲਿਖਤਾਂ ਫਿਰ ਕਿਉਂ, ਇਹ ਕਹਿੰਦੀਆਂ ਹਨ ਕਿ ਏਲੀਯਾਹ ਦਾ ਪਹਿਲਾਂ ਆਉਣਾ ਜਰੂਰ ਹੈ?" ਅਤੇ ਇਹ ਲੋਕ ਉਹ ਸਨ ਜੋ ਯੂਹੰਨਾ ਰਾਹੀਂ ਤੋਬਾ ਕੀਤੇ ਹੋਏ ਸਨ ਅਤੇ ਉਸਨੂੰ ਜਰਾ ਜਿੰਨਾ ਵੀ ਨਹੀਂ ਜਾਣਦੇ ਸਨ।ਜਿਹੜੇ ਚੇਲੇ ਯੂੰਹਨਾ ਦੇ ਨਾਲ ਚੱਲੇ ਸਨ, ਉਹ ਹੀ ਯਿਸੂ ਨੂੰ ਇਹ ਪੁੱਛਦੇ ਹਨ ਕਿ," ਫਿਰ ਗ੍ਰੰਥੀ ਕਿਉਂ ਇਹ ਕਹਿੰਦੇ ਹਨ, ਲਿਖਤਾਂ ਕਿਉਂ ਕਹਿੰਦੀਆਂ ਹਨ ਕਿ ਏਲੀਯਾਹ ਦਾ ਪਹਿਲਾਂ ਆਉਣਾ ਜਰੂਰ ਹੈ,ਅਤੇ ਸਾਰੀਆਂ ਚੀਜ਼ਾਂ ਦਾ ਸੁਧਾਰ ਕਰੇਗਾ?" ਵੇਖਿਆ? ਕੀ ਤੁਸੀਂ ਸਮਝ ਗਏ ਮੇਰੇ ਕਹਿਣ ਦਾ ਮਤਲਬ ਕੀ ਹੈ?ਯਿਸੂ ਨੇ ਲੱਗਭੱਗ ਅੱਧੀ ਦਰਜਨ ਲੋਕਾਂ ਦੇ ਸਾਹਮਣੇ ਇਸ ਗੱਲ ਨੂੰ ਕਿਹਾ ਸੀ, ਅਤੇ ਇੰਨੇ ਹੀ ਲੋਕ ਉਸ ਸਮੇਂ ਯਿਸੂ ਦੇ ਨਾਲ ਸਨ।ਸਮਝੇ? ਕੇਵਲ ਇੰਨੇ ਹੀ ਲੋਕਾਂ ਤੋਂ ਉਸਨੇ ਇਸ ਗੱਲ ਨੂੰ ਕਬੂਲ ਕਰਨ ਦੀ ਆਸ ਕੀਤੀ ਸੀ।ਬੱਸ ਇੰਨੇ ਹੀ ਲੋਕ ਇਸ ਨੂੰ ਜਾਨਣ ਦੇ ਲਈ ਠਹਿਰਾਏ ਗਏ ਸਨ।

370 ਯਿਸੂ ਨੇ ਕਿਹਾ, " ਉਹ ਤਾਂ ਆ ਚੁੱਕਾ ਹੈ, ਅਤੇ ਤੁਸੀਂ ਇਹ ਨਹੀਂ ਜਾਣਦੇ ਹੋ । ਪ੍ਰੰਤੂ ਉਸਨੇ ਬਿਲਕੁੱਲ ਉਹਨਾਂ ਹੀ ਕੰਮਾਂ ਨੂੰ ਕੀਤਾ ਜੋ ਵਚਨ ਵਿੱਚ ਦੱਸਿਆ ਗਿਆ ਹੈ ਕਿ ਉਹ ਕਰੇਗਾ।ਉਸਨੇ ਤੁਹਾਨੂੰ ਸਾਰਿਆਂ ਨੂੰ ਸੁਧਾਰਿਆ ਜਿਹਨਾਂ ਨੇ ਮੈਨੂੰ ਕਬੂਲ ਕੀਤਾ ਅਤੇ ਮੇਰੇ ਉੱਤੇ ਵਿਸ਼ਵਾਸ਼ ਕੀਤਾ ਹੈ। ਉਸਨੇ ਬਿਲਕੁੱਲ ਉਹਨਾਂ ਹੀ ਕੰਮਾਂ ਨੂੰ ਕੀਤਾ ਜੋ ਵਚਨ ਵਿੱਚ ਦੱਸਿਆ ਗਿਆ ਸੀ ਕਿ ਉਹ ਕਰੇਗਾ।ਅਤੇ ਲੋਕਾਂ ਨੇ ਉਸਦੇ ਨਾਲ ਉਸੇ ਤਰ੍ਹਾਂ ਹੀ ਕੀਤਾ ਜਿਵੇਂ ਲਿਖਤਾਂ ਵਿੱਚ ਕਿਹਾ ਗਿਆ ਸੀ ਕਿ ਉਹ ਕਰਨਗੇ। ਉਹ ਤਾਂ ਆ ਚੁੱਕਾ ਹੈ ਅਤੇ ਤੁਸੀਂ ਇਹ ਨਹੀਂ ਜਾਣਦੇ ਹੋ।"

371 ਕੀ ਤੁਸੀਂ ਤਿਆਰ ਹੋ? ਮੈਂ ਤੁਹਾਨੂੰ ਥੋੜੀ ਜਿਹੀ ਸੱਟ ਮਾਰਨਾ ਚਾਹੁੰਦਾ ਹਾਂ। ਉਠਾਏ ਜਾਣਾ ਬਿਲਕੁੱਲ ਇਸੇ ਤਰ੍ਹਾਂ ਹੀ ਹੋਵੇਗਾ।ਇਹ ਬਹੁਤ ਹੀ ਸਾਦਗੀ ਵਿੱਚ ਹੋਵੇਗਾ।ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਹ ਠੀਕ ਇਸੇ ਤਰ੍ਹਾਂ ਹੀ ਹੋਵੇਗਾ।ਜਦ ਤੱਕ ਉਠਾਏ ਜਾਣਾ ਇਹਨਾਂ ਦਿਨਾਂ ਵਿੱਚ ਕਿਸੇ ਦਿਨ ਨਹੀਂ ਹੋ ਜਾਂਦਾ ਹੈ, ਕੋਈ ਵੀ ਇਸਦੇ ਬਾਰੇ ਵਿੱਚ ਕੁਝ ਵੀ ਨਹੀਂ ਜਾਣ ਸਕੇਗਾ।ਹੁਣ,ਤੁਸੀਂ ਮੇਰੀ ਇਸ ਗੱਲ ਤੋਂ ਉੱਖੜ ਨਾ ਜਾਣਾ, ਨਹੀਂ, ਨਹੀਂ, ਜਰਾ ਰੁਕੋ, ਅਤੇ ਇਸ ਉੱਤੇ ਵਿਚਾਰ ਕਰੋ। ਯਕੀਨਨ ਮੈਂ ਅਪਣੀ ਗੱਲ ਖਤਮ ਕਰਨ ਜਾ ਰਿਹਾਂ ਹਾਂ।ਉਠਾਏ ਜਾਣਾ ਇੰਨੇ ਸਾਦਾ ਢੰਗ ਨਾਲ ਹੋਵੇਗਾ ਕਿ ਨਿਆਂ ਆ ਪਵੇਗਾ ਅਤੇ ਉਹ ਮਨੁੱਖ ਦੇ ਪੁੱਤਰ ਨੂੰ ਵੇਖਣਗੇ, ਅਤੇ ਕਹਿਣਗੇ," ਕੀ ਇਸ



50 ਪ੍ਰੰਤੂ ਅਜਿਹਾ ਹੁੰਦਾ ਹੈ ਕਿ ਮੈਂ ਅਜਿਹਾ ਕਰ ਸਕਦਾ ਹਾਂ । ਸੋ ਮੈਂ ਚਹੁੰਦਾ ਹਾਂ ਕਿ ਤੁਸੀਂ ਮੇਰੀਆਂ ਗੱਲਾਂ ਯਾਦ ਰੱਖੋ, ਤੁਸੀਂ ਸਮਝੇ । ਦੇਖੋ, ਇਹ ਸਭ ਟੇਪ ਹੋ ਰਿਹਾ ਹੈ । ਸਭ ਕੁਝ ਟੇਪ ਹੋ ਰਿਹਾ ਹੈ । ਅਤੇ ਕਿਰਪਾ ਕਰਕੇ ਹਰੇਕ ਡੀਕਨ ਆਪਣੇ ਫਰਜ਼ ਦੀ ਥਾਂ ਤੇ ਖੜਾ ਰਹੇ ਅਤੇ ਯਾਦ ਰਹੇ ਕਿ ਉਸ ਅਹੁਦੇ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਤੁਹਾਨੂੰ ਪ੍ਰਮੇਸ਼ੁਰ ਵੱਲੋਂ ਆਗਿਆ ਮਿਲੀ ਹੈ।ਸਮਝੇ? ਹਰ ਇੱਕ ਟਰੱਸਟੀ ਨੇ ਵੀ ਅਜਿਹਾ ਹੀ ਕਰਨਾ ਹੈ । ਪਾਦਰੀ ਨੇ ਸਾਹਮਣੇ ਲਿਆਉਣਾ ਹੈ .......

51 ਪਾਦਰੀ ਦਾ ਕੰਮ ਇਹ ਸਭ ਕਹਿਣਾ ਨਹੀਂ ਹੈ । ਇਹ ਕੰਮ ਤਾਂ ਟਰੱਸਟੀਆਂ ਦਾ ....... ਮੇਰਾ ਮਤਲਬ ਹੈ ਕਿ ਇਹ ਕੰਮ ਤਾਂ ਡੀਕਨਾਂ ਦਾ ਹੈ ਕਿਉਂਕਿ ਉਹ ਸੰਗਤੀ ਦੇ ਪੁਲਿਸ ਮੈਨ ਹਨ । ਇਸੇ ਤਰ੍ਹਾਂ ਹੀ ਹੈ ।ਜੇ ਕੋਈ ਨੌਜਵਾਨ ਜੋੜੇ ਗਿਰਜੇ ਦੇ ਬਾਹਰ ਖੜੇ ਹੋ ਕੇ ਗੱਡੀ ਆਦਿ ਦਾ ਹਾਰਨ ਵਜਾਉਂਦੇ ਹਨ ਜਾਂ ਸੰਗਤੀਆਂ ਦੇ ਦੌਰਾਨ ਅਜਿਹਾ ਹੀ ਕੁਝ ਕਰਦੇ ਹਨ, ਅਤੇ ਤੁਸੀਂ ਜਾਣਦੇ ਹੋ ਕਿ ਉਹ ਅਕਸਰ ਅਜਿਹਾ ਕਿਸ ਤਰ੍ਹਾਂ ਕਰਦੇ ਹਨ ਤਾਂ ਤੁਸੀਂ ਬਾਹਰ ਜਾ ਕੇ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕੋ । ਅਤੇ ਜੇ ਕੋਈ ਮਾਂ ਆਪਣੀ ਲੜਕੀ ਨੂੰ ਇੱਥੇ ਗਿਰਜੇ ਵਿੱਚ ਭੇਜੇ ਅਤੇ ਉਹ ਕਿਸੇ ਆਵਾਰਾਗਰਦ ਮੁੰਡੇ ਨਾਲ ਬੈਠ ਕੇ ਕਾਰ ਵਿੱਚ ਜਾਣ ਲੱਗੇ ,ਅਤੇ ਉਸਦੀ ਮਾਂ ਸੋਚ ਰਹੀ ਹੈ ਕਿ ਉਹ ਗਿਰਜੇ ਵਿੱਚ ਹੈ; ਡੀਕਨ ਨੂੰ ਚਾਹੀਦਾ ਹੈ ਕਿ ਉਹ ਇਹ ਸਭ ਦੇਖੇ , ਅਤੇ ਅਜਿਹੀ ਲੜਕੀ ਨੂੰ ਕਹੇ ਕਿ, " ਜਾਂ ਤਾਂ ਤੂੰ ਗਿਰਜੇ ਵਿੱਚ ਆ ਕੇ ਬੈਠ ਜਾ ਨਹੀਂ ਤਾਂ ਮੈਂ ਤੈਨੂੰ ਆਪਣੀ ਕਾਰ ਵਿੱਚ ਬਿਠਾ ਕੇ ਤੇਰੀ ਮਾਂ ਦੇ ਘਰ ਛੱਡ ਆਉਂਦਾ ਹਾਂ ।" ਸਮਝੇ ? ਤੁਹਾਨੂੰ ਅਜਿਹਾ ਕਰਨਾ ਚਾਹੀਦਾ ਹੈ ।

52 ਚੇਤੇ ਰੱਖੋ , ਪਿਆਰ ਸਦਾ ਸੁਧਾਰਕ ਹੁੰਦਾ ਹੈ ।ਸੱਚਾ ਪਿਆਰ ਸੁਧਾਰਕ ਹੁੰਦਾ ਹੈ ਸੋ ਤੁਹਾਨੂੰ ਸੁਧਾਰ ਕਰਨ ਲਈ ਖੜੇ ਹੋਣਾ ਚਾਹੀਦਾ ਹੈ । ਅਤੇ ਮਾਂਵਾਂ ਨੂੰ ਹੁਣ ਪਤਾ ਲੱਗ ਗਿਆ ਹੈ ਕਿ ਉਹਨਾਂ ਦੇ ਛੋਟੇ ਬੱਚਿਆਂ ਲਈ ਉੱਥੇ ਇੱਕ ਜਗ੍ਹਾ ਹੈ ।ਤੁਸੀ ਜੋ ਵੱਡੇ ਬੱਚੇ ਹੋ , ਤੁਹਾਨੂੰ ਪਤਾ ਹੈ ਕਿ ਭਵਨ ਵਿੱਚ ਦੌੜਨਾ ਭੱਜਣਾ ਠੀਕ ਨਹੀਂ ਹੈ। ਸਮਝ ਗਏ ? ਅਤੇ ਤੁਹਾਨੂੰ ਬਾਲਗਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਭਵਨ ਵਿੱਚ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ - ਭਵਨ ਵਿੱਚ ਤੁਹਾਡੀ ਗੱਲਬਾਤ ਹੀ ਨਹੀਂ ਚੱਲਦੀ ਰਹਿਣੀ ਚਹੀਦੀ । ਸਮਝੇ ? ਤੁਸੀਂ ਅਜਿਹਾ ਨਾ ਕਰੋ । ਇਹ ਗਲਤ ਹੈ । ਇਹ ਸਭ ਪ੍ਰਮੇਸ਼ੁਰ ਨੂੰ ਖੁਸ਼ ਨਹੀਂ ਕਰਦਾ ਹੈ ।

53 ਯਿਸੂ ਨੇ ਕਿਹਾ ਸੀ, " ਇਹ ਲਿਖਿਆ ਹੋਇਆ ਹੈ ਕਿ, ਮੇਰਾ ਘਰ ਪ੍ਰਾਰਥਨਾ ਦਾ ਘਰ ਹੋਵੇਗਾ, ਜੋ ਜਾਤੀ ਜਾਤੀ ਦੇ ਲੋਕਾਂ ਰਾਹੀਂ ਪ੍ਰਾਰਥਨਾ ਦਾ ਘਰ ਸਦਾਵੇਗਾ ।" ਅਤੇ ਜਦ ਲੋਕ ਉੱਥੇ ਖਰੀਦ ਵੇਚ ਕਰ ਰਹੇ ਸਨ, ਤਾਂ ਉਸਨੇ ਲੋਕਾਂ ਦੇ ਕੋੜੇ ਮਾਰੇ ਸਨ ਅਤੇ ਉਹਨਾਂ ਨੂੰ ਭਵਨ ਵਿੱਚੋਂ ਬਾਹਰ ਕੱਢਿਆ ਅਤੇ ਹੁਣ ਅਸੀਂ ਸੱਚ ਵਿੱਚ ਹੀ ਇਸ ਭਵਨ ਵਿੱਚ ਅਜਿਹਾ ਨਹੀਂ ਚਹੁੰਦੇ ਹਾਂ । ਸੋ ਆਓ ਅਸੀਂ ਆਪਣੇ ਜੀਵਨਾਂ ਨੂੰ , ਆਪਣਾ ਗਿਰਜਾ, ਆਪਣੇ ਕੰਮ, ਆਪਣੀ ਸੇਵਾ ਅਤੇ ਜੋ ਕੁਝ ਵੀ ਸਾਡੇ ਕੋਲ ਹੈ, ਉਸਨੂੰ ਪਰਮੇਸ਼ੁਰ ਦੇ ਰਾਜ ਲਈ ਸਮਰਪਿਤ ਕਰੀਏ ।

54 ਹੁਣ, ਇਸ ਤੋਂ ਪਹਿਲਾਂ ਕਿ ਅਸੀਂ ਪ੍ਰਾਰਥਨਾ ਕਰੀਏ , ਮੈਂ ਕੁਝ ਹਵਾਲੇ ਪੜ੍ਹਨਾ ਚਹੁੰਦਾ ਹਾਂ । ਅਤੇ ਇਸ ਤੋਂ ਬਾਦ ਇਸ ਦਾ ਸਮਰਪਿਤ ਕਰਨਾ ਦੂਸਰੀ ਵਾਰ ਹੋਵੇਗਾ, ਕਿਉਂਕਿ ਇਸਦਾ ਅਸਲੀ ਸਮਰਪਣ ਜਾਂ ਮਣਸਣਾਂ ਤਾਂ ਤੀਹ ਸਾਲ ਪਹਿਲਾਂ ਹੀ ਕਰ ਦਿੱਤਾ ਗਿਆ ਸੀ । ਹੁਣ ......

ਜਦਕਿ ਅਸੀਂ ਇਸ ਵਚਨ ਨੂੰ ਪੜ੍ਹਦੇ ਹਾਂ ਅਤੇ ਕੁਝ ਮਿੰਟਾਂ ਲਈ ਇਸ ਵਚਨ ਤੇ ਬੋਲਦੇ ਹਾਂ , ਤਾਂ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਪ੍ਰਮੇਸ਼ੁਰ ਆਪਣੀਆਂ ਬਰਕਤਾਂ ਸਾਨੂੰ ਦੇਵੇਗਾ ।

55 ਅਤੇ ਹੁਣ ਇੱਕ ਹੋਰ ਗੱਲ ਸੀ ਜਿਸਨੂੰ ਮੈਂ ਦੱਸਣਾ ਚਹੁੰਦਾ ਸੀ ।ਜੀ ਹਾਂ । ਜਿੱਥੇ ਅਸੀਂ ਰਿਕਾਰਡਿੰਗ ਆਦਿ ਕਰਦੇ ਹਾਂ , ਉਸਦੇ ਲਈ ਸਾਡੇ ਕੋਲ ਇੱਕ ਨਿਸ਼ਚਿਤ ਕਮਰਾ ਹੈ , ਤਾਂ ਕਿ ਜੋ ਕੋਈ ਰਿਕਾਰਡਿੰਗ ਕਰਨਾ ਚਹੁੰਦਾ ਹੈ, ਉਹ ਰਿਕਾਰਡਿੰਗ ਕਰ ਸਕੇ । ਉੱਥੇ ਪਲੱਗ ਆਦਿ ਦਾ ਅਤੇ ਬਾਕੀ ਸਭ ਕੁਝ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ ਅਤੇ ਉਸ ਕਮਰੇ ਵਿੱਚ ਅਵਾਜ ਸਿੱਧੀ ਮੁੱਖ ਮਾਈਕ ਤੋਂ ਆਉਂਦੀ ਹੈ ।

ਉੱਥੇ ਬਪਤਿਸਮੇ ਲਈ ਕੱਪੜੇ ਹੈਗੇ ਹਨ , ਕਮਰੇ ਹੈਗੇ ਹਨ , ਹਰ ਚੀਜ਼ ਬਪਤਿਸਮੇ ਦੀ ਸੇਵਾ ਲਈ ਮੌਜੂਦ ਹੈ ।

56 ਅਤੇ ਇੱਕ ਗੱਲ ਹੈ ਜੋ ਮੈਂ ਕਹਿਣਾ ਚਹੁੰਦਾ ਹਾਂ, ਕੁਝ ਲੋਕਾਂ ਨੇ ਹਮੇਸ਼ਾਂ ਹੀ ਮੇਰੀ ਇਸ ਗੱਲ ਦਾ ਬੁਰਾ ਮੰਨਿਆ ਹੈ , ਕਿ ਮੈਂ ਗਿਰਜੇ ਵਿੱਚ ਸਲੀਬ ਲਗਾਈ ਹੋਈ ਹੈ- ਉਹ ਲੋਕ ਜਿਹੜੇ ਸੱਚੀਂ ਹੀ ਵਚਨ ਤੋਂ ਅਨਜਾਣ ਹਨ ਬੁਰਾ ਮੰਨਦੇ ਹਨ । ਮੈਨੂੰ ਯਾਦ ਹੈ ਕਿ ਇੱਕ ਵਾਰ ਇੱਥੇ ਇਸੇ ਸਿਲਸਿਲੇ ਵਿੱਚ ਕੁਝ ਹੋਇਆ ਸੀ । ਮੇਰੇ ਕੋਲ ( ਭਵਨ ਵਿੱਚ ) ਤਿੰਨ ਸਲੀਬਾਂ ਸਨ, ਅਤੇ ਇੱਕ ਭਾਈ ਇਸਤੋਂ ਬਹੁਤ ਹੀ ਪ੍ਰੇਸ਼ਾਨ ਹੋ ਗਿਆ ਸੀ, ਕਿਉਂਕਿ ਉਸਨੇ ਕਿਸੇ ਮਿਸ਼ਨ ਦੀ ਸਿੱਖਿਆ ਸੁਣੀ ਹੋਈ ਸੀ ਕਿ ਸਲੀਬ ਗੱਡਣ ਦਾ ਮਤਲਬ ਹੁੰਦਾ ਹੈ ਰੋਮਨ ਕੈਥੋਲਿਕ ਹੋਣਾ ।

57 ਮੈਂ ਚਾਹੁੰਦਾ ਹਾਂ ਕਿ ਵਚਨ ਦਾ ਕੋਈ ਵਿਦਿਆਰਥੀ ਜਾਂ ਕੋਈ ਹੋਰ ਜਾਂ ਕੋਈ ਨਵਾਂ ਜਨਮ ਪਾਇਆ ਮੈਨੂੰ ਦੱਸੇ ਕਿ ਕੀ ਸਿਰਫ ਕੈਥੋਲਿਕਾਂ ਦਾ ਹੀ ਸਲੀਬ ਉੱਤੇ ਅਧਿਕਾਰ ਹੈ । ਮਸੀਹ ਦੀ ਸਲੀਬ ਕੈਥੋਲਿਕਵਾਦ ਨੂੰ ਨਹੀਂ ਦਰਸਾਉਂਦੀ ਹੈ । ਸਲੀਬ ਪ੍ਰਮੇਸ਼ੁਰ ਦੇ ਰਾਹ ਨੂੰ , ਪ੍ਰਮੇਸ਼ੁਰ ਦੇ ਰਾਜ ਨੂੰ ਦਰਸਾਉਂਦੀ ਹੈ । ਹੁਣ , ਸੰਤ ਹਨ ਜਿਹੜੇ ਕੈਥੋਲਿਕ ਮੱਤ ਨੂੰ ਪ੍ਰਗਟ ਕਰਦੇ ਹਨ । ਅਸੀਂ ਵਿਸ਼ਵਾਸ਼ ਕਰਦੇ ਹਾਂ ਕਿ " ਪ੍ਰਮੇਸ਼ੁਰ ਅਤੇ ਮਨੁੱਖਾਂ ਦੇ ਵਿਚਕਾਰ ਇੱਕੋ ਹੀ ਵਿਚੋਲਾ ਹੈ ਅਤੇ ਉਹ ਯਿਸੂ ਹੈ ।" ਪ੍ਰੰਤੂ ਕੈਥੋਲਿਕ ਕਈ ਪ੍ਰਕਾਰ ਦੇ ਵਿਚੋਲਿਆਂ ਵਿੱਚ ਵਿਸ਼ਵਾਸ਼ ਕਰਦੇ ਹਨ, ਹਜਾਰਾਂ ਮਨੁੱਖ ਅਤੇ ਔਰਤਾਂ ਅਤੇ ਕਈ ਕੁਝ; ਕੋਈ ਵੀ ਭਲਾ ਕੈਥੋਲਿਕ ਆਦਮੀ ਮਰਨ ਤੋਂ ਬਾਦ ਵਿਚੋਲਾ ਬਣ ਜਾਂਦਾ ਹੈ - ਉਹ ਇਸ ਤਰ੍ਹਾਂ ਵਿਸ਼ਵਾਸ਼ ਕਰਦੇ ਹਨ।ਹੁਣ ਦੇਖੋ , ਮਸੀਹ ਦੀ ਸਲੀਬ ਤਾਂ ਯਿਸੂ ਮਸੀਹ ਨੂੰ ਦਰਸਾਉਂਦੀ ਹੈ ।

58 ਕੀ ਤੁਹਾਨੂੰ ਪਤਾ ਹੈ, ਕਿ ਮੁੱਢਲੀ ਕਲੀਸਿਯਾ ਦੇ ਪ੍ਰਾਚੀਨ ਇਤਿਹਾਸ ਅਨੁਸਾਰ ਸ਼ੁਰੂ ਦੇ ਮਸੀਹੀ ਜਿੱਥੇ ਕਿਤੇ ਵੀ ਜਾਂਦੇ ਸਨ, ਉਹ ਆਪਣੀ ਪਿੱਠ ਤੇ ਸਲੀਬ ਚੁੱਕ ਕੇ ਲੈ ਜਾਂਦੇ ਸਨ, ਤਾਂ ਕਿ ਉਹ ਇਹ ਪ੍ਰਗਟ ਕਰਨ ਕਿ ਉਹ ਮਸੀਹੀ ਹਨ ? ਹੁਣ, ਕੈਥੋਲਿਕ ਲੋਕ ਇਹ ਦਾਵਾ ਕਰਦੇ ਹਨ ਕਿ ਉਹ ਲੋਕ ਉਹ ਹੀ ਸਨ। ਯਕੀਨਨ ਹੀ ਉਨ੍ਹਾਂ ਦਾ ਇਹ ਹੀ ਦਾਵਾ ਹੈ ਕਿ ਉਹ ਲੋਕ ਹੀ ਸਨ ਜੋ ਸਭ ਤੋਂ ਪਹਿਲਾਂ ਇਸ ਤਰ੍ਹਾਂ ਕਰਿਆ ਕਰਦੇ ਸਨ, ਪ੍ਰੰਤੂ ਉਦੋਂ ਤਾਂ ਕੈਥੋਲਿਕ ਜਥੇਬੰਦੀ ਜਾਂ ਪ੍ਰਣਾਲੀ ਬਣੀ ਵੀ ਨਹੀਂ ਸੀ । ਸਮਝੇ ? ਪ੍ਰੰਤੂ ਮਸੀਹੀ ਲੋਕ ਸਲੀਬਾਂ ਚੁੱਕ ਕੇ ਫਿਰਦੇ ਸਨ .... ਤੁਸੀਂ ਲੋਕਾਂ ਨੂੰ ਕਹਿੰਦੇ ਸੁਣਿਆ ਹੋਵੇਗਾ, " ਸਲੀਬ ਵਾਲੀ ਪਿੱਠ ਜਾਂ ਸਲੀਬ ਪਿੱਠ ਤੇ ।" ਕੀ ਤੁਸੀਂ ਉਹਨਾਂ ਲੋਕਾਂ ਨੂੰ ਕੈਥੋਲਿਕ ਲੋਕਾਂ ਵਰਗੇ ਠਹਿਰਾ ਸਕਦੇ ਹੋ ।



360 ਅਤੇ ਉੱਥੇ ਉਹਨਾਂ ਨੇ ਉਸ ਤਸਵੀਰ ਨੂੰ ਖਿੱਚਿਆ ਜਿਸਨੇ ਸਾਰੀ ਦੁਨੀਆਂ ਵਿੱਚ ਹੱਲਚੱਲ ਮਚਾ ਦਿੱਤੀ।ਇੱਥੋਂ ਤੱਕ ਕਿ ਵਿਗਿਆਨੀਆਂ ਨੇ ਵੀ ਕਿਹਾ ਕਿ ਇਤਿਹਾਸ ਵਿੱਚ ਇਸ ਤਰ੍ਹਾਂ ਪਹਿਲਾਂ ਕਦੇ ਵੀ ਨਹੀਂ ਹੋਇਆ ਜਦ ਕਦੇ ਅਲੌਕਿਕ ਹੋਂਦ ਦੀ ਤਸਵਰਿ ਖਿੱਚੀ ਗਈ ਹੋਵੇ, ਅਤੇ ਇਹ ਤਸਵੀਰ ਵਸ਼ਿੰਗਟਨ ਡੀ.ਸੀ., ਵਿਖੇ ਧਾਰਮਿਕ ਕਲਾਵਾਂ ਦੇ ਹਾਲ ਵਿੱਚ ਟੰਗੀ ਹੋਈ ਹੈ।ਇਹ ਤਸਵੀਰ ਉੱਥੇ ਟੰਗੀ ਹੋਈ ਹੈ, ਤਦ ਸਾਦਗੀ ਪ੍ਰਗਟ ਕੀਤੀ ਗਈ ਸੀ। ਵੇਖਿਆ? ਸਮਝੇ? ਪ੍ਰਮੇਸ਼ੁਰ ਆਪਣੇ ਆਪ ਨੂੰ ਸਾਦਗੀ ਵਿੱਚ ਛਿਪਾ ਰਿਹਾ ਹੈ ਅਤੇ ਫਿਰ ਖੁਦ ਨੂੰ ਉਸੇ ਵਿੱਚ ਪਰਗਟ ਕਰ ਰਿਹਾ ਹੈ।ਸਮਝ ਲੱਗੀ?

361 ਹੁਣ, ਉਸਨੇ ਆਪਣੇ ਆਪ ਨੂੰ ਮਸੀਹ ਦੀ ਮੌਤ ਅੰਦਰ ਲੁਕੋਇਆ ਸੀ, ਅਤੇ ਜੀ ਉੱਠਣ ਦੀ ਸੂਰਤ ਵਿੱਚ ਆਪਣੇ ਆਪ ਨੂੰ ਪ੍ਰਗਟ ਕੀਤਾ।ਹੇ ਮੇਰੇ, ਪ੍ਰਮੇਸ਼ੁਰ!ਤੁਸੀਂ ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗੱਲਾਂ ਵਿੱਚ ਵੇਖ ਸਕਦੇ ਹੋ .....ਇਹਨਾਂ ਦਾ ਕੋਈ ਅੰਤ ਨਹੀਂ ਹੈ; ਤੁਸੀਂ ਇਸਦੇ ਬਾਰੇ ਵਿੱਚ ਗੱਲਾਂ ਕਰਦੇ ਹੀ ਰਹਿ ਸੱਕਦੇ ਹੋ।ਇੱਥੇ ਹੋ ਤੁਸੀਂ, ਸਮਝੇ?

362 ਇਸ ਗੱਲ ਦਾ ਇਨਕਾਰ ਕਰਨਾ ਕਿ ਸੂਰਜ਼ ਦੀ ਰੋਸ਼ਨੀ ਨਹੀਂ ਹੈ, ਇਸ ਤਰ੍ਹਾਂ ਕੀਤਾ ਜਾ ਸੱਕਦਾ ਹੈ ਕਿ ਤੁਸੀਂ ਤਹਿਖਾਨੇ ਵਿੱਚ ਜਾ ਕੇ ਆਪਣੀਆਂ ਅੱਖਾਂ ਬੰਦ ਕਰ ਲਓ, ਅਤੇ ਇਹ ਠੀਕ ਗੱਲ ਹੈ। ਅਤੇ ਯਾਦ ਰੱਖੋ ਕਿ ਇੱਕ ਹੀ ਤਰੀਕੇ ਨਾਲ ਤੁਸੀਂ ਗਲਤ ਹੋ ਸੱਕਦੇ ਹੋ ਕਿ ਪਹਿਲਾਂ ਤੁਸੀਂ ਸਹੀ ਗੱਲ ਨੂੰ ਰੱਦ ਦਿਓ। ਵੇਖਿਆ? ਅਤੇ ਤੁਸੀਂ ਆਪਣੀਆਂ ਅੱਖਾਂ ਨੂੰ ਤੋਂ ਇਨਕਾਰ ਕਰੋ ਤਾਂ ਤੁਸੀਂ ਕਿਵੇਂ ਵੇਖ ਸੱਕਦੇ ਹੋ? ਸਮਝੇ? ਤੁਸੀਂ ਸਾਦਾ ਚੀਜ਼ਾਂ ਤੇ ਧਿਆਨ ਦਿਓ।ਇਹ ਛੋਟੀਆਂ-ਛੋਟੀਆਂ ਸਰਲ ਗੱਲਾਂ ਜਾਂ ਚੀਜ਼ਾਂ ਹੀ ਹਨ ਜਿਹਨਾਂ ਨੂੰ ਤੁਸੀਂ ਅਣਦੇਖਾ ਕਰ ਦਿੰਦੇ ਹੋ, ਤੁਸੀਂ ਵੱਡੀਆਂ-ਵੱਡੀਆਂ ਸ਼ਾਨਦਾਰ ਚੀਜ਼ਾਂ ਨੂੰ ਅਣਦੇਖਾ ਕਰਨ ਦਾ ਯਤਨ ਨਹੀਂ ਕਰਦੇ ਹੋ।ਹੇ, ਮੇਰੇ ਪ੍ਰਭੂ!

363 ਤਦ, ਤੁਸੀਂ ਇੱਧਰ ਵੇਖੋ, ਮੈਨੂੰ ਦੱਸਣ ਦਿਓ। ਮਲਾ ....ਮੱਤੀ 11:10, ਵਿੱਚ ਯਿਸੂ ਨੇ ਕਿਹਾ, "ਜੇ ਤੁਸੀਂ ਕਬੂਲ ਕਰ ਸਕੋ ਤਾਂ, ਇਹ ਉਹੋ ਹੈ।" ਵੇਖਿਆ? " ਇਹ ਉਹੋ ਹੀ ਹੈ ਜੋ ਮੇਰੇ ਅੱਗੇ ਘ ੱਲਿਆ ਗਿਆ ਹੈ।" ਇਹ ਸਧਾਰਨਤਾ ਹੀ ਸੀ।

364 ਇੱਕ ਦਿਨ ਉਸਦੇ ਬਾਰੇ ਵਿੱਚ ਪੁੱਛਿਆ ਗਿਆ ਕਿ, "ਤਾਂ ਫਿਰ ਗ੍ਰੰਥੀ ਕਿਉਂ ਆਖਦੇ ਹਨ ਕਿ .........."

365 ਉਸਨੇ ਕਿਹਾ, "ਮਨੁੱਖ ਦਾ ਪੁੱਤਰ ਯਰੂਸ਼ਲਮ ਨੂੰ ਜਾ ਰਿਹਾ ਹੈ।ਮੈਂ ਆਪਣੇ ਆਪ ਨੂੰ ਪਾਪੀਆਂ ਦੇ ਹੱਥਾਂ ਵਿੱਚ ਸੌਂਪਣ ਜਾ ਰਿਹਾ ਹਾਂ, ਅਤੇ ਉਹ ਮਨੁੱਖ ਦੇ ਪੁੱਤਰ ਨੂੰ ਮਰਵਾ ਸੁੱਟਣਗੇ।ਅਤੇ ਉਹ ਮਰਨ ਜਾ ਰਿਹਾ ਹੈ, ਅਤੇ ਤੀਸਰੇ ਦਿਨ ਉਹ ਫਿਰ ਜੀ ਉੱਠੇਗਾ।" ਉਸਨੇ ਉਹਨਾਂ ਨੂੰ ਕਿਹਾ,"ਇਸ ਦਰਸ਼ਨ ਦੀਆਂ ਗੱਲਾਂ ਜਿਹੜਾ ਤੁਸੀਂ ਪਹਾੜ 'ਤੇ ਦੇਖਿਆ ਕਿਸੇ ਨਾਲ ਨਾ ਕਰਿਓ।"

366 ਹੁਣ ਜਰਾ ਇਸ 'ਤੇ ਵਿਚਾਰ ਕਰੋ, ਉਹ ਚੇਲੇ ਜੋ ਯੂਹੰਨਾ ਦੇ ਨਾਲ ਘੁੰਮੇ ਫਿਰ ਸਨ , ਉਸਦੇ ਨਾਲ ਗੱਲਾਂ ਕੀਤੀਆਂ ਸਨ, ਉਸਦੇ ਨਾਲ ਜੰਗਲ ਵਿੱਚ ਰੋਟੀ ਖਾਦੀ ਸੀ, ਉਸਦੇ ਨਾਲ ਨਦੀ ਦੇ ਕਿਨਾਰੇ ਬੈਠੇ ਸਨ , ਇਸਦੇ ਬਾਦ ਵੀ ਉਹ ਇਹ ਪੁੱਛਦੇ ਹਨ, " ਫਿਰ ਗ੍ਰੰਥੀ ਕਿਉਂ ਕਹਿੰਦੇ ਹਨ ਕਿ ਏਲੀਯਾਹ ਦਾ ਪਹਿਲਾਂ ਆਉਣਾ ਜ਼ਰੂਰ ਹੈ।ਤੂੰ ਕਹਿੰਦਾ ਹੈਂ ਕਿ ਤੂੰ ਸਲੀਬ 'ਤੇ ਚੜ੍ਹਾਇਆ ਜਾਣ

355 ਮੈਂ ਇੱਕ ਵੀ ਸ਼ਬਦ ਨਹੀਂ ਕਿਹਾ ਸੀ, ਮੈਂ ਉੱਥੇ ਆਪਣੇ ਪਿਤਾ ਦੇ ਕੰਮ ਨੂੰ ਕਰਨ ਲਈ ਗਿਆ ਸੀ।ਅਤੇ ਮੇਰੇ ਲਈ ਬੱਸ ਇਹ ਹੀ ਕਾਫੀ ਸੀ; ਕਿ ਮੈਂ ਉਸਦੇ ਵਚਨ 'ਤੇ ਸਥਿਰ ਖੜਾ ਰਹਾਂ।ਉਸਨੇ ਹੀ ਮੈਨੂੰ ਉੱਥੇ ਭੇਜਿਆ ਸੀ, ਅਤੇ ਇਹ ਉਸਦਾ ਹੀ ਕੰਮ ਸੀ।

356 ਉਸ ਰਾਤ ਜਦ ਮੈਂ ਉੱਥੇ ਪਹੁੰਚਿਆਂ , ਮੈਂ ਕਿਹਾ, " ਮੈਂ-ਮੈਂ-ਮੈਂ-ਮੈਂ ਰੱਬੀ ਚੰਗਾਈ ਦੇਣ ਵਾਲਾ ਨਹੀਂ ਹਾਂ। ਮੈਂ ਨਹੀਂ ਹਾਂ।ਜੇ ਕੋਈ ਇਸ ਤਰ੍ਹਾਂ ਕਹਿੰਦਾ ਹੈ ", ਤਾਂ ਉਹ ਗਲਤੀ ਕਰ ਰਿਹਾ ਹੈ।ਅਤੇ ਮੈਂ ਕਿਹਾ," ਮੈਂ ਰੱਬੀ ਚੰਗਾਈ ਦੇਣ ਵਾਲਾ ਨਹੀਂ ਕਹਾਉਣਾ ਚਾਹੁੰਦਾ ਹਾਂ।" ਮੈਂ ਕਿਹਾ," ਜੇ ਡਾਕਟਰ ਬੈਸਟ ਇੱਥੇ ਮੁਕਤੀ 'ਤੇ ਪ੍ਰਚਾਰ ਕਰਦੇ ਹਨ । ਪ੍ਰੰਤੂ ਡਾਕਟਰ ਬੈਸਟ ਕਹਿੰਦੇ ਹਨ ਕਿ ਉਹ ਅਪਣੇ ਆਪ ਨੂੰ ਮੁਕਤੀਦਾਤਾ ਨਹੀਂ ਕਹਾਉਣਾ ਚਾਹੁੰਦੇ ਅਤੇ ਮੈਂ ਕਿਹਾ ਤਾਂ ਮੈਂ ਵੀ ਰੱਬੀ ਚੰਗਾਈ ਦਾ ਪਰਚਾਰ ਕਰਦਾ ਹਾਂ, ਤਾਂ ਮੈਂ ਰੱਬੀ ਚੰਗਾਈ ਦੇਣ ਵਾਲਾ ਨਹੀਂ ਕਹਾਉਣਾ ਚਾਹੁੰਦਾ। ਪ੍ਰੰਤੂ ਉਹ ਕਹਿੰਦੇ ਹਨ ਕਿ ਉਹ ਰੱਬੀ ਮੁਕਤੀਦਾਤਾ ਨਹੀਂ ਹੈ, ਯਕੀਨਨ, ਉਹ ਨਹੀਂ ਹੈ। ਨਾ ਹੀ ਮੈਂ ਰੱਬੀ ਚੰਗਾਈ ਦੇਣ ਵਾਲਾ ਹਾਂ, ਪ੍ਰੰਤੂ ਮੈਂ ਤਾਂ ਕੇਵਲ ਇਸ 'ਤੇ ਜ਼ੋਰ ਦਿੰਦਾ ਹਾਂ ਕਿ ਉਸਦੇ ਕੋੜੇ ਖਾਣ ਨਾਲ ਅਸੀਂ ਚੰਗੇ ਹੋ ਗਏ ਹਾਂ।" ਸਮਝੇ? ਅਤੇ,ਇਸਤੇ ਉਸਨੇ ਕਿਹਾ, " ਇਹ ਮੂਰਖਤਾ ਵਾਲੀਆਂ ਗੱਲਾਂ ਹਨ!" ਤੁਸੀਂ ਜਾਣਦੇ ਹੋ ਉਹ ਫਿਰ ਇੱਧਰ ਉੱਧਰ ਚਲੇ ਗਏ।

357 ਅਤੇ ਮੈਂ ਕਿਹਾ, " ਪਰ ਜੇ ਦੂਤ ਦੀ ਹਜ਼ੂਰੀ, ਪ੍ਰਭੂ ਦੇ ਦੂਤ ਦੀ ਹਜ਼ੂਰੀ ਅਰ ਪ੍ਰਮੇਸ਼ੁਰ ਦੇ ਇਸ ਦਾਨ ਤੇ ਕੋਈ ਪ੍ਰਸ਼ਨ ਉੱਠਦਾ ਹੈ, ਤਾਂ ਉਸਨੂੰ ਸਾਬਤ ਕੀਤਾ ਜਾ ਸਕਦਾ ਹੈ।" ਅਤੇ ਲੱਗਭੱਗ ਉਸੇ ਸਮੇਂ ਉੱਥੇ ਚੱਕਰ ਕੱਟਦੀ ਹੋਈ ਉਹ ਔਰਤ ਆਈ ਅਤੇ ਕਹਿੰਦੀ ਹੈ, "ਹੁਣ ਬੋਲਣ ਦੀ ਕੋਈ ਜਰੂਰਤ ਨਹੀਂ ਹੈ। ਉਹ ਮੇਰੇ ਬਾਰੇ ਵਿੱਚ ਬੋਲ ਚੁੱਕਿਆ ਹੈ।" ਅਤੇ ਮੈਂ ਬਾਹਰ ਚਲਾ ਗਿਆ।

358 ਅਤੇ ਮੈਂ ਹਾਉਸਟਨ, ਜੋ ਕਿ ਇੱਕ ਵੱਡਾ ਸ਼ਹਿਰ ਹੈ ਗਿਆ, ਉਹ ਦੇਸ਼ ਦੇ ਸੁੰਦਰ ਸ਼ਹਿਰਾਂ ਵਿੱਚੋਂ ਇੱਕ ਹੈ। ਜਦ ਮੈਂ ਉੱਥੇ ਗਿਆ ਅਤੇ ਜਦ ਮੈਂ ਸ਼ਹਿਰ ਨੂੰ ਵੇਖਿਆ ਤਾਂ ਮੈਂ ਉਸਨੂੰ ਬੜੀ ਹੀ ਨਿੰਦੇ ਜਾਣ ਵਾਲੀ ਹਾਲਤ ਵਿੱਚ ਵੇਖਿਆ।ਸ਼ਹਿਰ ਦੀਆਂ ਗਲੀਆਂ ਗੰਦੀਆਂ ਸਨ ਹੋਟਲ ਟੈਕਸਾਸ ਐਵਨਿਉ ਦੇ ਕਾਉਂਟਰ ਬੜੇ ਗੰਦੇ ਸਨ; ਅਤੇ ਮੈਂ ਰਾਈਸ ਹੋਟਲ ਵਿੱਚ ਗਿਆ ਜਿੱਥੇ ਕਿ ਵੱਡੇ-ਵੱਡੇ ਫਿਲਮੀਂ ਸਿਤਾਰੇ ਠਹਿਰਦੇ ਹਨ, ਅਤੇ ਮੈਂ ਉਸਦੀ ਥੱਲੇ ਵਾਲੀ ਜ਼ਮੀਨੀ ਇਮਾਰਤ ਵਿੱਚ ਗਿਆ ਜੋ ਕਿ ਖਾਣ-ਪੀਣ ਦੀ ਜਗ੍ਹਾ ਹੈ, ਅਤੇ ਉਸਦੀ ਛੱਤ ਚੋਂਦੀ ਪਈ ਸੀ, ਅਤੇ ਪਲਾਸਟਰ ਦੀਆਂ ਪਾਪੜੀਆਂ ਬਣ-ਬਣ ਡਿੱਗ ਰਹੀਆਂ ਸਨ, ਅਤੇ ਉੱਥੇ ਕੂੜਾ ਕਰਕਟ ਅਤੇ ਗੰਦਗੀ ਨਾਲ ਭਰਿਆ ਪਿਆ ਸੀ। ਅਤੇ ਉੱਥੇ ਦੇ ਪ੍ਰਚਾਰਕਾਂ ਵਿੱਚ ਇੰਨੀ ਗੜਬੜ ਕਿ ਜਿੰਨੀ ਮੈਂ ਕਦੇ ਵੀ ਆਪਣੇ ਜੀਵਨ ਵਿੱਚ ਨਹੀਂ ਦੇਖੀ ਸੀ।

359 ਕਿਉਂ? ਚਾਨਣ ਨੂੰ ਠੁਕਰਾਉਣ ਦਾ ਮਤਲਬ ਹੈ ਹਨੇਰੇ ਵਿੱਚ ਚੱਲਣਾ। ਉੱਥੇ ਉਹਨਾਂ ਦੇ ਬੱਚੇ ਮੌਤ ਦੀ ਕਤਾਰ ਵਿੱਚ ਬੈਠੇ ਹੋਏ ਹਨ ਇਹ ਸੱਚ ਹੈ।ਪ੍ਰਮੇਸ਼ੁਰ ਉੱਥੇ ਉੱਤਰ ਕੇ ਆਇਆ ਸੀ, ਅਤੇ ਸਾਦਗੀ ਉੱਥੇ ਦਿਖਾਈ ਅਤੇ ਪ੍ਰਗਟ ਕੀਤੀ ਗਈ ਸੀ, ਅਤੇ ਉਸਨੂੰ ਰੱਦ ਕਰ ਦਿੱਤਾ ਗਿਆ ਸੀ, ਉਸ ਤੋਂ ਬਾਦ ਖੁਦਾ ਨੇ ਅਪਣੇ ਆਪ ਨੂੰ ਸਾਦਗੀ ਵਿੱਚ ਪ੍ਰਗਟ ਕੀਤਾ ਸੀ।



59 ਵਿਸ਼ਵ ਵਿਆਪੀ ਪਵਿੱਤਰ ਆਤਮਾ ਨਾਲ ਭਰੀ ਕਲੀਸਿਯਾ ਹੀ, ਸੱਚਾ ਕੈਥੋਲਿਕ ਗਿਰਜਾ ਹੈ, ਠੀਕ ਹੈ। ਅਸੀਂ ਕੈਥੋਲਿਕ ਹਾਂ । ਅਸੀਂ ਮੁੱਢਲੇ ਕੈਥੋਲਿਕ ਹਾਂ; ਅਸੀਂ ਬਾਈਬਲ ਵਿੱਚ ਵਿਸ਼ਵਾਸ਼ ਰੱਖਣ ਵਾਲੇ ਕੈਥੋਲਿਕ ਹਾਂ । ਸਮਝੇ, ਉਹ ਕੈਥੋਲਿਕ ਗਿਰਜੇ ਤਾਂ ਜੱਥੇਬੰਦੀ ਦੇ ਗਿਰਜੇ ਹਨ । ਅਸੀਂ ਉਸ ਤੋਂ ਅਜਾਦ ਹਾਂ । ਅਸੀਂ ਰਸੂਲਾਂ ਦੀ ਸਿੱਖਿਆ ਦੀ ਲੜੀ ਦੇ ਹਾਂ । ਅਸੀਂ ਪਵਿੱਤਰ ਆਤਮਾ ਦੇ ਬਪਤਿਸਮੇ ਅਤੇ ਉਹਨਾਂ ਸੱਭ ਗੱਲਾਂ ਦੀ ਲੜੀ ਦੇ ਹਾਂ ਜਿਨ੍ਹਾਂ ਤੇ ਮੁੱਢਲੀ ਕਲੀਸਿਯਾ ਖੜੀ ਸੀ । ਜਦਕਿ ਕੈਥੋਲਿਕ ਗਿਰਜਾ ਉਹਨਾਂ ਵਿੱਚੋਂ ਕੋਈ ਵੀ ਗੱਲ ਨਹੀਂ ਮੰਨਦਾ ਹੈ । ਸਮਝੇ ?

60 ਇਸ ਲਈ, ਉਹਨਾਂ ਨੇ ਇੱਥੇ ਇਸ ਭਵਨ ਵਿੱਚ ਇੱਕ ਸਲੀਬ ਟੰਗੀ ਹੈ , ਅਤੇ ਇਹ ਸਲੀਬ ਉਸ ਜੈਤੂਨ ਦੀ ਲੱਕੜੀ ਵਿੱਚੋਂ ਕੱਟ ਕੇ ਬਣਾਈ ਗਈ ਹੈ ਜਿਸਦੇ ਥੱਲੇ ਯਿਸੂ ਨੇ ਪ੍ਰਾਰਥਨਾ ਕੀਤੀ ਸੀ । ਇਸ ਸਲੀਬ ਨੂੰ ਬਣਾਉਣ ਵਿੱਚ ਕਈ ਸਾਲ ਲੱਗੇ ਹਨ ਅਤੇ ਇਹ ਭਾਈ ਅਰਗਨਬ੍ਰਾਈਟ ਹੁਰਾਂ ਦੁਆਰਾ ਮੈਨੂੰ ਮਿਲੀ ਸੀ । ਅਤੇ ਮੈਂ ਇਸਨੂੰ ਗਿਰਜੇ ਦੇ ਨਾਲ ਹੀ ਸਮਰਪਿਤ ਕਰਨਾ ਚਾਹੁੰਦਾ ਹਾਂ ।

61 ਅਤੇ ਜਿਸਨੇ ਵੀ ਇਸ ਨੂੰ ਇੱਥੇ ਟੰਗਿਆ ਹੈ , ਮੈਨੂੰ ਨਹੀਂ ਪਤਾ ਹੈ ਕਿ ਕਿਸਨੇ । ਪ੍ਰੰਤੂ ਇਸਨੂੰ ਬਿਲਕੁੱਲ ਠੀਕ ਜਗ੍ਹਾ ਤੇ ਟੰਗਿਆ ਗਿਆ ਹੈ, ਅਤੇ ਇਹ ਇੱਥੇ ਮੇਰੇ ਖੱਬੇ ਪਾਸੇ ਹੈ । ਯਿਸੂ ਨੇ ਆਪਣੇ ਸੱਜੇ ਪਾਸੇ ਵਾਲੇ ਡਾਕੂ ਨੂੰ ਮਾਫ ਕਰ ਦਿੱਤਾ ; ਉਹ ਮੈਂ ਹਾਂ ।

62 ਅਤੇ ਇਹ ਇੱਕ ਹੋਰ ਗੱਲ ਪ੍ਰਗਟ ਕਰਦਾ ਹੈ; ਸਲੀਬ ਉੱਤੇ ਲਟਕੇ ਯਿਸੂ ਦਾ ਸਿਰ ਥੱਲੇ ਨੂੰ ਝੁਕਿਆ ਹੋਇਆ ਹੈ, ਅਤੇ ਇਸ ਦੇ ਨਾਲ ਤੁਸੀਂ ਉਸਦੇ ਚਿਹਰੇ ਦੀ ਪੀੜਾ ਨੂੰ ਦੇਖ ਸੱਕਦੇ ਹੋ। ਉਹ ਇਸ ਵੇਦੀ ਵੱਲ ਦੇਖ ਰਿਹਾ ਹੈ .... ਜੋ ਕੋਈ ਵੀ ਇੱਥੇ ਆਵੇਗਾ, ਉਹ ਉਸਨੂੰ ਵੇਖੇਗਾ। ਅਤੇ ਉਹ ਆਪ ਪਾਪੀਆਂ ਤੋਂ ਆਸ ਕਰਦਾ ਹੈ ਕਿ ਤੁਸੀਂ ਇੱਥੇ ਆਉਗੇ ਅਤੇ ਉਹ ਤੁਹਾਡੇ ਤੇ ਨਿਗਾਹ ਕਰੇਗਾ । ਬਾਦ ਵਿੱਚ ਉਹ ਉੱਥੇ ਛੋਟੀ ਜਿਹੀ ਰੋਸ਼ਨੀ ਦਾ ਪ੍ਰਬੰਧ ਕਰ ਦੇਣਗੇ, ਤਾਂ ਕਿ ਜਦ ਲੋਕਾਂ ਨੂੰ ਵੇਦੀ ਦੀ ਬੁਲਾਹਟ ਲਈ ਬੁਲਾਇਆ ਜਾਂਦਾ ਹੈ -ਤਾਂ ਕਿ ਜਦ ਲੋਕ ਇੱਥੇ ਆਉਂਦੇ ਹਨ ........ ਤਾਂ ਇਸ ਤੇ ਰੋਸ਼ਨੀ ਪਏ ।

63 ਤੁਸੀਂ ਕਹੋਗੇ , " ਤੁਹਾਨੂੰ ਇਸਦੀ ਕੀ ਜਰੂਰਤ ਹੈ ? ਤੁਹਾਡੇ ਇੱਥੇ ਕੋਈ ਮੂਰਤ ਨਹੀਂ ਹੋਣੀ ਚਹੀਦੀ ।"

64 ਤਦ ਠੀਕ ਉਸੇ ਪ੍ਰਮੇਸ਼ੁਰ ਨੇ ਜਿਸ ਨੇ ਇਹ ਕਿਹਾ ਸੀ ਕਿ, " ਤੁਸੀਂ ਆਪਣੇ ਲਈ ਕੋਈ ਵੀ ਘੜੀ ਹੋਈ ਜਾਂ ਉਕਰੀ ਹੋਈ ਮੂਰਤ ਨਾ ਬਣਾਇਓ," ਉਸੇ ਹੀ ਪ੍ਰਮੇਸ਼ੁਰ ਨੇ ਇਹ ਵੀ ਕਿਹਾ ਸੀ ਕਿ, " ਤੁਸੀਂ ਦੋ ਕਰੂਬੀ ਬਣਾਓ ਜਿਹਨਾਂ ਦੇ ਖੰਭ ਇੱਕ ਦੂਜੇ ਨਾਲ ਛੂੰਹਦੇ ਹੋਣ ਤੇ ਉਹਨਾਂ ਨੂੰ ਦਯਾ ਦੇ ਸਿੰਘਾਸਣ ਉੱਤੇ ਖੜੇ ਕਰਿਓ, ਜਿੱਥੇ ਲੋਕ ਪ੍ਰਾਰਥਨਾ ਕਰਨਗੇ । "

ਤੁਸੀਂ ਦੇਖੋ ਕਿ, ਨਾ ਸਮਝੀ ਦੇ ਕਾਰਨ ਲੋਕ ਅਜਿਹਾ ਸੋਚਦੇ ਹਨ, ਸਮਝੇ ?

65 ਸੋ ਇਸ ਸਲੀਬ ਨੂੰ ਇੱਥੇ ਪ੍ਰਮੇਸ਼ੁਰ ਦੀ ਪ੍ਰੇਰਣਾ ਨਾਲ ਠੀਕ ਜਗ੍ਹਾ ਤੇ ਲਗਾਇਆ ਗਿਆ ਹੈ । ਅਰ ਮੈਂ ਇਸ ਗੱਲ ਲਈ ਬਹੁਤ ਧੰਨਵਾਦੀ ਹਾਂ ਕਿ ਮੈਂ ਇਸ ਸਲੀਬ ਦੇ ਸੱਜੇ ਪਾਸੇ ਹਾਂ । ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਉਸਨੇ ਮੈਨੂੰ ਚੋਰ ਨੂੰ ਮਾਫ ਕਰ ਦਿੱਤਾ ਹੈ , ਕਿਉਂਕਿ ਉਂਝ ਤਾਂ ਮੈਂ ਜੀਵਨ

ਵਿੱਚ ਕਦੇ ਵੀ ਚੋਰੀ ਨਹੀਂ ਕੀਤੀ ਹੈ, ਪ੍ਰੰਤੂ ਮੈਂ ਉਸਦੇ ਸਮੇਂ ਦਾ ਉਪਯੋਗ ਠੀਕ ਨਹੀਂ ਕੀਤਾ ਹੈ, ਅਤੇ ਮੈਂ ਸਮੇਂ ਦੀ ਚੋਰੀ ਕੀਤੀ ਹੈ । ਅਤੇ ਮੈਂ ਬਹੁਤ ਸਾਰੇ ਅਜਿਹੇ ਕੰਮ ਕੀਤੇ ਹਨ ਜੋ ਮੈਨੂੰ ਨਹੀਂ ਕਰਨੇ ਚਾਹੀਦੇ ਸਨ । ਅਰ ਮੈਂ ਇਸ ਸਵੇਰ ਪ੍ਰਮੇਸ਼ੁਰ ਦਾ ਅਤਿ ਧੰਨਵਾਦੀ ਹਾਂ ਕਿ ਉਸਨੇ ਮੇਰੇ ਪਾਪਾਂ ਨੂੰ ਮਾਫ ਕਰ ਦਿੱਤਾ ਹੈ ।

66 ਹੁਣ ਮੈਂ ਪਹਿਲਾ ਇਤਿਹਾਸ ਉਹਦੇ ਸਤਾਰਾਂ ਬਾਬ ਵਿੱਚੋਂ ਪੜ੍ਹਨਾ ਚਹੁੰਦਾ ਹਾਂ ਅਤੇ ਸਮਰਪਣ ਦੀ ਉਪਾਸਨਾ ਉੱਤੇ ਪੰਜ ਕੁ ਮਿੰਟ ਬੋਲਾਂਗਾ, ਅਤੇ ਪ੍ਰਾਰਥਨਾ ਕਰਾਂਗੇ ਅਤੇ ਫਿਰ ਸੰਦੇਸ਼ ਵਿੱਚ ਪ੍ਰਵੇਸ਼ ਕਰਾਂਗੇ । ਹੁਣ ਇਤਿਹਾਸ ਦੀ ਪਹਿਲੀ ਪੋਥੀ ਉਸਦਾ ਸਤਾਰਵਾਂ ਅਧਿਆਏ ।

*ਅਜਿਹਾ ਹੋਇਆ ਕਿ ਜਦ ਦਾਊਦ ਆਪਣੇ ਮਹਿਲ ਵਿੱਚ ਟਿਕਿਆ, ਤਾਂ ਦਾਊਦ ਨੇ ਨਾਥਾਨ ਨੂੰ ਆਖਿਆ, ਵੇਖ, ਮੈਂ ਤਾਂ ਦਿਆਰ ਦੀ ਲੱਕੜ ਦੇ ਬਣਾਏ ਹੋਏ ਮਹਿਲ ਵਿੱਚ ਰਹਿੰਦਾ ਹਾਂ ਪਰ ਯਹੋਵਾਹ ਦੇ ਨੇਮ ਦਾ ਸੰਦੂਕ ਪੜਦਿਆਂ ਦੇ ਹੇਠ ਹੈ ।*

*ਤਾਂ ਨਾਥਾਨ ਨੇ ਦਾਊਦ ਨੂੰ ਆਖਿਆ ਕਿ ਜੋ ਕੁਝ ਤੇਰਾ ਮਨੋਰਥ ਹੈ ਸੋ ਕਰ ਕਿਉਂ ਜੋ ਪਰਮੇਸ਼ੁਰ ਤੇਰੇ ਸੰਗ ਹੈ ।*

*ਅਰ ਉਸੇ ਰਾਤ ਅਜਿਹਾ ਹੋਇਆ, ਜੋ ਪਰਮੇਸ਼ੁਰ ਦੀ ਬਾਣੀ ਨਾਥਾਨ ਨੂੰ ਆਈ*

*ਕਿ ਤੂੰ ਜਾਹ, ਅਰ ਮੇਰੇ ਦਾਸ ਦਾਊਦ ਨੂੰ ਆਖ ਕਿ ਭਈ ਯਹੋਵਾਹ ਇੰਝ ਆਖਦਾ ਹੈ, ਤੂੰ ਮੇਰੇ ਨਿਵਾਸ ਲਈ ਕੋਈ ਭਵਨ ਨਾ ਬਣਾ ।*

*ਕਿਉਂਕਿ ਮੈਂ ਤਾਂ ਜਦ ਦਾ ਇਸਰਾਏਲ ਨੂੰ ਉਤਾਂਹ ਲਿਆਇਆ ਹਾਂ ਅਜੇ ਤੋੜੀ ਕਿਸੇ ਭਵਨ ਵਿੱਚ ਨਾ ਵੱਸਿਆ ਸਗੋਂ ਤੰਬੂ ਤੋਂ ਤੰਬੂ ਅਰ ਡੇਹਰੇ ਤੋਂ ਡੇਹਰੇ ਵਿੱਚ ਫਿਰਦਾ ਰਿਹਾਂ ਹਾਂ ।*

*ਅਤੇ ਜਿੱਥੇ ਜਿੱਥੇ ਮੈਂ ਸਾਰੇ ਇਸਰਾਏਲ ਨਾਲ ਫਿਰਦਾ ਰਿਹਾ ਹਾਂ, ਭਲਾ ਮੈਂ ਇਸਰਾਏਲ ਦੇ ਨਿਆਈਆਂ ਵਿੱਚੋਂ ਜਿਨ੍ਹਾਂ ਨੂੰ ਮੈਂ ਆਪਣੀ ਪਰਜਾ ਦੇ ਚਰਾਉਣ ਦੀ ਆਗਿਆ ਕੀਤੀ ਕਿਸੇ ਨੂੰ ਕਦੀ ਆਖਿਆ ਭਈ ਤੂੰ ਮੇਰੇ ਲਈ ਦਿਆਰ ਦਾ ਭਵਨ ਕਿਉਂ ਨਹੀਂ ਬਣਾਇਆ?*

*ਇਸ ਲਈ ਤੂੰ ਹੁਣ ਮੇਰੇ ਦਾਸ ਦਾਊਦ ਨੂੰ ਇਹ ਆਖ ਭਈ ਸੈਨਾ ਦਾ ਯਹੋਵਾਹ ਇਉਂ ਫਰਮਾਉਂਦਾ ਹੈ, ਮੈਂ ਤੈਨੂੰ ਵਲਗਣਾਂ ਵਿੱਚੋਂ ਜਿੱਥੇ ਤੂੰ ਭੇਡਾਂ ਚਰਾਉਂਦਾ ਸੈਂ ਕੱਢ ਕੇ ਆਪਣੀ ਪਰਜਾ ਇਸਰਾਏਲ ਦਾ ਪਰਧਾਨ ਬਣਾ ਦਿੱਤਾ ।*

*ਅਰ ਜਿੱਥੇ ਕਿਤੇ ਤੂੰ ਗਿਆ ਮੈਂ ਤੇਰੇ ਨਾਲ ਰਿਹਾ ਅਰ ਤੇਰੇ ਅੱਗੋਂ ਤੇਰੇ ਸਾਰੇ ਵੈਰੀਆਂ ਨੂੰ ਮਿਟਾ ਦਿੱਤਾ ਅਤੇ ਮੈਂ ਉਹਨਾਂ ਲੋਕਾਂ ਵਰਗਾ ਜਿਹਨਾਂ ਦਾ ਨਾਉਂ ਜਗਤ ਵਿੱਚ ਵੱਡਾ ਹੈ ਤੇਰਾ ਨਾਉਂ ਵੀ ਕੀਤਾ ।*

67 ਮੈਂ ਇੱਥੇ ਇਹ ਕਹਿਣਾ ਚਾਹਾਂਗਾ ਕਿ ਦਾਊਦ ਨੇ ਠੀਕ ਉਸੇ ਗੱਲ ਨੂੰ ਦੇਖਿਆ ਜਿਸਨੂੰ ਅਸੀਂ ਦੇਖਿਆ ਹੈ । ਦਾਊਦ ਨੇ ਕਿਹਾ, " ਇਹ ਚੰਗੀ ਗੱਲ ਨਹੀਂ ਕਿ ਤੁਸਾਂ ਲੋਕਾਂ ਨੇ ਮੇਰੇ ਲਈ ਦਿਆਰ ਦਾ ਮਹਿਲ ਬਣਾਇਆ ਹੈ ਅਤੇ ਪ੍ਰਮੇਸ਼ੁਰ ਦੇ ਨੇਮ ਦਾ ਸੰਦੂਕ ਪੜਦਿਆਂ ਹੇਠ ਹੈ ।ਉਹ ਪੜਦੇ ਭੇਡ



ਸਨ ਕਿ ਇਹ ਪ੍ਰਮੇਸ਼ੁਰ ਸੀ ਜੋ ਸਧਾਰਨਤਾ ਵਿੱਚ ਸੀ। ਉਹਨਾਂ ਨੇ ਕਿਹਾ, "ਕਿਉਂ", ਇਸ ਬੰਦੇ ਨੇ ਤਾਂ ਏਨੀ ਵੀ ਸਿੱਖਿਆ ਨਹੀਂ ਪਾਈ ਹੈ ਜਿੰਨੀ ਕਿ ਸਕੂਲਾਂ ਵਿੱਚ ਵਿਆਕਰਨ ਸਿਖਾਈ ਜਾਂਦੀ ਹੈ।"

350 ਉਹ ਆਦਮੀ ਸਾਰੇ ਤਰ੍ਹਾਂ ਦੀਆਂ ਵਿਦਵਾਨਾਂ ਦੀਆਂ ਉਪਾਧੀਆਂ ਨਾਲ ਪਾਲਿਸ਼ ਕੀਤਾ ਹੋਇਆ ਸੀ, ਅਤੇ ਖੁਦ ਨੂੰ ਇਸ ਤਰ੍ਹਾਂ ਦਾ ਸਮਝ ਰਿਹਾ ਸੀ ਕਿ ਜਿਵੇਂ ਕਿ ਉਹ ਉਸ ਭਾਈ ਬੋਸਵਰਥ ਨੂੰ ਨੀਵਾਂ ਦਿਖਾ ਸਕਦਾ ਹੈ।ਪ੍ਰੰਤੂ ਜਦ ਵਚਨ ਦੀ ਗੱਲ ਆਈ ਤਾਂ ਉਹ ਆਦਮੀ ਭਾਈ ਬੋਸਵਰਥ ਦੇ ਮੁਕਾਬਲੇ ਦਸਵਾਂ ਭਾਗ ਵੀ ਨਹੀਂ ਸੀ।ਵੇਖਿਆ? ਅਤੇ ਭਾਈ ਬੋਸਵਰਥ ਜਾਣਦੇ ਸਨ ਕਿ ਉਹ ਵਚਨ 'ਤੇ ਕਿੱਥੇ ਖੜੇ ਹਨ।ਉਸਦੇ ਬਹੁਤ ਸਾਰੇ ਲੋਕ ਇੱਥੇ ਬੈਠੇ ਹੋਏ ਹਨ ਜੋ ਉੱਥੇ ਉਸ ਵਾਦ-ਵਿਵਾਦ ਦੇ ਵੇਲੇ ਮੌਜੂਦ ਸਨ।ਅਤੇ ਤਦ ਉੱਥੇ ਅਜਿਹਾ ਹੋਇਆ ਸੀ।

351. ਤਦ ਉਸ ਆਦਮੀ ਨੇ ਇੱਕ ਦਮ ਸਾਡੇ ਤੇ ਵਿਅੰਗ ਕੱਸ ਦਿੱਤਾ ਸੀ, ਕਿ ਅਸੀਂ ਤਾਂ ਅਗਿਆਨੀ ਲੋਕਾਂ ਦਾ ਇੱਕ ਝੁੰਡ ਹਾਂ।ਉਸਨੇ ਕਿਹਾ, "ਚੰਗੇ ਭਲੇ ਸਮਝਦਾਰ ਲੋਕ ਇਸ ਤਰ੍ਹਾਂ ਦੀਆਂ ਗੱਲਾਂ ਦਾ ਬਿਲਕੁੱਲ ਵੀ ਵਿਸਵਾਸ਼ ਨਹੀਂ ਕਰਦੇ ਹਨ।"

352 ਅਤੇ ਉਸ ਰਾਤ ਉੱਥੇ ਲੱਗਭੱਗ ਤੀਹ ਹਜ਼ਾਰ ਲੋਕ ਸਾਡੇ ਵਿੱਚ ਬੈਠੇ ਹੋਏ ਸਨ ਭਾਈ ਬੋਸਵਰਥ ਨੇ ਕਿਹਾ ਸੀ, "ਇੱਕ ਮਿੰਟ ਰੁਕੋ।" "ਇਸ ਸ਼ਹਿਰ ਦੇ ਕਿੰਨੇ ਲੋਕ ਇੱਥੇ ਹਨ ਜੋ ਇਹਨਾਂ ਵੱਡੇ,ਸ਼ਾਨਦਾਰ ਗਿਰਜ਼ਿਆਂ ਵਿੱਚ ਜਾਂਦੇ ਹਨ,ਜਿਹੜੇ ਡਾਕਟਰਾਂ ਦੀ ਰਿਪੋਰਟ 'ਤੇ ਇਹ ਪ੍ਰਮਾਣਿਤ ਕਰ ਸੱਕਦੇ ਹਨ, ਕਿ ਜਦ ਤੋਂ ਭਾਈ ਬ੍ਰਾਨਹਾਮ ਇਸ ਸ਼ਹਿਰ ਵਿੱਚ ਆਏ ਹਨ ਉਹਨਾਂ ਨੂੰ ਖੁਦਾ ਦੀ ਸ਼ਕਤੀ ਨਾਲ ਚੰਗਾਈ ਮਿਲੀ ਹੈ , ਖੜੇ ਹੋ ਜਾਣ।" ਅਤੇ ਤਿੰਨ ਸੋ ਲੋਕ ਖੜੇ ਹੋ ਗਏ ਸਨ।ਅਤੇ ਫਿਰ ਭਾਈ ਬੋਸਵਰਥ ਨੇ ਕਿਹਾ, "ਹੁਣ ਤੁਹਾਨੂੰ ਇਹਨਾਂ ਦੇ ਬਾਰੇ ਵਿੱਚ ਕੀ ਕਹਿਣਾ ਹੈ?" ਇਹ ਉਹ ਗੱਲ ਸੀ , ਕਿ ਪ੍ਰਮੇਸ਼ੁਰ ਆਪਣੇ ਆਪ ਨੂੰ ਸਧਾਰਨਤਾ ਵਿੱਚ ਛਿਪਾ ਰਿਹਾ ਸੀ।ਤਦ ਉਸਨੇ ਕਿਹਾ, "ਭਾਈ ........"

353 ਤਦ ਉਸ ਨੇ ਕਿਹਾ," ਉਸ ਰੱਬੀ ਚੰਗਾਈ ਦੇਣ ਵਾਲੇ ਨੂੰ ਬੁਲਾਓ।ਮੈਂ ਉਸਨੂੰ ਕਿਸੇ ਨੂੰ ਸਮੋਹਿਤ (ਹਿਪਨੋਟਾਈਜ) ਕਰਦੇ ਹੋਏ ਦੇਖਣਾ ਚਾਹੁੰਦਾ ਹਾਂ, ਅਤੇ ਫਿਰ ਮੈਂ ਅੱਜ ਤੋਂ ਇੱਕ ਸਾਲ ਬਾਦ ਉਸ ਵਿਅਕਤੀ ਦੀ ਜਾਂਚ ਕਰਾਂਗਾ।"ਅਤੇ ਟੈਡ ਕੀਪਰ ......

354 ਅਤੇ ਇਹ ਸ਼੍ਰੀਮਾਨ ਆਇਰਸ ਉੱਥੇ ਹੀ ਸਨ, ਜਿਹਨਾਂ ਨੇ ਇਸ ਤਸਵੀਰ ਨੂੰ ਖਿੱਚਿਆ ਸੀ । ਉਸਨੇ ਕਿਹਾ, " ਸ਼੍ਰੀਮਾਨ ਬ੍ਰਾਨਹਾਮ ਕੁਝ ਨਹੀਂ ਬਲਕਿ ਇੱਕ ਹਿਪਨੋਟਾਈਜ਼ ਕਰਨ ਵਾਲਾ ਆਦਮੀ ਹੈ।ਮੈਂ ਇੱਕ ਅਜਿਹੀ ਔਰਤ ਨੂੰ ਮਿਲਿਆ ਹਾਂ ਜਿਸਦੇ ਗਲੇ ਵਿੱਚ ਇਸ ਤਰ੍ਹਾਂ ਨਾਲ ਗੇਂਗਾ ਸੀ ,ਅਤੇ", ਕਿਹਾ, "ਸ਼੍ਰੀਮਾਨ ਬ੍ਰਾਨਹਾਮ ਨੇ ਉਸਨੂੰ ਸਮੋਹਿਤ ਕਰ ਦਿੱਤਾ ਸੀ।ਅਤੇ ਅਗਲੇ ਦਿਨ ਜਦ ਮੈਂ ਉਸ ਔਰਤ ਨਾਲ ਗੱਲਬਾਤ ਕੀਤੀ ਤਾਂ ਉਸਦੇ ਗਲੇ ਵਿੱਚ ਗੇਂਗਾ ਨਹੀਂ ਸੀ।ਸ਼੍ਰੀਮਾਨ ਬ੍ਰਾਨਹਾਮ ਨੇ ਉਸਨੂੰ ਸਮੋਹਿਤ ਕਰ ਦਿੱਤਾ ਸੀ "ਅਤੇ ਉਸਨੇ ਇਸ ਤਰ੍ਹਾਂ ਨਾਲ ਮੇਰਾ ਚੰਗਾ ਮਜ਼ਾਕ ਉਡਾਇਆ।ਉਸਨੇ ਕਿਹਾ ਕਿ ਮੈਨੂੰ ਇਸ ਸ਼ਹਿਰ ਵਿੱਚੋਂ ਭੱਜ ਜਾਣਾ ਚਾਹੀਦਾ ਹੈ ਅਤੇ ਉਹ ਹੀ ਇਸਦਾ ਕਰਨ ਵਾਲਾ ਹੋਣਾ ਚਾਹੀਦਾ ਹੈ ਅਤੇ ਉਸਨੇ ਇਸ ਤਰ੍ਹਾਂ ਦੀਆਂ ਕਈ ਗੱਲਾਂ ਕੀਤੀਆਂ ।ਅਰ ਇਹ ਹਾਉਸਟਨ ਦੀਆਂ ਅਖਬਾਰਾਂ ਵਿੱਚ ਮੋਟੇ-ਮੋਟੇ ਅੱਖਰਾਂ ਵਿੱਚ ਛਪਿਆ ਸੀ।

344 ਹਰੇਕ ਜਿਸਨੇ ਯਿਸੂ ਨੂੰ ਰੱਦ ਕੀਤਾ ਨਾਸ਼ ਹੋ ਗਿਆ। ਮੇਰੇ ਕਹਿਣ ਦਾ ਮਤਲਬ ਕੀ ਹੈ ਕੀ ਤੁਸੀਂ ਸਮਝੇ? ਪ੍ਰਮੇਸ਼ੁਰ ਦੀ ਉਸ ਸਾਦਗੀ ਨੂੰ ਰੱਦ ਕਰਨਾ, ਕੋਈ ਮਮੂਲੀ ਗੱਲ ਨਹੀਂ ਹੈ .....ਤੁਸੀਂ ਕਹਿੰਦੇ ਹੋ, "ਠੀਕ ਹੈ, ਮੇਰੇ ਕੋਲੋਂ ਗਲਤੀ ਹੋ ਗਈ।" ਤੁਸੀਂ ਇਸਨੂੰ ਉਸ ਤਰ੍ਹਾਂ ਨਹੀਂ ਕਰਦੇ ਹੋ। ਪ੍ਰਮੇਸ਼ੁਰ ਇਸਨੂੰ ਇਸ ਢੰਗ ਨਾਲ ਕਬੂਲ ਨਹੀਂ ਕਰਦਾ ਹੈ।ਤੁਸੀਂ ਹਮੇਸ਼ਾਂ-ਹਮੇਸ਼ਾਂ ਲਈ ਨਾਸ਼ ਹੋ ਜਾਓਗੇ। ਚੰਗਾ ਇਹ ਹੋਵੇਗਾ ਕਿ ਅਸੀਂ ਕੁਝ ਸੋਚੀਏ। ਹੁਣ ਇਸਨੂੰ ਪੂਰੀ ਤਰ੍ਹਾਂ ਨਾਲ ਪ੍ਰਮੇਸ਼ੁਰ ਵੱਲੋਂ ਪ੍ਰਮਾਣਿਤ ਹੋਣਾ ਚਾਹੀਦਾ ਹੈ,ਅਤੇ ਜੇ ਇਹ ਅਜਿਹਾ ਹੈ ਤਾਂ ਇਹ ਪ੍ਰਮੇਸ਼ੁਰ ਦਾ ਵਚਨ ਹੈ।ਸਮਝੇ? ਓਹ, ਜਿਵੇਂ ਉਹਨਾਂ ਨੇ ਆਪਣੇ ਦਿਨਾਂ ਵਿੱਚ ਮੂਸਾ ਨੂੰ ਰੱਦਿਆ, ਏਲੀਯਾਹ ਨੂੰ ਰੱਦਿਆ, ਯੂਹੰਨਾ ਨੂੰ ਰੱਦਿਆ, ਯਿਸੂ ਨੂੰ ਰੱਦਿਆ ਸੀ।

345 ਹੁਣ ਮੈਂ ਇੱਥੇ ਤੁਹਾਨੂੰ ਇੱਕ ਸਖਤ ਗੱਲ ਕਹਿਣਾ ਚਾਹੁੰਦਾ ਹਾਂ।ਅਤੇ ਮੈਂ ਆਸ ਕਰਦਾ ਹਾਂ ਕਿ ਮੈਂ ਤੁਹਾਨੂੰ ਕੋਈ ਜਿਆਦਾ, ਠੇਸ ਨਹੀਂ ਪਹੁੰਚਾਂਗਾ। ਪ੍ਰੰਤੂ ਧਿਆਨ ਦਿਓ।ਕਿਸੇ ਦੂਜੇ ਦਿਨ ਮੈਨੂੰ ਹਾਉਸਟਨ ਟੈਕਸਾਸ ਵਿੱਚ ਬੁਲਾਇਆ ਗਿਆ ਸੀ, ਕਿ ਕਿਸੇ ਵੀ ਮਾਫੀ 'ਤੇ ਗੌਰ ਕਰਨ ਦਾ ਯਤਨ ਕੀਤਾ ਜਾ ਸਕੇ।ਕਿ ਮੈਂ ਲੋਕਾਂ ਨੂੰ ਉੱਥੇ ਇੱਕਠੇ ਕਰਨ ਲਈ ਇੱਕ ਸੰਦੇਸ਼ ਪ੍ਰਚਾਰ ਕਰਕੇ ਉੱਥੇ ਹਾਜ਼ਰ ਲੋਕਾਂ ਨੂੰ ਇੱਕ ਜਵਾਨ ਅਤੇ ਇੱਕ ਮੁਟਿਆਰ ਦੀ ਮਾਫੀ 'ਤੇ ਦਸਤਖਤ ਕਰਨ ਲਈ ਤਿਆਰ ਕਰਾਂ। ਤੁਸੀਂ ਜਾਣਦੇ ਹੀ ਹੋ ਕਿ ਉਹ ਇਸ ਸਮੱਸਿਆ ਵਿੱਚ ਸਨ। ਮੇਰਾ ਅੰਦਾਜਾਂ ਹੈ ਕਿ ਤੁਸੀਂ ਇਸਦੇ ਬਾਰੇ ਅਖਬਾਰਾਂ ਵਿੱਚ ਪੜ੍ਹਿਆ ਹੋਵੇਗਾ। ਅਤੇ ਉਹ ਸ਼੍ਰੀਮਾਨ ਆਇਰਸ ਦਾ ਮਤਰੇਆ ਮੁੰਡਾ ਸੀ।

346 ਅਤੇ ਸ਼੍ਰੀਮਾਨ ਆਇਰਸ ਉਹ ਵਿਅਕਤੀ ਹੈ ਜਿਸਨੇ ਪ੍ਰਭੂ ਦੇ ਦੂਤ ਦੀ ਉਸ ਫੋਟੋ ਨੂੰ ਖਿੱਚਿਆ ਸੀ ਜਿਸ ਨੂੰ ਤੁਸੀਂ ਉੱਥੇ ਵੇਖਦੇ ਹੋ। ਉਹ ਰੋਮਨ ਕੈਥੋਲਿਕ ਹੈ ਅਤੇ ਉਸਦੀ ਪਤਨੀ ਯਹੂਦੀ ਸੀ। ਅਤੇ ਉਸਨੇ ਇਸ ਯਹੂਦੀ ਮੁਟਿਆਰ ਨਾਲ ਵਿਆਹ ਕਰਾਇਆ ਸੀ। ਉਹ ਇੱਕ ਦੂਸਰੇ ਨਾਲ ਧਰਮ ਸਬੰਧੀ ਜਾਂ ਇਸ ਤਰ੍ਹਾਂ ਦੀਆਂ ਦੂਸਰੀਆਂ ਗੱਲਾਂ ਨਹੀਂ ਕਰਦੇ ਸਨ।ਅਤੇ ਡਗਲਸ ਸਟੂਡਿਓ ਟੈਡ ਕਿਪਰਮੈਨ ਦਾ ਹੈ ਜੋ ਇਹਨਾਂ ਦੇ ਨਾਲ ਵਪਾਰ ਵਿੱਚ ਹਿੱਸੇਦਾਰ ਹੈ।

347 ਅਤੇ ਇਹ ਸੱਜਣ ਉੱਥੇ ਆਇਆ ਸੀ, ਜਿੱਥੇ ਸ਼੍ਰੀਮਾਨ ਬੈਸਟ, ਡਾਕਟਰ ਬੈਸਟ ਜੋ ਕਿ ਬੈਪਟਿਸਟ ਕਲੀਸਿਯਾ ਦੇ ਹਨ, ਸਨ, ਉਹ ਆਪਣਾ ਮੁੱਕਾ ਭਾਈ ਬੋਸਬੋਰਥ ਦੀ ਨੱਕ 'ਤੇ ਤਾਣੇ ਹੋਏ ਖੜ੍ਹੇ ਸਨ ਅਤੇ ਉਹਨਾਂ ਨੇ ਕਿਹਾ, " ਮੈਂ ਇਸ ਬੁੱਢੇ ਦੀ ਖੱਲ ਦਾ ਚਿੱਤਰ ਰੱਬੀ ਚੰਗਾਈ ਦੀ ਯਾਦ ਵਿੱਚ ਆਪਣੇ ਕਮਰੇ ਵਿੱਚ ਟੰਗ ਕੇ ਰੱਖਾਂਗਾ।"

348 ਅਤੇ ਇਸ ਤੋਂ ਪਹਿਲਾਂ ਕਿ ਮੈਂ ਹਉਸਟਨ ਟੈਕਸਾਸ ਪਹੁੰਚਦਾ , ਪ੍ਰਭੂ ਪ੍ਰਮੇਸ਼ੁਰ ਨੇ ਮੈਨੂੰ ਉੱਥੇ ਜਾਣ ਲਈ ਦੱਸ ਦਿੱਤਾ ਸੀ। ਅਤੇ ਮੈਂ ਉੱਥੇ ਪ੍ਰਭੂ ਦੇ ਨਾਮ 'ਤੇ ਸੀ। ਅਤੇ ਤੁਸੀਂ ਸੱਭ ਜਾਣਦੇ ਹੋ ਕਿ ਉੱਥੇ ਬਹਿਸ ਅਤੇ ਉਹ ਸਭ ਗੱਲਾਂ ਹੋਈਆਂ ਸਨ। ਅਤੇ ਉਸ ਰਾਤ ..... ਮੈਂ ਸੰਪੂਰਨ ਤੌਰ ਤੇ ਨਮਰ ਰਹਿਣ ਦੀ ਕੋਸ਼ਿਸ਼ ਕਰ ਰਿਹਾ ਸੀ।

349 ਉਹਨਾਂ ਲੋਕਾਂ ਨੇ ਸਾਡੇ ਬਾਰੇ ਵਿੱਚ ਇਸ ਤਰ੍ਹਾਂ ਕਿਹਾ ਸੀ, "ਇਹ ਲੋਕ ਅਗਿਆਨੀ ਲੋਕਾਂ ਦਾ ਇੱਕ ਝੁੰਡ ਹੈ।" ਡਾਕਟਰ ਬੈਸਟ ਨੇ ਕਿਹਾ, " ਇਹ ਲੋਕ ਅਗਿਆਨੀ ਮਨੁੱਖਾਂ ਦੇ ਝੁੰਡ ਤੋਂ ਸਿਵਾ ਹੋਰ ਕੁਝ ਨਹੀਂ ਹਨ।ਲੋਕ ਰੱਬੀ ਚੰਗਾਈ ਵਰਗੀਆਂ ਗੱਲਾਂ ਵਿੱਚ ਬਿਲਕੁੱਲ ਵੀ ਵਿਸ਼ਵਾਸ਼ ਨਹੀਂ ਕਰਦੇ ਹਨ,ਜੋ ਇਸ ਦਾ ਵਿਸ਼ਵਾਸ਼ ਕਰਦੇ ਹਨ ਉਹ ਮੂਰਖਾਂ ਦਾ ਝੁੰਡ ਹਨ। "ਉਹ ਨਹੀਂ ਜਾਣਦੇ



ਅਤੇ ਪਸ਼ੂਆਂ ਦੇ ਚਮੜੇ ਦੇ ਪੜਦਿਆਂ ਨੂੰ ਸਿਉਂ ਕੇ ਬਣੇ ਸਨ । ਉਸਨੇ ਕਿਹਾ, " ਇਹ ਚੰਗਾ ਨਹੀ ਕਿ ਮੈਂ ਤਾਂ ਦਿਆਰ ਦੇ ਮਹਿਲ ਵਿੱਚ ਰਹਾਂ ਅਤੇ ਪ੍ਰਮੇਸ਼ੁਰ ਦੇ ਨੇਮ ਦਾ ਸੰਦੂਕ ਤੰਬੂ ਵਿੱਚ ਰਹੇ । " ਸੋ ਪ੍ਰਮੇਸ਼ੁਰ ਨੇ ਉਸਦੇ ਦਿਲ ਵਿੱਚ ਪਾਇਆ ਕਿ ਉਹ ਪ੍ਰਮੇਸ਼ੁਰ ਲਈ ਇੱਕ ਭਵਨ ਬਣਾਏ ।

68 ਭਾਵੇਂ ਦਾਊਦ ਪ੍ਰਮੇਸ਼ੁਰ ਲਈ ਦਿਲ ਵਿੱਚ ਬਹੁਤ ਤਿਆਗ ਰੱਖਦਾ ਸੀ ਤਾਂ ਵੀ ਉਸਨੇ ਧਰਤੀ ਉੱਤੇ ਬਹੁਤ ਲਹੂ ਵਹਾਇਆ ਸੀ ।ਸੋ ਉਸਨੇ ਕਿਹਾ ..... ਦਾਊਦ ਇਹ ਗੱਲ ਉਸ ਸਮੇਂ ਦੇ ਨਬੀ ਦੀ ਮੌਜੂਦਗੀ ਵਿੱਚ ਕਹਿ ਰਿਹਾ ਸੀ ਜੋ ਕਿ ਨਾਥਾਨ ਸੀ । ਅਰ ਨਾਥਾਨ ਨੇ ਇਹ ਜਾਣਦੇ ਹੋਏ ਕਿ ਪ੍ਰਮੇਸ਼ੁਰ ਦਾਊਦ ਨਾਲ ਪਿਆਰ ਕਰਦਾ ਹੈ, ਉਸਨੇ ਕਿਹਾ, " ਦਾਊਦ ਜੋ ਕੁਝ ਵੀ ਤੇਰੇ ਮਨ ਵਿੱਚ ਹੈ ਉਹ ਕਰ, ਕਿਉਂਕਿ ਪਰਮੇਸ਼ੁਰ ਤੇਰੇ ਸੰਗ ਹੈ । " ਅਤੇ ਉਸੇ ਹੀ ਰਾਤ ...... ਇਹ ਦਾਊਦ ਦਾ ਪ੍ਰਮੇਸ਼ੁਰ ਲਈ ਸਮਰਪਿਤ ਪਿਆਰ ਨੂੰ ਪ੍ਰਗਟ ਕਰ ਰਿਹਾ ਹੈ ।

69 ਅਤੇ ਇਸਦੇ ਬਾਦ ਉਸੇ ਰਾਤ ਨੂੰ ਨਾਥਾਨ ਨੇ ਦੇਖਿਆ ਅਤੇ ਜਾਣਿਆ ਕਿ ਦਾਊਦ ਨੇ ਗਲਤੀ ਕੀਤੀ ਹੈ, ਅਤੇ ਉਸਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਦਿੱਤੀ ਗਈ । ਪ੍ਰਮੇਸ਼ੁਰ ਇੰਨਾ ਕਿਰਪਾਲੂ ਹੋਇਆ ਕਿ ਉਹ ਥੱਲੇ ਆਇਆ ਅਤੇ ਨਾਥਾਨ ਨਾਲ ਗੱਲ ਬਾਤ ਕੀਤੀ । ਅਰ ਮੈਂ ਹਮੇਸ਼ਾਂ ਹੀ ਇਹਨਾਂ ਸ਼ਬਦਾਂ ਨੂੰ ਪਸੰਦ ਕਰਦਾ ਹਾਂ ਕਿ, " ਜਾਹ ਅਤੇ ਮੇਰੇ ਦਾਸ ਦਾਊਦ ਨੂੰ ਦੱਸ ਕਿ ਮੈਂ ਤੈਨੂੰ ਭੇਡਾਂ ਦੇ ਵਾੜੇ ਵਿੱਚੋਂ ਲਿਆ । " ਦਾਊਦ ਕੁਝ ਵੀ ਨਹੀਂ ਸੀ ।

70 ਮੈਂ ਇਸੇ ਗੱਲ ਨੂੰ ਇੱਥੇ ਕੁਝ ਸਮੇਂ ਲਈ ਲਾਗੂ ਕਰਨਾ ਚਹੁੰਦਾ ਹਾਂ । " ਮੈਂ ਤੈਨੂੰ ਉਸ ਵੇਲੇ ਲਿਆ ਜਦ ਤੂੰ ਕੁਝ ਵੀ ਨਹੀਂ ਸੀ, ਅਤੇ ਮੈਂ ਤੈਨੂੰ ਇੱਕ ਨਾਮ ਦਿੱਤਾ । ਤੈਨੂੰ ਧਰਤੀ ਦੇ ਮਹਾਨ ਬੰਦਿਆਂ ਵਰਗਾ ਨਾਮ ਮਿਲਿਆ ਹੈ ।" ਮੈਂ ਇਸੇ ਗੱਲ ਨੂੰ ਵਿਅਕਤੀਗਤ ਜਾਂ ਗੁਪਤ ਰੂਪ ਵਿੱਚ ਇੱਥੇ ਲਾਗੂ ਕਰ ਰਿਹਾ ਹਾਂ । ਮੈਂ ਸੋਚ ਰਿਹਾ ਸਾਂ .....

71 ਕੁਝ ਸਾਲ ਪਹਿਲਾਂ ਮੈਂ ਇੱਥੇ ਇਸ ਸ਼ਹਿਰ ਵਿੱਚ ਖੜ੍ਹਾ ਸੀ , ਅਤੇ ਕੋਈ ਵੀ ਮੇਰੀ ਪ੍ਰਵਾਹ ਨਹੀਂ ਕਰਦਾ ਸੀ । ਕੋਈ ਵੀ ਮੈਨੂੰ ਪਿਆਰ ਨਹੀਂ ਕਰਦਾ ਸੀ । ਮੈਂ ਤਾਂ ਲੋਕਾਂ ਨੂੰ ਪਿਆਰ ਕਰਦਾ ਸਾਂ, ਪਰ ਮੈਨੂੰ ਮੇਰੇ ਪਰੀਵਾਰ ਦੇ ਮਾੜੇ ਪਿਛੋਕੜ ਕਾਰਨ ਕੋਈ ਵੀ ਪਿਆਰ ਨਹੀਂ ਕਰਦਾ ਸੀ। ਇਸ ਤਰ੍ਹਾਂ ਕਹਿ ਕੇ ਮੈਂ ਆਪਣੇ ਬਹੁਮੁੱਲੇ ਮਾਤਾ ਪਿਤਾ ਦਾ ਨਿਰਾਦਰ ਨਹੀਂ ਕਰ ਰਿਹਾਂ ਹਾਂ।

72 ਮੇਰੀ ਕੇਡੀ ਇੱਛਾ ਹੈ ਕਿ ਕਾਸ਼ ਮੇਰੀ ਮਾਂ ਅੱਜ ਸਵੇਰ ਇਸ ਭਵਨ ਵਿੱਚ ਆਉਣ ਨੂੰ ਜੀਉਂਦੀ ਰਹਿੰਦੀ । ਹੋ ਸੱਕਦਾ ਹੈ ਪ੍ਰਮੇਸ਼ੁਰ ਅੱਜ ਉਹਨਾਂ ਸਾਰੇ ਪੁਰਾਣੇ ਲੋਕਾਂ ਨੂੰ ਸਵਰਗੀ ਸੀਮਾ ਤੋਂ ਇਸ ਭਵਨ ਨੂੰ ਦੇਖਣ ਦਾ ਮੌਕਾ ਬਖਸ਼ੇ, ਜਿਹਨਾਂ ਨੇ ਆਪਣਾ ਪੈਸਾ ਦੇ ਕੇ ਇਸ ਭਵਨ ਦੀ ਉਸਾਰੀ ਵਿੱਚ ਯੋਗਦਾਨ ਪਾਇਆ ਸੀ ।

73 ਪ੍ਰੰਤੂ ਸ਼ਰਾਬ ਪੀਣ ਕਰਕੇ ਇੱਥੇ ਲਾਗੇ -ਸ਼ਾਗੇ ਬ੍ਰਾਨਹਾਮ ਪਰਿਵਾਰ ਦਾ ਬਹੁਤ ਚੰਗਾ ਨਾਮ ਨਹੀਂ ਸੀ । ਕਿਸੇ ਨੂੰ ਮੇਰੇ ਨਾਲ ਕੁਝ ਲੈਣਾ ਦੇਣਾ ਨਹੀਂ ਹੁੰਦਾ ਸੀ । ਅਤੇ ਮੈਨੂੰ ਯਾਦ ਹੈ, ਕਿ ਜਿਆਦਾ ਸਮਾਂ ਨਹੀਂ ਹੋਇਆ ਹੈ ਜਦ ਮੈਂ ਆਪਣੀ ਪਤਨੀ ਨੂੰ ਕਹਿ ਰਿਹਾ ਸੀ - ਮੈਨੂੰ ਯਾਦ ਹੈ ਕਿ ਕੋਈ ਵੀ ਅਜਿਹਾ ਨਹੀਂ ਸੀ ਜਿਸ ਨਾਲ ਮੈਂ ਗੱਲ ਬਾਤ ਕਰ ਸਕਾਂ । ਕੋਈ ਵੀ ਮੇਰੀ ਪ੍ਰਵਾਹ ਨਹੀਂ ਕਰਦਾ ਸੀ । ਅਤੇ ਹੁਣ ਇਹ ਹਾਲ ਹੈ ਕਿ ਮੈਨੂੰ ਥੋੜਾ ਜਿਹਾ ਅਰਾਮ ਕਰਨ ਲਈ ਆਪਣੇ ਆਪ ਨੂੰ ਲੁਕਾਉਣਾ ਪੈਂਦਾ ਹੈ।

74 ਹੁਣ ਪ੍ਰਮੇਸ਼ੁਰ ਨੇ ਸਾਨੂੰ ਇਹ ਆਲੀਸ਼ਾਨ ਥਾਂ ਬਖਸ਼ਿਆ ਹੈ , ਅਤੇ ਸਾਡੇ ਲਈ ਵੱਡੇ -ਵੱਡੇ ਕੰਮ ਕੀਤੇ ਹਨ ।ਅਤੇ ਉਸਨੇ ਮੈਨੂੰ ਦਿੱਤਾ ਹੈ .... ਇਸ ਭੈੜੇ ਨਾਮ ਦੇ ਬਾਵਜੂਦ ਪ੍ਰਮੇਸ਼ੁਰ ਨੇ ਮੇਰਾ ਨਾਮ ਅਜਿਹਾ ਕੀਤਾ ਹੈ ਜੋ ਕਿ ਧਰਤੀ ਤੇ ਕਿਸੇ ਵੀ ਵੱਡੇ ਆਦਮੀ ਦਾ ਹੋ ਸੱਕਦਾ ਹੈ । ਜਿੱਥੇ ਕਿਤੇ ਮੈਂ ਗਿਆ ਉਸਨੇ ਮੇਰੇ ਵੈਰੀਆਂ ਨੂੰ ਕੱਟ ਕੇ ਰੱਖ ਦਿੱਤਾ ਤੇ ਮੇਰੇ ਸਾਹਮਣੇ ਕੋਈ ਚੀਜ਼ ਖੜੀ ਨਾ ਰਹਿ ਸਕੀ ਜਿੱਥੇ ਵੀ ਇਹ ਸੰਦੇਸ਼ ਗਿਆ, ਕੁਝ ਵੀ ਇਸਦੇ ਵਿਰੁੱਧ ਟਿਕ ਨਹੀਂ ਸਕਿਆ । ਅਤੇ ਮੈਂ ਇਸਦੇ ਲਈ ਪ੍ਰਮੇਸ਼ੁਰ ਦਾ ਬਹੁਤ ਧੰਨਵਾਦੀ ਹਾਂ ।

75 ਮੈਨੂੰ ਕੀ ਪਤਾ ਸੀ ਜਦੋਂ ਮੈਂ ਇੱਥੋ ਦੋ ਤਿੰਨ ਬਲਾਕ ਪਰੇ ਰਹਿੰਦਾ ਸੀ ,ਜਿਹਨਾਂ ਦਿਨਾਂ ਵਿੱਚ ਮੈਂ ਫਟੇ ਪੁਰਾਣੇ ਕੱਪੜੇ ਪਹਿਨੀ ਨਿੱਕੇ ਜਿਹੇ ਬੱਚੇ ਦੇ ਰੂਪ ਵਿੱਚ ਇੰਗ੍ਰਾਮਵਿਲੇ ਸਕੂਲ ਵਿੱਚ ਪੜ੍ਹਦਾ ਸੀ, ਅਤੇ ਸਭਨਾਂ ਲਈ ਠੱਠਿਆਂ ਦੀ ਥਾਂ ਬਣਿਆ ਹੁੰਦਾ ਸਾਂ, ਮੈਂ ਉਸ ਪੁਰਾਣੇ ਤਲਾਬ ਵਿੱਚ ਫਿਰਦਾ ਰਹਿੰਦਾ ਸਾਂ ? ਅਤੇ ਉਸ ਸਮੇਂ ਮੈਨੂੰ ਕੀ ਪਤਾ ਸੀ ਕਿ ਉਸ ਪੁਰਾਣੇ ਤਲਾਬ ਦੇ ਥੱਲੇ ਕਮਲ ਦੇ ਫੁੱਲ ਦਾ ਬੀਜ ਪਿਆ ਸੀ ਜੋ ਇੱਕ ਦਿਨ ਇਸ ਤਰ੍ਹਾਂ ਮਹਿਕ ਪਏਗਾ । ਮੈਂ ਕਿਵੇਂ ਜਾਣ ਸਕਦਾ ਸੀ ਜਦਕਿ ਕੋਈ ਜਣਾ ਮੇਰੇ ਨਾਲ ਗੱਲ ਨਹੀਂ ਕਰਦਾ ਸੀ, ਭਈ ਤਾਂ ਵੀ ਉਹ ਮੈਨੂੰ ਅਜਿਹਾ ਨਾਮ ਬਖਸ਼ ਦੇਵੇਗਾ ਜੋ ਕਿ ਉਸਦੇ ਲੋਕਾਂ ਅੰਦਰ ਇੰਨਾ ਆਦਰ ਪਾਵੇਗਾ ।

76 ਅਤੇ ਹੁਣ ,ਦਾਊਦ ਨੂੰ ਤਾਂ ਭਵਨ ਜਾਂ ਮੰਦਰ ਬਣਾਉਣ ਦੀ ਆਗਿਆ ਨਹੀਂ ਮਿਲੀ । ਉਹ ਇਸ ਤਰ੍ਹਾਂ ਨਹੀਂ ਕਰ ਸਕਦਾ ਸੀ । ਪ੍ਰੰਤੂ ਪ੍ਰਮੇਸ਼ੁਰ ਨੇ ਕਿਹਾ ਸੀ, " ਮੈਂ ਤੇਰੀ ਅੰਸ ਵਿੱਚੋਂ ਇੱਕ ਨੂੰ ਖੜਾ ਕਰਾਂਗਾ, ਅਤੇ ਉਹ ਇੱਕ ਭਵਨ ਬਣਾਏਗਾ ਅਤੇ ਉਹ ਹੈਕਲ ਹਮੇਸ਼ਾਂ - ਹਮੇਸ਼ਾਂ ਲਈ ਹੋਵੇਗੀ। ਅਤੇ ਤੇਰੇ ਪੁੱਤਰ ਅਰਥਾਤ ਦਾਊਦ ਦੇ ਪੁੱਤਰ ਉੱਤੇ ਇੱਕ ਰਾਜ ਬਣੇਗਾ ਜੋ ਯੁੱਗੋ -ਯੁੱਗ ਦਾ ਰਾਜ ਹੋਵੇਗਾ, ਅਤੇ ਉਹ ਉਸ ਰਾਜ ਤੇ ਅਧਿਕਾਰ ਕਰੇਗਾ ।" ਸੁਲੇਮਾਨ, ਜੋ ਸੁਭਾਵਿਕ ਤੋਰ ਨਾਲ ਦਾਊਦ ਦਾ ਪੁੱਤਰ ਹੈ, ਨੇ, ਆਪਣੀ ਭੌਤਿਕ ਜਾਂ ਸੁਭਾਵਿਕ ਸ਼ਕਤੀ ਨਾਲ ਇੱਕ ਭਵਨ ਬਣਾਇਆ ਸੀ ।

77 ਪ੍ਰੰਤੂ ਜਦ ਦਾਊਦ ਦਾ ਅਸਲੀ ਬੀਜ, ਦਾਊਦ ਦਾ ਪੁੱਤਰ ਆਇਆ, ਤਾਂ ਉਸਨੇ ਉਹਨਾਂ ਨੂੰ ਦੱਸਿਆ ਕਿ ਉਹ ਸਮਾਂ ਆਵੇਗਾ ਜਦ ਇਸ ਹੈਕਲ ਦਾ ਕੋਈ ਪੱਥਰ ਦੇ ਉੱਤੇ ਪੱਥਰ ਬਾਕੀ ਨਾ ਰਹੇਗਾ ਜੋ ਡੇਗਿਆ ਨਾ ਜਾਵੇਗਾ । ਪ੍ਰੰਤੂ ਉਸਨੇ ਉਹਨਾਂ ਨੂੰ ਇੱਕ ਹੋਰ ਹੈਕਲ ਦੀ ਵੱਲ ਸੰਕੇਤ ਕੀਤਾ।

78 ਪ੍ਰਕਾਸ਼ ਦੀ ਪੋਥੀ ਵਿੱਚ ਯੂਹੰਨਾ, ਪ੍ਰਕਾਸ਼ ਦੀ ਪੋਥੀ ਦੇ ਲਿਖਾਰੀ ਯੂਹੰਨਾ ਨੇ ਇਸ ਹੈਕਲ ਨੂੰ ਦੇਖਿਆ ਸੀ । ਪ੍ਰਕਾਸ਼ ਦੀ ਪੋਥੀ 21ਵਿੱਚ ਉਸਨੇ ਦੇਖਿਆ , " ਨਵੀਂ ਹੈਕਲ ਸਵਰਗ ਤੋਂ ਥੱਲੇ ਉੱਤਰ ਰਹੀ ਸੀ ਤੇ ਉਹ ਇਉਂ ਸ਼ਿੰਗਾਰੀ ਹੋਈ ਸੀ ਭਈ ਮੰਨੋ ਜਿਵੇਂ ਲਾੜੀ ਆਪਣੇ ਲਾੜੇ ਲਈ ਸ਼ਿੰਗਾਰੀ ਹੋਈ ਹੋਵੇ ।ਅਤੇ ਉਸ ਹੈਕਲ ਜਾਂ ਭਵਨ ਵਿੱਚੋ ਇੱਕ ਅਵਾਜ਼ ਆਈ, ਅਤੇ ਉਸਨੇ ਕਿਹਾ , ਵੇਖੋ ਪ੍ਰਮੇਸ਼ੁਰ ਦਾ ਭਵਨ ਜਾਂ ਡੇਰਾ ਮਨੁੱਖਾਂ ਵਿੱਚ ਹੈ ਅਤੇ ਉਹ ਉਹਨਾਂ ਦੇ ਨਾਲ ਹੋਵੇਗਾ, ਅਤੇ ਉਹ ਉਨ੍ਹਾਂ ਦੀਆਂ ਅੱਖਾਂ ਦੇ ਸੱਭ ਅੰਝੂ ਪੂੰਝ ਦੇਵੇਗਾ । ਤੇ ਫੇਰ ਕਦੇ ਭੁੱਖ , ਕੋਈ ਪੀੜ, ਨਾ ਮੌਤ ਹੋਵੇਗੀ, ਕਿਉਂਜੋ ਪਹਿਲੀਆਂ ਗੱਲਾਂ ਜਾਂਦੀਆਂ ਰਹੀਆਂ ।"

79 ਜਿਵੇਂ ਕਿ ਅਸੀਂ ਅਗਲਿਆਂ ਪਾਠਾਂ ਵਿੱਚ ਅਗਾਮੀ ਹਫਤੇ ਵਿੱਚ ਦੇਖਾਂਗੇ, ਕਿ ਦਾਉਦ ਦਾ ਅਸਲੀ ਪੁੱਤਰ ਅਪਣੇ ਭਵਨ ਵਿੱਚ, ਪ੍ਰਮੇਸ਼ੁਰ ਦੇ ਭਵਨ ਵਿੱਚ , ਉਸ ਸੱਚੇ ਭਵਨ ਵਿੱਚ ਆਏਗਾ ਜਿਸਦਾ ਨਿਰਮਾਣ ਕਰਨ ਲਈ ਉਹ ਇਸ ਸਮੇਂ ਸਵਰਗ ਵਿੱਚ ਗਿਆ ਹੋਇਆ ਹੈ । ਉਸਨੇ ਯੂਹੰਨਾ



ਕੋਈ ਵੀ ਸੈਮਨਰੀ ਨਹੀਂ ਸੀ ਹੈਗੀ ਅਤੇ ਨਾ ਹੀ ਇਸ ਤਰ੍ਹਾਂ ਦੀ ਕੋਈ ਹੋਰ ਜਗ੍ਹਾ ਸੀ।ਸਮਝੇ?ਪ੍ਰਮੇਸ਼ੁਰ ਆਪਣੇ ਆਪ ਨੂੰ ਸਾਦਗੀ ਅਤੇ ਹਲੀਮੀ ਵਿੱਚ ਲੁਕਾ ਰਿਹਾ ਸੀ।

339 ਪ੍ਰੰਤੂ ਹੁਣ ਜਰਾ ਰੁਕੋ।ਅੰਤ ਵਿੱਚ, ਅਸੀਂ ਇਹ ਕਹਿੰਦੇ ਹਾਂ। ਪ੍ਰਮੇਸ਼ੁਰ ਦੇ ਸਾਦੇ ਸੰਦੇਸ਼ ਨੂੰ ਰੱਦ ਦੇਣਾ, ਪ੍ਰਮੇਸ਼ੁਰ ਨੂੰ ਰੱਦਣਾ ਹੈ, ਪ੍ਰਮੇਸ਼ੁਰ ਦੇ ਸਧਾਰਨ ਤਰੀਕੇ ਨੂੰ ਰੱਦਣਾ ਹੈ,ਅਤੇ ਆਪਣੇ ਆਪ ਨੂੰ ਹਮੇਸ਼ਾਂ ਦੇ ਲਈ ਨਾਸ਼ ਕਰਨਾ ਹੈ।ਹੁਣ ਵੇਖੋ ਕਿ ਕਿੰਨਾ ਜਿਆਦਾ ....ਅਸੀਂ ਦੱਸਦੇ ਹਾਂ ਕਿ ਇਹ ਸੰਦੇਸ਼ ਬਹੁਤ ਹੀ ਸਾਦਾ ਹੈ ਅਤੇ ਲੋਕ ਸੋਚਦੇ ਹਨ ਕਿ ਉਹ ਇਸਦਾ ਮਖੌਲ ਉਡਾ ਸੱਕਦੇ ਹਨ, ਅਤੇ ਇਸਨੂੰ ਪੈਰਾਂ ਥੱਲੇ ਮਿੱਧ ਸੱਕਦੇ ਹਨ ਅਤੇ ਜਿਹਾ ਉਹ ਇਸ ਨਾਲ ਕਰਨਾ ਚਾਹੁਣ ਕਰ ਸੱਕਦੇ ਹਨ, ਪ੍ਰੰਤੂ ਇਸ ਤਰ੍ਹਾਂ ਕਰਨਾ ਪ੍ਰਮੇਸ਼ੁਰ ਤੋਂ ਹਮੇਸ਼ਾਂ ਲਈ ਜੁਦਾ ਹੋਣਾ ਹੈ।

340 ਨੂਹ ਦੇ ਦਿਨਾਂ ਵਿੱਚ ਜਿਹਨਾਂ ਨੇ ਉਸਦੇ ਸੰਦੇਸ਼ ਨੂੰ ਨਹੀਂ ਸੁਣਿਆ ਸੀ ਉਹ ਨਾਸ਼ ਹੋ ਗਏ ਸਨ।ਆਪਣੀ ਮੌਤ ਤੋਂ ਬਾਦ , ਜੀ ਉੱਠਣ ਤੋਂ ਪਹਿਲਾਂ ਯਿਸੂ ਨੇ ਉਹਨਾਂ ਨੂੰ ਪ੍ਰਚਾਰ ਕੀਤਾ ਜੋ ਅੰਧਕੇਰ ਵਿੱਚ ਕੈਦ ਸਨ।ਅਤੇ ਉਹ ਪਤਾਲ ਵਿੱਚ ਗਿਆ 'ਤੇ ਉਨ੍ਹਾਂ ਰੂਹਾਂ ਨੂੰ ਪ੍ਰਚਾਰ ਕੀਤਾ ਜਿਹੜੀਆਂ ਕੈਦ ਵਿੱਚ ਸਨ ਜਿਨ੍ਹਾਂ ਨੇ ਨੂਹ ਦੇ ਸਬਰ ਵਾਲੇ ਉਸ ਲੰਬੇ ਸਮੇਂ ਵਿੱਚ ਤੋਬਾ ਨਹੀਂ ਕੀਤੀ ਸੀ, ਜਦਕਿ ਪ੍ਰਮੇਸ਼ੁਰ ਦਾ ਸਿੱਧਾ-ਸਾਦਾ ਸੰਦੇਸ਼ ਇੱਕ ਸਿੱਧੇ-ਸਾਦੇ ਆਦਮੀ ਦੁਆਰਾ ਪ੍ਰਚਾਰਿਆ ਗਿਆ ਸੀ।ਉਹ ਪਤਾਲ ਵਿੱਚ ਗਿਆ ਅਤੇ ਉਸਨੇ ਕਿਹਾ, "ਨੂਹ ਨੇ ਪ੍ਰਚਾਰ ਕੀਤਾ ਸੀ ਕਿ ਮੈਂ ਇੱਥੇ ਹੋਵਾਂਗਾ,ਅਤੇ ਮੈਂ ਇੱਥੇ ਹਾਂ।" ਇਹ ਗੱਲ ਸੱਚ ਹੈ।ਸਮਝੇ?

341 ਜਿਹਨਾਂ ਲੋਕਾਂ ਨੇ ਉਸ ਨਬੀ ਮੂਸਾ ਦੇ ਸੰਦੇਸ਼ ਨੂੰ ਜੰਗਲ ਵਿੱਚ ਨਹੀਂ ਮੰਨਿਆ ਸੀ, ਜੋ ਉਸਨੂੰ ਪ੍ਰਮੇਸ਼ੁਰ ਦੀ ਵੱਲੋਂ ਮਿਲਿਆ ਸੀ,ਜਿਸਨੇ ਅੱਗ ਦੇ ਖੰਭੇ ਨੂੰ ਪੂਰੇ ਤੋਰ 'ਤੇ ਸੱਚਾ ਸਾਬਤ ਕਰ ਦਿੱਤਾ ਸੀ , ਅਤੇ ਜੰਗਲ ਵਿੱਚ ਉਹਨਾਂ ਦੀ ਅਗੁਵਾਈ ਕਰ ਰਿਹਾ ਸੀ, ਉਹ ਲੋਕ ਜੰਗਲ ਵਿੱਚ ਹੀ ਨਾਸ਼ ਹੋ ਗਏ ਅਤੇ ਮਰ ਗਏ ਸਨ।ਅਤੇ ਇਸ ਤੋਂ ਬਾਦ ਜਦ ਉਹਨਾਂ ਨੇ ਇਸ ਸੰਦੇਸ਼ ਦੇ ਸੱਚਾ ਸਾਬਤ ਹੋਣ ਦੇ ਬਾਵਜੂਦ ਵੀ ਮਿਸ਼ਨ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹਨਾਂ ਵਿੱਚੋਂ ਸਿਰਫ ਦੋ ਆਦਮੀਆਂ, ਯਹੋਸ਼ੂਆ ਅਤੇ ਕਲੇਬ ਨੂੰ ਛੱਡ ਕੇ ਬਾਕੀ ਸਾਰੇ ਜੰਗਲ ਵਿੱਚ ਹੀ ਮਰ ਗਏ ਅਤੇ ਨਾਸ਼ ਹੋ ਗਏ ਸਨ।

342 ਅਤੇ ਉੱਥੇ ਫਰੀਸੀ ਇੰਨੇ ਜਿਆਦਾ ਅੰਨੇ ਹੋ ਗਏ ਸਨ ਕਿ ਉਹ ਇਹ ਨਹੀਂ ਵੇਖ ਸਕੇ ਸਨ, ਇਸ ਲਈ ਉਹ ਪਿੱਛੇ ਵੇਖਦੇ ਸਨ ਅਤੇ ਕਹਿੰਦੇ ਸਨ, "ਸਾਡੇ ਬਾਪ ਦਾਦਿਆਂ ਨੇ ਮੰਨਾ ਖਾਧਾ ਸੀ, ਸਾਡੇ ਬਾਪ ਦਾਦਿਆਂ ਨੇ ਜੰਗਲ ਵਿੱਚ ਮੰਨਾ ਖਾਧਾ ਸੀ।"

343 ਅਤੇ ਯਿਸੂ ਨੇ ਕਿਹਾ, " ਅਤੇ ਉਹਨਾਂ ਵਿੱਚੋਂ ਹਰ ਇੱਕ ਮਰ ਗਿਆ।" ਉਹਨਾਂ ਨੇ ਖੁਦਾ ਦੀ ਮਹਿਮਾਂ ਵੇਖੀ ਸੀ।ਉਹ ਰੋਸ਼ਨੀ ਵਿੱਚ ਚੱਲੇ ਸਨ ..... ਉਹ ਰੋਸ਼ਨੀ ਵਿੱਚ ਚੱਲੇ ਸਨ। ਉਹ ਅੱਗ ਦੇ ਖੰਭੇ ਦੀ ਰੋਸ਼ਨੀ ਵਿੱਚ ਚੱਲੇ ਸਨ।ਉਹ ਉਸਦੀ ਸਾਮਰਥ ਦੀ ਹਜ਼ੂਰੀ ਵਿੱਚ ਚੱਲੇ ਸਨ।ਉਹ ਉਹਨਾਂ ਥਾਵਾਂ 'ਤੇ ਗਏ ਸਨ ਜਿੱਥੇ ਪਵਿੱਤਰ ਆਤਮਾ ਉਹਨਾਂ ਨੂੰ ਲੈ ਗਿਆ ਸੀ। ਉਹਨਾਂ ਨੇ ਉਸ ਮੰਨੇ ਨੂੰ ਖਾਧਾ ਸੀ ਜਿਹੜਾ ਸਵਰਗ ਤੋਂ ਡਿੱਗਦਾ ਹੁੰਦਾ ਸੀ, ਜਿਹੜਾ ਪ੍ਰਮੇਸ਼ੁਰ ਨੇ ਉਹਨਾਂ ਨੂੰ ਦਿੱਤਾ ਸੀ। ਅਤੇ ਉਹ ਨਾਸ਼ ਹੋ ਗਏ ਸਨ, ਅਤੇ ਨਰਕ ਵਿੱਚ ਚਲੇ ਗਏ ਸਨ। ਉਹ ਸਾਰੇ ਮਰੇ ਹੋਏ ਹਨ।ਜੇ ਤੁਸੀਂ "ਖੁਦਾ ਦੀ ਹਜ਼ੂਰੀ ਵਿੱਚੋਂ ਹਮੇਸ਼ਾਂ ਲਈ ਜੁਦਾ ਹੋਣ" ਦਾ ਅਸਲੀ ਅਰਥ ਸਮਝੋ ਤਾਂ ਇਸਦਾ ਅਰਥ ਇਹ ਨਿੱਕਲਦਾ ਹੈ ਕਿ, "ਉਹ ਸਭ ਮਰ ਗਏ।" ਸਮਝੇ?

ਚੀਜ਼ ਹੈਗੀ ਹੈ .....” ਕਿਸੇ ਹੋਰ ਰਾਤ ਨੂੰ ਮੈਨੂੰ ਇੱਕ ਵਿਅਕਤੀ ਕਹਿ ਰਿਹਾ ਸੀ।ਤੁਸੀਂ ਇਸ ਬਾਰੇ ਜਾਣਦੇ ਹੋ। ਉਹ ਆਇਰਸ ਸੀ, ਜਿਸਦੇ ਬੇਟੇ ਨੂੰ ਵੇਖਣ ਲਈ ਮੈਂ ਹੋਸਟਨ ਗਿਆ ਸੀ, ਉਸਨੇ ਕਿਹਾ-ਉਸਨੇ ਕਿਹਾ, "ਠੀਕ ਹੈ,ਹੁਣ ਜੇ ਇਹ ਖੁਦਾ ਦਾ ਵਰਦਾਨ ਹੈ, ਤਾਂ ਇਸਨੇ ਕੈਥੋਲਿਕ ਕਲੀਸਿਯਾ ਵਿੱਚ ਹੀ ਆਉਣਾ ਹੈ।"ਵੇਖਿਆ ਤੁਸੀਂ?ਸਮਝੇ? ਜੀ ਹਾਂ, ਮੈਥੋਡਿਸਟ ਸੋਚਦੇ ਹਨ ਕਿ ਇਸਨੇ ਉਹਨਾਂ ਦੀ ਕਲੀਸਿਯਾ ਵਿੱਚ ਹੀ ਆਉਣਾ ਹੈ।ਅਤੇ ਪੈਂਟੀਕਾਸਟਲ ਸੋਚਦੇ ਹਨ ਕਿ ਇਸਨੂੰ ਉਹਨਾਂ ਦੀ ਕਲੀਸਿਯਾ ਵਿੱਚ ਹੀ ਆਉਣਾ ਹੈ। ਪਰ ਇਹ ਉਹਨਾਂ ਕਲੀਸਿਯਾਵਾਂ ਵਿੱਚੋਂ ਕਿਸੇ ਵਿੱਚ ਵੀ ਨਹੀਂ ਆਇਆ ਹੈ।

335 ਇਹ ਯਿਸੂ ਮਸੀਹ ਦੀ ਮੁਰਦਿਆਂ ਵਿੱਚੋਂ ਜੀਅ ਉੱਠਣ ਵਾਲੀ ਸ਼ਕਤੀ ਅੰਦਰ ਆਇਆ ਹੈ ਜੋ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਹੈ।ਇਹ ਸੱਚ ਹੈ। ਬਿਲਕੁੱਲ ਹੀ, ਉਸਨੇ ਇਸੇ ਤਰ੍ਹਾਂ ਹੀ ਕੀਤਾ ਹੈ।ਜੀ ਹਾਂ , ਤੁਸੀਂ ਬੱਸ ਇਸਨੂੰ ਵੇਖਦੇ ਰਹੋ।ਤੁਸੀਂ ਇਸਨੂੰ ਆਪਣੇ ਲਾਗਿਓ ਲੰਘ ਨਾ ਜਾਣ ਦਿਓ। ਤੁਸੀਂ ਇਸਨੂੰ ਆਪਣੇ ਦਿਲ ਵਿੱਚ ਬਣਾਏ ਰੱਖੋ ਅਤੇ ਇਸਨੂੰ ਯਾਦ ਰੱਖੋ।ਇਸ 'ਤੇ ਧਿਆਨ ਕਰੋ।

336 ਲੋਕ ਸੋਚਦੇ ਹਨ ਕਿ ਇਸ ਤਾਂ ਉਹਨਾਂ ਦੀ ਆਪਣੀ ਧਾਰਨਾ ਦੇ ਅਨੁਸਾਰ, ਅਤੇ ਉਹਨਾਂ ਦੀ ਆਪਣੀ ਮਿਸ਼ਨ ਵਿੱਚ ਆਉਣਾ ਜਰੂਰੀ ਹੈ।"ਅਤੇ ਜੇ ਇਹ ਉਸ ਤੋਂ ਇਲਾਵਾ ਕਿਸੇ ਹੋਰ ਢੰਗ ਨਾਲ ਆਉਂਦਾ ਹੈ, ਤਾਂ ਇਹ ਪ੍ਰਮੇਸ਼ੁਰ ਦੇ ਵੱਲੋਂ ਨਹੀਂ ਹੈ, ਇਹ ਬਸ ਮਨੋਵਿਗਿਆਨਿਕ ਗੱਲ ਹੈ ਜਾਂ ਇਹ ਸ਼ੈਤਾਨ ਦੀ ਵੱਲੋਂ ਹੈ।ਇਹ ਹੈ- ਕਿਉਂਕਿ ਜੇ ਇਹ ਪ੍ਰਮੇਸ਼ੁਰ ਦੇ ਵੱਲੋਂ ਹੈ, ਤਾਂ ਇਸਨੂੰ ਉਹਨਾਂ ਦੀ ਸੋਚ ਦੇ ਅਨੁਸਾਰ ਉਹਨਾਂ ਦੀ ਕਲੀਸਿਯਾ ਵਿੱਚ ਆਉਣਾ ਚਾਹੀਦਾ ਹੈ, ਅਤੇ ਇਸਨੂੰ ਉਸੇ ਤਰ੍ਹਾਂ ਹੋਣਾ ਚਾਹੀਦਾ ਹੈ ਜਿਵੇਂ ਉਹ ਵਚਨ ਦਾ ਅਰਥ ਲਗਾਉਂਦੇ ਹਨ।ਵੇਖਿਆ ਤੁਸੀ,ਲੋਕ ਕਿਸ ਤਰ੍ਹਾਂ ਸੋਚਦੇ ਹਨ।

337 ਇਸੇ ਹੀ ਢੰਗ ਨਾਲ ਯਿਸੂ ਨੇ ਫਰੀਸੀਆਂ ਕੋਲ ਆਉਣਾ ਸੀ।ਉਹ ਸੋਚਦੇ ਸਨ ਕਿ ਇਹ ਇਸੇ ਢੰਗ ਨਾਲ ਹੀ ਹੋਣਾ ਚਾਹੀਦਾ ਸੀ।ਸਮਝੇ? ਜੇ ਪ੍ਰਮੇਸ਼ੁਰ ....ਮਸੀਹ ਨੂੰ ਘੱਲਣ ਜਾ ਰਿਹਾ ਸੀ ਤਾਂ ਉਹਨਾਂ, ਤਾਂ ਉਸਨੂੰ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ -ਇਹ ਸਾਰੀਆਂ ਗੱਲਾਂ ਉਹਨਾਂ ਲੋਕਾਂ ਨੇ ਆਪਣੇ ਆਪਣੇ ਅਰਥ ਲਾ ਕੇ ਤਹਿ ਕਰ ਲਈਆਂ ਸਨ।ਅਤੇ ਕਿਉਂਕਿ ਮਸੀਹ ਉਹਨਾਂ ਦੀ ਕੀਤੀ ਵਿਆਖਿਆ ਦੇ ਉਲਟ ਆਇਆ, ਇਸ ਲਈ ਉਹਨਾਂ ਦੇ ਲਈ "ਉਹ ਮਸੀਹ ਨਹੀਂ ਸੀ। ਉਹਨਾਂ ਦੇ ਲਈ ਤਾਂ ਉਹ ਕੋਈ ਨਜਾਇਜ ਸੀ। ਉਹਨਾਂ ਲਈ ਉਹ ਬਾਲਜਬੂਲ ਸੀ।ਪ੍ਰੰਤੂ ਇਹ ਪ੍ਰਮੇਸ਼ੁਰ ਸੀ ਜੋ ਆਪਣੇ ਆਪ ਨੂੰ ਸਾਦਗੀ ਵਿੱਚ ਛੁਪਾਏ ਬੈਠਾ ਸੀ।

338 ਉਹ ਸੋਚਦੇ ਸਨ ਕਿ ਮਸੀਹ ਦੇ ਅੱਗੇ ਆਉਣ ਵਾਲਾ ਦੂਤ ਕੋਈ ਪੜ੍ਹਿਆ ਲਿਖਿਆ ਆਦਮੀ ਹੋਣਾ ਚਾਹੀਦਾ ਹੈ, ਜੋ ਉਹਨਾਂ ਦੇ ....ਚੰਗਾ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਰ ਇੱਕ ਦਿਨ, ਹਰੇਕ ਸਾਲ ਜਦ ਉਹ ਆਪਣੇ ਸੇਵਾਦਾਰਾਂ ਨੂੰ ਨਿਯੁਕਤ ਕਰਦੇ ਅਤੇ ਉਹਨਾਂ ਨੂੰ ਮਿਸ਼ਨਰੀ ਦੇ ਤੌਰ 'ਤੇ ਹੋਰਨਾਂ ਲੋਕਾਂ ਨੂੰ ਚੇਲੇ ਬਣਾਉਣ ਲਈ ਭੇਜਦੇ, ਅਤੇ ਆਪਣੀ ਮਿਸ਼ਨ ਦਾ ਮੈਂਬਰ ਬਣਾਉਣ ਲਈ ਭੇਜਦੇ ਸਨ; ਤਾਂ ਉਹਨਾਂ ਵਿੱਚ ਹਰੇਕ ਸੋਚਦਾ ਸੀ ਕਿ " ਇਹ ਉਹ ਦੂਤ ਬਣੇਗਾ ਜਿਹੜਾ ਆਉਣ ਵਾਲਾ ਹੈ।" ਪਰ ਪ੍ਰਮੇਸ਼ੁਰ ਨੇ ਉਸਨੂੰ ਉੱਥੋਂ ਜੰਗਲ ਵਿੱਚੋਂ ਉਠਾ ਖੜਾ ਕੀਤਾ ਅਤੇ ਉਜਾੜ ਵਿੱਚ



14 ਵਿੱਚ ਕਿਹਾ ਹੈ, " ਮੇਰੇ ਪਿਤਾ ਦੇ ਘਰ ਵਿੱਚ ਬਹੁਤ ਸਾਰੇ ਨਿਵਾਸ ਸਥਾਨ ਹਨ, ਅਤੇ ਮੈਂ ਜਾਵਾਂਗਾ ...... " ਇਸ ਤੋਂ ਉਸਦਾ ਕੀ ਮਤਲਬ ਸੀ । ਇਹ ਤਾਂ ਪਹਿਲਾਂ ਤੋਂ ਹੀ ਸਥਾਪਿਤ ਹੈ । " ਮੈਂ ਤੁਹਾਡੇ ਲਈ ਜਗ੍ਹਾ ਤਿਆਰ ਕਰਨ ਜਾਂਦਾ ਹਾਂ, ਅਤੇ ਫੇਰ ਆਵਾਂਗਾ, ਤਾਂ ਜੋ ਤੁਹਾਨੂੰ ਆਪਣੇ ਕੋਲ ਲੈ ਜਾਵਾਂ ਕਿ ਜਿੱਥੇ ਮੈਂ ਹਾਂ ਤੁਸੀਂ ਵੀ ਹੋਵੋ ।" ਅਰ ਅਸੀਂ ਜਾਣਦੇ ਹਾਂ ਕਿ ਆਉਣ ਵਾਲੇ ਮਹਾਨ ਸਮੇਂ ਵਿੱਚ ਆਸਲ ਵਿੱਚ ਹੀ ਅਜਿਹਾ ਹੋਵੇਗਾ । ਅਤੇ ਦਾਊਦ ਦਾ ਸੱਚਾ ਪੁੱਤਰ ਰਾਜ ਗੱਦੀ ਨੂੰ ਸੰਭਾਲੇਗਾ, ਜੋ ਕਿ ਯਿਸੂ ਮਸੀਹ ਹੈ, ਅਰ ਉੱਥੇ ਉਹ ਕਲੀਸਿਯਾ ਉੱਤੇ ਰਾਜ ਕਰੇਗਾ - ਜੋ ਕਿ ਉਸਦੀ ਦੁਲਹਨ ਹੈ ਜੋ ਉਸ ਦੇ ਨਾਲ ਉਸਦੇ ਘਰ ਵਿੱਚ ਹੋਵੇਗੀ , ਅਤੇ ਉਹ ਇਸਰਾਈਲ ਦੇ ਬਾਰਾਂ ਗੋਤਾਂ ਉੱਤੇ ਯੁੱਗੋ -ਯੁੱਗ ਰਾਜ ਕਰੇਗਾ ।

80 ਅਰ ਇਹ ਛੋਟੀਆਂ -ਛੋਟੀਆਂ ਥਾਵਾਂ; ਜਿਵੇਂ ਦਾਊਦ ਪ੍ਰਮੇਸ਼ੁਰ ਲਈ ਸੱਚਾ ਭਵਨ ਨਹੀਂ ਬਣਾ ਸਕਿਆ ਸੀ, ਕਿਉਂਕਿ ਉਹ ਉਸ ਨੂੰ ਬਣਾਉਣ ਦੇ ਯੋਗ ਨਾ ਸੀ। ਉਹ ਕੁਝ ਵੀ ਨਹੀਂ ਕਰ ਸਕਦਾ ਸੀ । ਉਹ ਮਰਨਹਾਰ ਸੀ ਅਤੇ ਉਸਨੇ ਲਹੂ ਬਹਾਇਆ ਸੀ । ਠੀਕ ਇਸੇ ਤਰ੍ਹਾਂ ਹੀ ਅੱਜ ਸਾਡੇ ਨਾਲ ਹੈ, ਅਸੀਂ ਵੀ ਪ੍ਰਮੇਸ਼ੁਰ ਦੀ ਸੱਚੀ ਹੈਕਲ ਬਣਾਉਣ ਦੇ ਲਈ ਤਿਆਰ ਜਾਂ ਜੋਗ ਨਹੀਂ ਹਾਂ । ਸਿਰਫ ਇੱਕ ਹੀ ਹੈ ਜੋ ਅਜਿਹਾ ਕਰ ਸਕਦਾ ਹੈ ਅਤੇ ਇਸ ਸਮੇਂ ਉਹ ਇਸਨੂੰ ਬਣਾਉਣ ਵਿੱਚ ਲੱਗਾ ਹੋਇਆ ਹੈ ।

81 ਪ੍ਰੰਤੂ ਇਹ ਨਿੱਕਾ ਜਿਹਾ ਭਵਨ ਅਤੇ ਉਹ ਹੈਕਲ ਜੋ ਸੁਲੇਮਾਨ ਨੇ ਉਸ ਵਾਸਤੇ ਬਣਾਈ ਸੀ ਤੇ ਹੋਰ ਵੀ ਜੋ ਲੋਕਾਂ ਨੇ ਉਪਾਸਨਾ ਲਈ ਬਣਾਈਆਂ ਹਨ , ਉਸ ਸਮੇਂ ਲਈ ਉਪਾਸਨਾ ਵਾਸਤੇ ਹਨ ਜਦ ਤੱਕ ਕਿ ਉਹ ਸਮਾਂ ਨਹੀਂ ਆ ਜਾਂਦਾ ਜਦਕਿ ਧਰਤੀ ਤੇ ਉਹ ਅਸਲੀ ਭਵਨ ਖੜਾ ਨਹੀਂ ਹੋ ਜਾਂਦਾ । ਅਤੇ " ਧਾਰਮਿਕਤਾ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਧਰਤੀ ਉੱਤੇ ਰਾਜ ਕਰੇਗੀ ਅਤੇ ਕੋਈ ਵੀ ਦੁਖੀ ਨਹੀਂ ਹੋਵੇਗਾ । " ਉਸ ਭਵਨ ਵਿੱਚ ਜਨਾਜ਼ੇ ਨਹੀਂ ਹੋਣਗੇ । ਤਦ ਫਿਰ ਕੋਈ ਵਿਆਹ ਨਹੀਂ ਹੋਵੇਗਾ, ਕਿਉਂਕਿ ਇੱਕ ਮਹਾਨ ਵਿਆਹ ਸਦੀਪਕ ਕਾਲ ਲਈ ਹੋ ਚੁੱਕਾ ਹੋਵੇਗਾ। ਉਹ ਸਮਾਂ ਕਿੰਨਾਂ ਅਦਭੁਤ ਹੋਵੇਗਾ ।

82 ਆਓ ਆਪਣੇ ਮਨਾਂ ਵਿੱਚ ਅਜਿਹੀ ਧਾਰਨਾ ਧਾਰੀਏ ਕਿ ਉਸ ਆਉਣ ਵਾਲੀ ਹੈਕਲ ਦੀ ਯਾਦ ਅਰ ਉਡੀਕ ਵਿੱਚ ਅਸੀਂ ਆਪਣੇ ਆਪ ਵਿੱਚ ਉਸਦੇ ਆਤਮਾ ਦੁਆਰਾ ਇਹੋ ਜਿਹਾ ਸੁਭਾਅ ਬਣਾਈਏ ਕਿ ਇਸ ਥਾਂ ਵਿੱਚ ਉਸੇ ਤਰ੍ਹਾਂ ਉਪਾਸਨਾ ਕਰੀਏ ਜਿਵੇਂ ਕਿ ਅਸੀਂ ਉਸ ਥਾਂ ਵਿੱਚ ਹੋਈਏ ਤੇ ਉਸ ਆਉਣ ਵਾਲੀ ਥਾਂ ਦੀ ਉਡੀਕ ਵਿੱਚ ਰਹੀਏ ।

83 ਹੁਣ ਜਦ ਮੈਂ ਪਵਿੱਤਰ ਲਿਖਤ ਵਿੱਚੋਂ ਪੜ੍ਹਾਂਗਾ ਤਾਂ ਆਓ ਅਸੀਂ ਆਪਣੇ ਪੈਰਾਂ ਉੱਤੇ ਖੜੇ ਹੋ ਜਾਈਏ ।

*ਤਾਂ ਮੈਂ ਨਵਾਂ ਅਕਾਸ਼ ਅਤੇ ਨਵੀਂ ਧਰਤੀ ਵੇਖੀ ਕਿਉਂਜੋ ਪਹਿਲਾ ਅਕਾਸ਼ ਅਤੇ ਪਹਿਲੀ ਧਰਤੀ ਜਾਂਦੀ ਰਹੀ ਅਤੇ ਹੁਣ ਅਗਾਹਾਂ ਨੂੰ ਸਮੁੰਦਰ ਹੈ ਨਹੀਂ ।*

*ਅਤੇ ਮੈਂ ਪਵਿੱਤਰ ਨਗਰੀ ਨਵੀਂ ਯਰੂਸ਼ਲਮ ਨੂੰ ਇਉਂ ਤਿਆਰ ਕੀਤੀ ਹੋਈ ਮਾਨੋ ਲਾੜੀ ਆਪਣੇ ਲਾੜੇ ਲਈ ਸ਼ਿੰਗਾਰੀ ਹੋਈ ਹੈ ਪਰਮੇਸ਼ੁਰ ਦੇ ਕੋਲੋਂ ਅਕਾਸ਼ੋਂ ਉੱਤਰਦੀ ਨੂੰ ਵੇਖਿਆ*

*ਅਤੇ ਮੈਂ ਸਿੰਘਾਸਣ ਤੋਂ ਇੱਕ ਵੱਡੀ ਅਵਾਜ਼ ਇਹ ਆਖਦੀ ਸੁਣੀ ਭਈ ਵੇਖ , ਪਰਮੇਸ਼ੁਰ ਦਾ ਡੇਰਾ ਮਨੁੱਖਾਂ ਦੇ ਨਾਲ ਹੈ ਅਤੇ ਉਹ ਉਨ੍ਹਾਂ ਨਾਲ ਡੇਰਾ ਕਰੇਗਾ ਅਤੇ ਉਹ ਉਸਦੀ ਪਰਜਾ ਹੋਣਗੇ ਅਤੇ ਪਰਮੇਸ਼ੁਰ ਆਪ ਉਹਨਾਂ ਦਾ ਪਰਮੇਸ਼ੁਰ ਹੋ ਕੇ ਉਹਨਾਂ ਦੇ ਨਾਲ ਰਹੇਗਾ।*

ਆਓ ਅਸੀਂ ਹੁਣ ਆਪਣੇ ਸਿਰਾਂ ਨੂੰ ਝੁਕਾਈਏ ।

84 ਸਾਡੇ ਸਵਰਗੀ ਪਿਤਾ ,ਅਸੀਂ ਤੇਰੇ ਸਾਹਮਣੇ ਆਦਰ , ਭੈਅ ਨਾਲ ਖੜੇ ਹੁੰਦੇ ਹਾਂ । ਅਸੀਂ ਤੇਰੇ ਅੱਗੇ ਸਨਮਾਨ ਅਤੇ ਪਵਿੱਤਰ ਭਗਤੀ ਭਾਵ ਨਾਲ ਖੜੇ ਹੁੰਦੇ ਹਾਂ । ਅਤੇ ਪ੍ਰਭੂ ਅਸੀਂ ਤੇਰੇ ਅੱਗੇ ਬੇਨਤੀ ਕਰਦੇ ਹਾਂ ਕਿ ਤੂੰ ਸਾਡੇ ਇਹ ਚੜ੍ਹਾਵੇ ਕਬੂਲ ਕਰ ਜਿਹਦੇ ਲਈ ਤੂੰ ਸਾਨੂੰ ਕਿਰਪਾ ਕਰਕੇ ਤਾਕਤ ਅਤੇ ਪੈਸਾ ਬਖਸ਼ਿਆ ਜਿਸ ਨਾਲ ਅਸੀਂ ਤੇਰੀ ਉਪਾਸਨਾ ਵਾਸਤੇ ਇਹ ਡੇਰਾ ਬਣਾਇਆ ਹੈ, ਕਬੂਲ ਕਰ । ਕੁਝ ਵੀ ਅਜਿਹਾ ਨਹੀਂ ਹੈ ਅਰਥਾਤ ਅਸੀਂ ਧਰਤੀ ਤੇ ਕੋਈ ਵੀ ਅਜਿਹੀ ਥਾਂ ਨਹੀਂ ਬਣਾ ਸਕਦੇ ਹਾਂ, ਜੋ ਇਸ ਯੋਗ ਹੋਵੇ ਕਿ ਪਰਮੇਸ਼ੁਰ ਦਾ ਆਤਮਾ ਉਸ ਵਿੱਚ ਵਾਸ ਕਰ ਸਕੇ । ਪ੍ਰੰਤੂ ਪ੍ਰਭੂ , ਤੇਰੇ ਪ੍ਰਤੀ ਆਪਣੇ ਪਿਆਰ ਅਤੇ ਭਾਵਨਾਵਾਂ ਦੀ ਨਿਸ਼ਾਨੀ ਦੇ ਰੂਪ ਵਿੱਚ ਅਸੀਂ ਇਹ ਭਵਨ ਤੈਨੂੰ ਸਮਰਪਿਤ ਕਰਦੇ ਹਾਂ । ਅਤੇ ਅਸੀਂ ਤੇਰਾ ਉਹਨਾਂ ਸਾਰਿਆਂ ਕੰਮਾਂ ਲਈ ਧੰਨਵਾਦ ਕਰਦੇ ਹਾਂ, ਜੋ ਤੂੰ ਸਾਡੇ ਲਈ ਕੀਤੇ ਹਨ ।

85 ਅਤੇ ਹੁਣ, ਇਹ ਭਵਨ ਅਤੇ ਥਾਂ ਤਾਂ ਬਹੁਤ ਸਮਾਂ ਪਹਿਲਾਂ ਹੀ ਤੇਰੀ ਸੇਵਾ ਲਈ ਸਮਰਪਿਤ ਕੀਤੀ ਜਾ ਚੁੱਕੀ ਹੈ, ਅਤੇ ਉਹਨਾਂ ਸਭ ਚੀਜਾਂ ਨੂੰ ਜੋ ਤੂੰ ਸਾਡੇ ਲਈ ਕੀਤੀਆਂ ਯਾਦ ਕਰਕੇ ਅਸੀਂ ਤੇਰਾ ਧੰਨਵਾਦ ਕਰਦੇ ਹਾਂ । ਅਤੇ ਪ੍ਰਭੂ ਬਹੁਤ ਸਾਲ ਪਹਿਲਾਂ ਜਿਵੇਂ ਕਿ ਇਹ ਦਰਸ਼ਨ ਵਿੱਚ ਪ੍ਰਗਟ ਕੀਤਾ ਗਿਆ ਸੀ, ਮੈਂ ਦਰਸ਼ਨ ਵਿੱਚ ਦੇਖਿਆ ਸੀ ਕਿ ਇਹ ਇੱਕ ਪੁਰਾਣਾ ਭਵਨ ਹੈ ਜਿਸ ਵਿੱਚ ਕਦੇ ਲੋਕ ਆਇਆ ਕਰਦੇ ਸਨ , ਅਤੇ ਉਹਨਾਂ ਨੇ ਇਸਦੀ ਮੁਰੰਮਤ ਕੀਤੀ ਹੈ ਅਤੇ ਇਸਨੂੰ ਨਵਾਂ ਬਣਾਇਆ ਹੈ, ਅਤੇ ਮੈਨੂੰ ਨਦੀਓ ਪਾਰ ਭੇਜ ਦਿੱਤਾ ਗਿਆ ।

86 ਹੁਣ , ਪ੍ਰਭੂ ਸਵਰਗ ਅਤੇ ਧਰਤੀ ਦੇ ਸਿਰਜਨਹਾਰੇ , ਅਸੀਂ ਤੇਰੀ ਹਜ਼ੂਰੀ ਵਿੱਚ ਤੇਰੇ ਵਾੜੇ ਦੇ ਲੋਕਾਂ ਵਾਂਗ ਖੜੇ ਹਾਂ ।ਅਸੀਂ ਇੱਥੇ ਤੇਰੇ ਰਾਜ ਦੇ ਲੋਕਾਂ ਦੇ ਵਾਂਗ ਖੜੇ ਹਾਂ । ਮੈਂ ਆਪ ਖੁਦ, ਪਾਦਰੀ ਸਹਿਬ ਅਤੇ ਕਲੀਸਿਯਾ, ਅਤੇ ਲੋਕਾਂ ਸਮੇਤ ਇਸ ਭਵਨ ਨੂੰ ਪ੍ਰਮੇਸ਼ੁਰ ਦੇ ਪੁੱਤਰ ਯਿਸੂ ਮਸੀਹ ਦੇ ਨਾਮ ਵਿੱਚ, ਸਰਵ ਸ਼ਕਤੀਮਾਨ ਪਰਮੇਸ਼ੁਰ ਦੀ ਸੇਵਾ, ਭਗਤੀ ਅਤੇ ਆਦਰ ਲਈ ਸਮਰਪਿਤ ਕਰਦਾ ਹਾਂ। ਅਜਿਹਾ ਹੋਵੇ ਕਿ ਇਸ ਭਵਨ ਵਿੱਚੋਂ ਖੁਸ਼ਖਬਰੀ ਦਾ ਪ੍ਰਚਾਰ ਇਸ ਤਰ੍ਹਾਂ ਫੈਲੇ ਕਿ ਧਰਤੀ ਦੀਆਂ ਚਾਰੇ ਦਿਸ਼ਾਵਾਂ ਤੋਂ ਲੋਕ ਪ੍ਰਮੇਸ਼ੁਰ ਦੀ ਮਹਿਮਾਂ ਨੂੰ ਇੱਥੋਂ ਨਿੱਕਲਦੇ ਅਤੇ ਫੈਲਦੇ ਹੋਏ ਦੇਖਣ। ਪ੍ਰਭੂ ਜਿਵੇਂ ਤੂੰ ਬੀਤੇ ਸਮੇਂ ਵਿੱਚ ਕੀਤਾ ਸੀ, ਹੋਵੇ ਕਿ ਉਸ ਤੋਂ ਕਈ ਗੁਣਾ ਵੱਧ ਹੁਣ ਹੋ ਸਕੇ ।

87 ਪਿਤਾ, ਅਸੀਂ ਆਪਣੇ ਆਪ ਨੂੰ, ਜੋ ਕੁਝ ਵੀ ਸਾਡੇ ਵਿੱਚ ਹੈ, ਵਚਨ ਦੇ ਰਾਹੀਂ ਤੇਰੀ ਸੇਵਕਾਈ ਲਈ ਸਮਰਪਿਤ ਕਰਦੇ ਹਾਂ । ਪ੍ਰਭੂ , ਇਹ ਸੰਗਤੀ ਅਤੇ ਲੋਕ ਇਸ ਸਵੇਰ ਆਪਣੇ ਆਪ ਨੂੰ ਪਰਮੇਸ਼ੁਰ ਦਾ ਵਚਨ ਸੁਣਨ ਲਈ ਸਮਰਪਿਤ ਕਰਦੇ ਹਨ । ਅਤੇ ਅਸੀਂ ਸੇਵਾਦਾਰਾਂ ਦੇ ਰੂਪ ਵਿੱਚ ਪ੍ਰਮੇਸ਼ੁਰ ਦਾ ਵਚਨ ਸੁਣਾਉਣ ਲਈ ਆਪਣੇ ਆਪ ਨੂੰ ਸਮਰਪਿਤ ਕਰਦੇ ਹਾਂ, " ਕਿ ਵੇਲੇ -ਕੁਵੇਲੇ ਵਚਨ ਦਾ ਪ੍ਰਚਾਰ ਕਰਨ ਵਿੱਚ, ਸੁਧਾਰਨ ਲਈ , ਤਾੜਨਾ ਕਰਨ ਲਈ ਤਿਆਰ ਰਹੀਏ।"



ਅਲੋਚਨਾ ਹੋਈ ਸੀ।ਪ੍ਰੰਤੂ ਕੀ ਖੁਦਾ ਨੇ ਬਿਲਕੁੱਲ ਉਸੇ ਤਰ੍ਹਾਂ ਨਹੀਂ ਕੀਤਾ ?[ਸੰਗਤ "ਆਮੀਨ" ਆਖਦੀ ਹੈ-ਸੰਪ] ਪ੍ਰਮੇਸ਼ੁਰ ਨੇ ਸੱਭ ਕੁਝ ਬਿਲਕੁੱਲ ਉਸੇ ਤਰ੍ਹਾਂ ਹੀ ਕੀਤਾ ਹੈ।

330 ਅਤੇ ਇਸ ਤੋਂ ਬਾਅਦ ਅਲੋਚਕਾਂ ਨੇ ਸਾਡੇ ਵਿੱਚ ਰੱਬੀ ਚੰਗਾਈ ਦਾ ਇਨਕਾਰ ਕੀਤਾ ਅਤੇ ਕਿਹਾ, "ਇਹ ਰੱਬੀ ਚੰਗਾਈ ਬਸ ਮਨ ਦਾ ਵਹਿਮ ਹੈ।"ਅਤੇ ਇਸ ਦੇ ਜਵਾਬ ਵਿੱਚ ਪ੍ਰਮੇਸ਼ੁਰ ਨੇ ਇੱਥੇ ਇੱਕ ਬੁੱਢੀ, ਗੁੰਗੀ ਅਪੋਜਮ (ਅਮਰੀਕਾ ਦਾ ਇੱਕ ਪਸ਼ੂ ) ਨੂੰ ਭੇਜਿਆ ਸੀ ਅਤੇ ਉਹ ਪ੍ਰਮੇਸ਼ੁਰ ਦੀ ਸਾਮਰਥ ਦੁਆਰਾ ਚੰਗੀ ਹੋ ਗਈ ਸੀ।

331 ਉਸ ਸਮੇਂ ਉੱਥੇ ਭਾਈ ਲਿਐਲ ਵੁੱਡ ਅਤੇ ਭਾਈ ਬੈਂਕਸ ਬੈਠੇ ਹੋਏ ਸਨ, ਅਤੇ ਉਹ ਜਾਣਦੇ ਹਨ ਕਿ ਪ੍ਰਮੇਸ਼ੁਰ ਨੇ ਸੱਚ ਦੀ ਗਵਾਹੀ ਦਿੱਤੀ ਸੀ।ਜਦ ਨਦੀ ਦੀ ਇੱਕ ਛੋਟੀ,ਪੁਰਾਣੀ ਨਿੱਕੀ ਜਿਹੀ ਮਿੱਨੋ ਮਛਲੀ ਪਾਣੀ ਵਿੱਚ ਪਈ ਹੋਈ ਸੀ।ਅਤੇ ਪਵਿੱਤਰ ਆਤਮਾ ਨੇ ਇਸਦੇ ਬਾਰੇ ਵਿੱਚ ਇੱਕ ਦਿਨ ਪਹਿਲਾਂ ਹੀ ਦੱਸ ਦਿੱਤਾ ਸੀ, ਉਸਨੇ ਦੱਸ ਦਿੱਤਾ ਸੀ ਕਿ ਉਹ ਉਹਨਾਂ ਨੂੰ ਆਪਣੀ ਮਹਿਮਾਂ ਦਿਖਾਉਣ ਜਾ ਰਿਹਾ ਹੈ ਅਤੇ ਉਸ ਮਛਲੀ ਦੇ ਬਾਰੇ ਕੁਛ ਕਰਨ ਜਾ ਰਿਹਾ ਹੈ। ਅਤੇ ਉਸ ਸਵੇਰ ਜਦ ਅਸੀਂ ਉੱਥੇ ਇੱਕ ਕਿਸ਼ਤੀ ਵਿੱਚ ਸਾਂ ਅਤੇ ਪਵਿੱਤਰ ਆਤਮਾ ਉੱਥੇ ਉਸ ਕਿਸ਼ਤੀ ਵਿੱਚ ਥੱਲੇ ਉੱਤਰ ਆਇਆ ਸੀ। ਅਤੇ ਮੈਂ ਉੱਪਰ ਖੜਾ ਹੋਇਆ ਅਤੇ ਮੈਂ ਮਛਲੀ ਨੂੰ ਕਿਹਾ।ਅਤੇ ਉਹ ਮੱਛੀ ਉੱਥੇ ਪਾਣੀ ਵਿੱਚ ਅੱਧੇ ਘੰਟੇ ਤੋਂ ਮਰੀ ਪਈ ਹੋਈ ਸੀ; ਉਸਦੇ ਫੇਫੜੇ ਅਤੇ ਅੰਤੜੀਆਂ ਉਸਦੇ ਮੂੰਹ ਦੇ ਰਾਹੀਂ ਬਾਹਰ ਕੱਢ ਦਿੱਤੇ ਗਏ ਸਨ। ਪ੍ਰੰਤੂ ਉਹ ਜੀਉਂਦੀ ਹੋ ਗਈ ਸੀ ਅਤੇ ਕਿਸੇ ਦੂਜੀ ਮੱਛੀ ਦੇ ਵਾਂਗੂ ਚੰਗੀ ਤਰ੍ਹਾਂ ਪਾਣੀ ਉੱਤੇ ਤੈਰਦੀ ਹੋਈ ਚਲੀ ਗਈ ਸੀ। ਇਹ ਕੀ ਸੀ? ਪ੍ਰਮੇਸ਼ੁਰ ਆਪਣੇ ਆਪ ਨੂੰ ਸਧਾਰਨਤਾ ਵਿੱਚ ਛੁਪਾ ਰਿਹਾ ਹੈ।

332 ਪਰਮੇਸ਼ੁਰ ਅਬਰਾਹਾਮ ਦੇ ਲਈ ਇਹਨਾਂ ਪੱਥਰਾਂ ਵਿੱਚੋਂ ਸੰਤਾਨ ਪੈਦਾ ਕਰ ਸੱਕਦਾ ਹੈ।ਪ੍ਰਮੇਸ਼ੁਰ ਅਪੋਜਮ ਜਾਂ ਮੱਛੀ ਕਿਸੇ ਨੂੰ ਵੀ ਚੰਗਾ ਕਰ ਸੱਕਦਾ ਹੈ ਜੇ ਪ੍ਰਮੇਸ਼ੁਰ ਆਪਣਾ ਸੰਦੇਸ਼ ਲਿਆਉਂਦਾ ਹੈ ਅਤੇ ਲੋਕ ਇਸਦਾ ਵਿਸ਼ਵਾਸ਼ ਨਹੀਂ ਕਰਦੇ, ਤਾਂ ਖੁਦਾ ਅਪੋਜ਼ਮ ਨੂੰ ਖੜੀ ਕਰ ਸੱਕਦਾ ਹੈ ਕਿ ਲੋਕ ਵਿਸ਼ਵਾਸ਼ ਕਰਨ।ਹਾਲੇਲੂਯਾਹ।ਖੁਦਾ ਮਰੀ ਹੋਈ ਮੱਛੀ ਨੂੰ ਜੀਉਂਦਾ ਕਰ ਸੱਕਦਾ ਹੈ।ਪ੍ਰਮੇਸ਼ੁਰ ਮਰੀ ਹੋਈ ਅਪੋਜ਼ਮ ਨੂੰ ਜਿੰਦਾ ਕਰ ਸੱਕਦਾ ਹੈ।ਉਹ ਕਰ ਸੱਕਦਾ ਹੈ।ਉਹ ਜੋ ਵੀ ਕਰਨਾ ਚਾਹੇ ਉਹ ਕਰ ਸੱਕਦਾ ਹੈ।

333 ਓਹ, ਇਹ ਇਸ ਪੀੜ੍ਹੀ ਲਈ ਕਿੰਨੀ ਵੱਡੀ ਫਿਟਕਾਰ ਹੈ।ਜਦ ਲੋਕ ਇਸ ਸੰਦੇਸ਼ ਤੋਂ ਠੋਕਰ ਖਾਂਦੇ ਹਨ ਅਤੇ ਇਸਦੇ ਬਾਰੇ ਵਿੱਚ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ, ਅਤੇ ਕਹਿੰਦੇ ਹਨ, " ਤੁਸੀਂ ਇਸ ਤਰ੍ਹਾਂ ਨਹੀਂ ਕੀਤਾ, ਤੁਸੀਂ ਉਸ ਤਰ੍ਹਾਂ ਨਹੀਂ ਕੀਤਾ।" ਅਤੇ ਪ੍ਰਮੇਸ਼ੁਰ ਨੇ ਇਸਦਾ ਵਿਸ਼ਵਾਸ਼ ਕਰਾਉਣ ਲਈ ਉੱਥੇ ਇੱਕ ਸਧਾਰਨ ਪਸ਼ੂ ਨੂੰ ਭੇਜਿਆ ।ਵੇਖਿਆ? ਕੇਹੀ ਫਿਟਕਾਰ ਹੈ ਇਹ।ਇਹ ਕੀ ਸੀ?ਇਹ ਪ੍ਰਮੇਸ਼ੁਰ ਸੀ ਜੋ ਸਾਦਗੀ ਵਿੱਚ ਛੁਪ ਕੇ ਆਪਣੇ ਆਪ ਨੂੰ ਅੱਤ ਮਹਾਨ ਦਿਖਾ ਰਿਹਾ ਸੀ, ਹੇ ਮੇਰੇ, ਪ੍ਰਭੂ, ਇਸ ਪੀੜੀ ਦੇ ਲੋਕਾਂ ਨੂੰ ਉਹਨਾਂ ਦੀ ਬੇਪ੍ਰਤੀਤਜ ਕਾਰਨ ਫਿਟਕਾਰ ਰਿਹਾ ਸੀ।

334 ਹੁਣ ਵੇਖੋ, ਜਿਵੇਂ ਕਿ ਉਹਨਾਂ ਨੇ ਹਮੇਸ਼ਾਂ ਹੀ ਕੀਤਾ ਹੈ, ਅਜਿਹਾ ਹੀ ਉਹ ਅੱਜ ਵੀ ਸੋਚ ਰਹੇ ਹਨ ਕਿ ਇਹ ਸਾਰੀਆਂ ਗੱਲਾਂ ਉਹਨਾਂ ਦੇ ਹਿਸਾਬ ਨਾਲ ਹੋਣੀਆਂ ਚਾਹੀਦੀਆਂ ਹਨ। ਜਿਵੇਂ ਕਿ ਇੱਕ ਕੈਥੋਲਿਕ ਆਦਮੀ ਮੈਨੂੰ ਦੱਸ ਰਿਹਾ ਸੀ , " ਕੀ ਇਸ ਸਮੇਂ ਵੀ ਕੋਈ ਰੱਬੀ ਚੰਗਾਈ ਵਰਗੀ

322 ਹੁਣ ਆਓ ਵੇਖੀਏ।ਪ੍ਰਭੂ ਯਿਸੂ ਨੇ ਆਖਿਆ, " ਹੇ ਪਿਤਾ ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਤੂੰ ਇਹ ਗੱਲਾਂ ਇਸ ਜਗਤ ਦੇ ਬੁੱਧੀਮਾਨਾਂ ਤੋਂ ਛੁਪਾਈਆਂ ਅਤੇ ਉਹਨਾਂ ਨੂੰ ਬੱਚਿਆਂ 'ਤੇ ਪ੍ਰਗਟ ਕੀਤਾ ਜਿਹੜੇ ਇਹਨਾਂ ਨੂੰ ਸਿੱਖਣਗੇ।" ਸਮਝੇ?ਪ੍ਰਮੇਸ਼ੁਰ ਸਧਾਰਨਤਾ ਅੰਦਰ ਮਸੀਹ ਵਿੱਚ ਲੁਕਿਆ ਹੋਇਆ ਸੀ।ਸਮਝੇ? ਬਸ .... ਵੇਖੋ, ਉਹ ....ਉਹ ਸੀ .... ਇਸਦੇ ਬਾਰੇ ਵਿੱਚ ਵੇਖੋ, ਕਿ ਪ੍ਰਮੇਸ਼ੁਰ ਸਾਦਗੀ ਵਿੱਚ ਹੈ, ਅਤੇ ਉਹ ਆਪਣੇ ਆਪ ਨੂੰ ਜਗਤ ਦੇ ਗਿਆਨ ਤੋਂ ਲੁਕਾਏ ਹੋਏ ਹੈ।

323 ਹੁਣ, ਮੈਂ ਇਸ ਸੰਦੇਸ਼ ਨੂੰ ਇੱਕ ਜਾਂ ਦੋ ਮਿੰਟ ਵਿੱਚ ਖਤਮ ਕਰਾਂਗਾ, ਕਿਉਂਕਿ ਮੈਂ ਤੁਹਾਨੂੰ ਜਿਆਦਾ ਦੇਰ ਬਿਠਾਈ ਨਹੀਂ ਰੱਖਣਾ ਚਾਹੁੰਦਾ ਹਾਂ।

324 ਵੇਖੋ, ਆਓ ਥੋੜੀ ਦੇਰ ਲਈ ਰੁਕਦੇ ਹਾਂ,ਇਹ ਨਿੱਜੀ ਮਾਮਲਾ ਹੈ।ਹੁਣ ਇਸਨੂੰ ਖਤਮ ਕਰਦੇ ਹੋਏ ਮੈਂ ਕਹਿੰਦਾ ਹਾਂ ਕਿ ਤੁਸੀਂ ਇਹਨਾਂ ਦਿਨਾਂ ਦੇ ਬਾਰੇ ਵਿੱਚ ਸੋਚੋ ਜਿਨ੍ਹਾਂ ਵਿੱਚ ਅਸੀਂ ਰਹਿ ਰਹੇ ਹਾਂ। ਤੁਸੀਂ ਇਹਨਾਂ ਦਿਨਾਂ ਬਾਰੇ ਵਿੱਚ ਸੋਚੋ ਜਿਨ੍ਹਾਂ ਵਿੱਚ ਅਸੀਂ ਰਹਿ ਰਹੇ ਹਾਂ, ਪ੍ਰਮੇਸ਼ੁਰ ਉਸ ਪੁਰਾਣੇ ਨੀਚ ਦੀਨ ਥਾਂ ਵਿੱਚ ਜਿੱਥੇ ਅਸੀਂ ਰਹਿੰਦੇ ਹਾਂ, ਥੱਲੇ ਉੱਤਰ ਕੇ ਆ ਰਿਹਾ ਹੈ, ਅਤੇ ਬੀਮਾਰਾਂ ਨੂੰ ਚੰਗਾ ਕਰ ਰਿਹਾ ਹੈ। ਅਤੇ ਇਸ ਤੇ ਵੀ ਇਸ ਦੁਨੀਆਂ ਦੇ ਚਾਤਰ ਅਤੇ ਪੜ੍ਹੇ ਲਿਖੇ ਲੋਕ ਇਹ ਕਹਿ ਰਹੇ ਹਨ, ਕਿ, "ਚਮਤਕਾਰਾਂ ਦੇ ਦਿਨ ਬੀਤ ਗਏ ਹਨ।ਰੱਬੀ ਚੰਗਾਈ ਵਰਗੀ ਕੋਈ ਚੀਜ਼ ਨਹੀਂ ਹੈ।"

325 ਕੀ ਤੁਹਾਨੂੰ ਉਹ ਸੰਦੇਸ਼ ਯਾਦ ਹੈ ਜਿਹੜਾ ਮੈਂ ਇਸੇ ਥਾਂ ਇੱਕ ਸਵੇਰ ਨੂੰ ਕੀਤਾ ਸੀ, ਜਦੋਂ ਫਿਰ ਮੈਂ ਉਸ ਸਵੇਰ ਚਲਾ ਗਿਆ ਸੀ, ਉਹ ਦਾਊਦ ਅਤੇ ਗੋਲੀਅਥ ਦੇ ਬਾਰੇ ਵਿੱਚ ਸੀ।

326 ਮੈਨੂੰ ਲੋਕਾਂ ਨੇ ਕਿਹਾ ਸੀ, " ਭਾਈ ਬ੍ਰਾਨਹਾਮ, ਤੁਸੀਂ ਏਨੀ ਥੋੜੀ ਜਿਹੀ ਪੜ੍ਹਾਈ ਨਾਲ ਕਿਸ ਤਰ੍ਹਾਂ ਇਸ ਪੜ੍ਹੇ ਲਿਖੇ ਜਗਤ ਦਾ ਸਾਹਮਣਾ ਕਰ ਸਕੋਗੇ?"

327 ਮੈਂ ਕਿਹਾ ਸੀ ,"ਮੈਂ ਨਹੀਂ ਜਾਣਦਾ ਹਾਂ ਕਿ ਮੈਂ ਇਸਦਾ ਸਾਹਮਣਾ ਕਿਸ ਤਰ੍ਹਾਂ ਕਰਾਂਗਾ।ਪ੍ਰਮੇਸ਼ੁਰ ਨੇ ਮੈਨੂੰ ਕਿਹਾ ਹੈ, "ਜਾਹ।" ਸਮਝੇ? ਅਤੇ ਬਸ ਇੰਨਾ ਹੀ ਕਾਫੀ ਹੈ।ਵੇਖੋ,ਇਹ ਉਸਦਾ ਵਚਨ ਹੈ। ਇਹ ਉਸਦਾ ਵਾਅਦਾ ਹੈ।ਉਸਦਾ ਵਾਅਦਾ ਪੂਰਾ ਹੋਣ ਦਾ ਹੁਣ ਸਮਾਂ ਆ ਗਿਆ ਹੈ।

328 ਜਦ ਉਹ ਸਵਰਗਦੂਤ, ਜਿਸਨੂੰ ਤੁਸੀਂ ਉੱਥੇ ਤਸਵੀਰ ਵਿੱਚ ਵੇਖਦੇ ਹੋ, ਜਦ ਤੀਹ ਜਾਂ ਤੇਤੀ ਸਾਲ ਪਹਿਲਾਂ ਉੱਥੇ ਨਦੀ 'ਤੇ ਜੂਨ ਵਿੱਚ ਪੰਜ ਹਜਾਰ ਜਾਂ ਇਸ ਤੋਂ ਵੱਧ ਲੋਕਾਂ ਦੇ ਸਾਹਮਣੇ ਥੱਲੇ ਉੱਤਰ ਆਇਆ, ਤਾਂ ਉਸਨੇ ਕਿਹਾ ਸੀ, "ਜਿਸ ਤਰ੍ਹਾਂ ਯੂਹੰਨਾ ਬਪਤਿਸਮਾਂ ਦੇਣ ਵਾਲਾ ਮੇਰੇ ਅੱਗੇ ਭੇਜਿਆ ਗਿਆ ਸੀ, ਹੁਣ ਉਹ ਸਮਾਂ ਆ ਗਿਆ ਹੈ ਜਦ ਤੇਰਾ ਸੰਦੇਸ਼ ਸਾਰੇ ਸੰਸਾਰ ਵਿੱਚ ਫੈਲ ਜਾਏਗਾ।"

329 ਜੇ ਉਸ ਸਮੇਂ ਤੁਹਾਡੇ ਵਿੱਚੋਂ ਉੱਥੇ ਕੋਈ ਸੀ ਤਾਂ ਉਸਨੂੰ ਉਹ ਕੀਤੀਆਂ ਗਈਆਂ ਅਲੋਚਨਾਵਾਂ ਯਾਦ ਹੋਣਗੀਆ।ਮੈਂ ਸੋਚਦਾ ਹਾਂ ਕਿ ਉਹਨਾਂ ਵਿੱਚੋਂ ਕੁਝ ਲੋਕ ਇੱਥੇ ਬੈਠੇ ਹੋਏ ਹਨ ਜੋ ਉਸ ਸਮੇਂ ਉੱਥੇ ਮੌਜੂਦ ਸਨ, ਹੋ ਸਕਦਾ ਹੈ, ਉਹਨਾਂ ਨੂੰ ਇਹ ਯਾਦ ਹੋਵੇ।ਰਾਏ ਸਲੱਟਰ , ਜਾਰਜ ਰਾਈਟ, ਸ਼੍ਰੀਮਤੀ ਸਪੈਨਸਰ ਜਾਂ ਕੁਝ ਹੋਰਨਾਂ ਨੂੰ ਮੈਂ ਦੇਖਦਾ ਹਾਂ ਜੋ ਉਸ ਦਿਨ ਉੱਥੇ ਸਨ ਜਾਂ ਇੱਥੇ ਬਜ਼ੁਰਗ ਹਨ, ਸ਼ਾਇਦ ਉਹ ਉਸ ਦਿਨ ਉੱਥੇ ਹੀ ਹੋਣ।ਉਹਨਾਂ ਨੂੰ ਯਾਦ ਹੋਵੇਗਾ ਕਿ ਇਸਦੀ ਕਿੰਨੀ ਜ਼ਿਆਦਾ



ਜਿਵੇਂ ਕਿ ਤੀਹ ਸਾਲ ਪਹਿਲਾਂ ਇਹ ਲਿਖ ਕੇ ਕੋਨੇ ਦੇ ਪੱਥਰ ਵਿੱਚ ਰੱਖ ਦਿੱਤਾ ਸੀ, ਜੋ ਤੂੰ ਕਿਹਾ ਸੀ, " ਕਿਉਂਕਿ ਅਜਿਹਾ ਸਮਾਂ ਆਏਗਾ , ਕਿ ਜਦੋਂ ਲੋਕ ਖਰੀ ਸਿੱਖਿਆ ਨੂੰ ਨਾ ਸਹਾਰਨਗੇ , ਪਰ ਕੰਨਾਂ ਦੀ ਜਲੂਣ ਦੇ ਕਾਰਨ ਆਪਣੇ ਲਈ ਢੇਰ ਸਾਰੇ ਗੁਰੂ ਧਾਰਨਗੇ, ਅਤੇ ਸੱਚਿਆਈ ਵੱਲੋਂ ਫਿਰ ਕੇ ਝੂਠੀਆਂ ਕਹਾਣੀਆਂ ਵੱਲ ਧਿਆਨ ਦੇਣਗੇ ।" ਪ੍ਰਭੂ , ਜਿਵੇਂ ਕਿ ਹੁਣ ਤੱਕ ਅਸੀਂ ਲੋਕਾਂ ਨੂੰ ਤੇਰਾ ਸ਼ੁੱਧ ਵਚਨ ਦਿੱਤਾ ਹੈ ਅਤੇ ਅਸੀਂ ਵਚਨ ਨੂੰ ਫੜੀ ਰੱਖਿਆ ਹੈ, ਹੋਣ ਦੇ ਕਿ ਸਾਨੂੰ ਇਸ ਕੋਸ਼ਿਸ਼ ਨੂੰ ਜਾਰੀ ਰੱਖਣ ਲਈ ਦੁੱਗਣੀ ਪ੍ਰੇਰਣਾ ਅਤੇ ਮੱਦਦ ਮਿਲੇ । ਪ੍ਰਭੂ , ਜਿਵੇਂ ਉੱਥੇ ਪਵਿੱਤਰ ਆਤਮਾ ਦਾ ਦੁੱਗਣਾ ਹਿੱਸਾ ਉਡੇਲਿਆ ਗਿਆ ਸੀ , ਉਸੇ ਤਰ੍ਹਾਂ ਹੋਵੇ ਕਿ ਪਵਿੱਤਰ ਆਤਮਾ ਇੱਥੇ ਉਡੇਲਿਆ ਜਾਵੇ ..........

88 ਜਿਵੇਂ ਉਸ ਦਿਨ ਭਵਨ ਦੇ ਸਮਰਪਣ ਦੇ ਸਮੇਂ ਜਦ ਸੁਲੇਮਾਨ ਨੇ ਪ੍ਰਾਰਥਨਾ ਕੀਤੀ ਸੀ ਤੇ ਪਵਿੱਤਰ ਆਤਮਾ ਅੱਗ ਤੇ ਬੱਦਲ ਦੇ ਰੂਪ ਵਿੱਚ ਸਾਹਮਣੇ ਦੇ ਬੂਹੇ ਵਿੱਚੋ ਦੀ ਆ ਗਿਆ ਤੇ ਕਰੂਬੀਆਂ ਦੇ ਦੁਆਲੇ ਘੁੰਮਦਾ ਹੋਇਆ ਪਵਿੱਤਰ ਸਥਾਨ ਤੇ ਠਹਿਰ ਗਿਆ ਸੀ । ਹੇ ਪ੍ਰਮੇਸ਼ੁਰ , ਤਦ ਸੁਲੇਮਾਨ ਨੇ ਕਿਹਾ, " ਜੇ ਕਦੇ ਤੇਰੇ ਲੋਕ ਕਿਸੇ ਥਾਂ ਕਸ਼ਟ ਵਿੱਚ ਹੋਣ ਤੇ ਇਸ ਪਵਿੱਤਰ ਥਾਂ ਵੱਲ ਮੂੰਹ ਕਰਕੇ ਪ੍ਰਾਰਥਨਾਂ ਕਰਨ ਤਦ ਤੂੰ ਆਸਮਾਨ ਤੋਂ ਉਹਨਾਂ ਦੀ ਪ੍ਰਾਰਥਨਾਂ ਨੂੰ ਸੁਣਨਾ ।"

89 ਪ੍ਰਭੂ ਹੋਣ ਦੇ ਕਿ ਇਸ ਸਵੇਰ ਹਰੇਕ ਦਿਲ ਦੇ ਅੰਦਰ ਪਵਿੱਤਰ ਆਤਮਾ ਆਏ , ਹਰੇਕ ਉਸ ਦਿਲ ਦੇ ਅੰਦਰ ਜਿਸ ਨੇ ਆਪਣੇ ਆਪ ਨੂੰ ਪਵਿੱਤਰ ਹੋਣ ਵਾਸਤੇ ਪ੍ਰਮੇਸ਼ੁਰ ਨੂੰ ਅਰਪਣ ਕੀਤਾ ਹੋਇਆ ਹੈ । ਅਰ ਬਾਈਬਲ ਨੇ ਦੱਸਿਆ ਹੈ ਕਿ, " ਉੱਥੇ ਯਹੋਵਾਹ ਦਾ ਪਰਤਾਪ ਇੰਨਾ ਵੱਡਾ ਸੀ ਕਿ ਜਾਜਕ ਉਸ ਤੇਜ ਦੇ ਕਾਰਨ ਸੇਵਾ ਟਹਿਲ ਕਰਨ ਨੂੰ ਠਹਿਰ ਨਾ ਸਕੇ ਸਨ।" ਹੇ ਪ੍ਰਭੂ , ਅੱਜ ਫਿਰ ਉਸੇ ਤਰ੍ਹਾਂ ਹੀ ਹੋਣ ਦੇ ਜਦਕਿ ਅਸੀਂ ਖੁਦ ਨੂੰ ਇਸ ਕਲੀਸਿਯਾ ਸਮੇਤ ਤੇਰੀ ਸੇਵਾ ਲਈ ਸਮਰਪਿਤ ਕਰਦੇ ਹਾਂ । ਅਰ ਪਵਿੱਤਰ ਬਾਈਬਲ ਵਿੱਚ ਇੰਝ ਲਿਖਿਆ ਹੈ , ' ਮੰਗੋ ਤਾਂ ਤੁਹਾਨੂੰ ਦਿੱਤਾ ਜਾਵੇਗਾ ।"

90 ਅਤੇ ਅਸੀਂ ਇਸ ਸਵੇਰ ਇਸ ਗਿਰਜੇ ਦੇ ਸਮਰਪਣ ਦੇ ਨਾਲ ਆਪਣੇ ਆਪ ਨੂੰ ਅੰਤ ਸਮੇਂ ਦੇ ਪ੍ਰਕਾਸ਼ - ਸ਼ਾਮਾਂ ਦੇ ਸਮੇਂ ਦੇ ਪ੍ਰਕਾਸ਼ ਦੀ ਸੇਵਾ ਦੇ ਲਈ ਸਮਰਪਿਤ ਕਰਦੇ ਹਾਂ ਤਾਂ ਕਿ ਅਸੀਂ ਉਹਨਾਂ ਉਡੀਕ ਕਰ ਰਹੇ ਲੋਕਾਂ ਵਿੱਚ ਦਿਲਾਸਾ ਅਤੇ ਵਿਸ਼ਵਾਸ਼ ਪੈਦਾ ਕਰ ਸਕੀਏ ਜੋ ਦੁਲ੍ਹੇ ਦੇ ਆਉਣ ਦਾ ਇੰਤਜਾਰ ਕਰ ਰਹੇ ਹਨ ਕਿ ਮਸੀਹ ਦੀ ਖੁਸ਼ਖਬਰੀ ਨਾਲ ਦੁਲਹਨ ਦੇ ਵਸਤਰ ਪਾ ਲੈਣ ਕਿ ਮਸੀਹ ਦੁਆਰਾ ਕਬੂਲ ਕਰ ਲਏ ਜਾਣ । ਮੈਂ ਆਪਣੇ ਅਤੇ ਭਾਈ ਨੇਵਿਲ ਅਰ ਸੰਗਤ ਸਮੇਤ ਇਸਨੂੰ, ਯਿਸੂ ਮਸੀਹ ਦੇ ਨਾਮ ਵਿੱਚ ਪ੍ਰਮੇਸ਼ੁਰ ਦੀ ਸੇਵਾ ਲਈ ਸਮਰਪਿਤ ਕਰਦਾ ਹਾਂ । ਅਮੀਨ ।

ਤੁਸੀ ਕਿਰਪਾ ਕਰਕੇ ਬੈਠ ਜਾਓ ।

91 ਦਾਊਦ ਨੇ ਕਿਹਾ ਸੀ, " ਮੈਂ ਖੁਸ਼ ਹੋਇਆ ਜਦ ਉਹਨਾਂ ਨੇ ਮੈਨੂੰ ਕਿਹਾ, " ਆਓ ਅਸੀਂ ਪ੍ਰਭੂ ਦੇ ਘਰ ਨੂੰ ਚੱਲੀਏ ।" ਅਰ ਪ੍ਰਮੇਸ਼ੁਰ ਕਰੇ ਕਿ ਸਾਡੇ ਨਾਲ ਹਮੇਸ਼ਾਂ ਇਸੇ ਤਰ੍ਹਾਂ ਹੀ ਹੋਵੇ ਜਦ ਇੰਝ ਕਿਹਾ ਜਾਵੇ, ਕਿ ਅਸੀਂ ਪ੍ਰਭੂ ਦੇ ਭਵਨ ਵਿੱਚ ਇੱਕਠੇ ਹੋ ਕੇ ਅਨੰਦ ਕਰਾਂਗੇ । [ ਸੰਗਤ ਆਖਦੀ ਹੈ, ਆਮੀਨ - ਸੰਪਾਦਕ ]

92 ਇਸ ਛੋਟੀ ਜਿਹੀ ਸਮਰਪਣ ਦੀ ਸੇਵਾ ਤੋਂ ਬਾਦ ਮੇਰੇ ਕੋਲ ਇੱਕ ਘੰਟੇ ਦਾ ਸਮਾਂ ਬਚਿਆ ਹੈ ।

93 ਹੁਣ ਇਹ ਯਾਦ ਰਹੇ ਕਿ ਅਸੀਂ ਕਿਸ ਲਈ ਸਮਰਪਿਤ ਕੀਤੇ ਗਏ ਹਾਂ, ਪ੍ਰਮੇਸ਼ੁਰ ਦੇ ਸਾਹਮਣੇ ਭਗਤੀ , ਪਵਿੱਤਰਤਾ , ਸ਼ਾਂਤੀ ਦੇ ਨਾਲ ਬਣੇ ਰਹਿਣ ਲਈ, ਪ੍ਰਭੂ ਦੀ ਭਗਤੀ ਕਰਨ ਲਈ । ਅਤੇ ਪ੍ਰਮੇਸ਼ੁਰ ਦੇ ਭਵਨ ਵਿੱਚ ਜਿੰਨੇ ਵੀ ਆਦਰ ਅਤੇ ਸਤਿਕਾਰ ਨਾਲ ਅਸੀਂ ਰਹਿ ਸਕਦੇ ਹਾਂ ਰਹੀਏ । ਅਰ ਜਦੋਂ ਸਭਾ ਨੂੰ ਖਤਮ ਕਰ ਦਿੱਤਾ ਜਾਵੇ, ਸਭਾ ਦੇ ਖਤਮ ਹੁੰਦੇ ਹੀ ਤੁਸੀਂ ਇੱਕ ਦਮ ਇਸ ਇਮਾਰਤ ਵਿੱਚੋਂ ਬਾਹਰ ਚਲੇ ਜਾਓ । ਸਮਝੇ? ਅਤੇ ਇਸ ਤਰ੍ਹਾਂ ਕਰਨ ਨਾਲ ਸਫਾਈ ਕਰਮਚਾਰੀ ਨੂੰ ਇੱਥੇ ਅੰਦਰ ਆ ਕੇ ਅਗਲੀ ਸਭਾ ਲਈ ਇਸਦੀ ਸਫਾਈ ਕਰਨ ਅਤੇ ਇਸਨੂੰ ਤਿਆਰ ਕਰਨ ਲਈ ਸਮਾਂ ਮਿਲ ਜਾਵੇਗਾ । ਅਤੇ ਤਦ ਪ੍ਰਭੂ ਦੇ ਭਵਨ ਵਿੱਚ ਕਿਸੇ ਤਰ੍ਹਾਂ ਦੀ ਵੀ ਕੋਈ ਗੜਬੜੀ ਨਹੀਂ ਹੋਵੇਗੀ । ਅਤੇ ..... ? ... ਮੈਂ ਸੋਚਦਾ ਹਾਂ .... ਕਿ ਸਭਾ ਦੇ ਖਤਮ ਹੋਣ ਦੇ ਲੱਗਭੱਗ ਪੰਦਰਾਂ ਮਿੰਟ ਬਾਅਦ ਹੀ ਇਹ ਸਥਾਨ ਸਾਫ ਹੋ ਜਾਵੇਗਾ । ਇੱਕ ਦੂਸਰੇ ਨਾਲ ਜਰੂਰ ਮਿੱਤਰਾਂ ਦੀ ਤਰ੍ਹਾਂ ਵਿਹਾਰ ਕਰੋ । ਇੱਕ ਦੂਸਰੇ ਨਾਲ ਹੱਥ ਮਿਲਾਓ , ਅਰ ਹਰ ਇੱਕ ਨੂੰ ਫਿਰ ਆਉਣ ਦਾ ਸੱਦਾ ਦਿਓ ।

94 ਅਤੇ - ਅਤੇ ਅਸੀਂ ਉਮੀਦ ਕਰਦੇ ਹਾਂ ਅਗਲੇ ਹਫਤੇ ਇਸ ਭਵਨ ਵਿੱਚ ਪ੍ਰਭਾਵਸ਼ਾਲੀ ਸਭਾਵਾਂ ਹੋਣਗੀਆਂ ਜਿਵੇਂ ਕਿ ਪਹਿਲਾਂ ਕਦੇ ਨਹੀਂ ਹੋਈਆਂ । ਅਤੇ ਅਸੀਂ ਇਸਦੀ ਉਡੀਕ ਕਰ ਰਹੇ ਹਾਂ । ਹੁਣ, ਮੈਂ -ਮੈਂ ਕਦੇ ਵੀ ਕੁਝ ਵੀ ਕਹਿਣ ਦਾ ਤਦ ਤੱਕ ਹੌਸਲਾਂ ਨਹੀਂ ਕੀਤਾ ਹੈ .... ਪਿਛਲੀ ਸਾਰੀ ਰਾਤ ਦੇ ਸਾਰੇ ਘੰਟੇ ਮੈਂ ਪ੍ਰਾਰਥਨਾ ਵਿੱਚ ਲੱਗਾ ਹੋਇਆ ਸੀ, ਅਤੇ ਮੈਨੂੰ ਕੁਝ ਵਿਖਾਈ ਦੇਣਾ ਸ਼ੁਰੂ ਹੋ ਗਿਆ ਸੀ । ਸੋ ਮੈਨੂੰ ਵਿਸ਼ਵਾਸ਼ ਹੈ ਕਿ ਜੇ ਪ੍ਰਭੂ ਸਾਡੀ ਮੱਦਦ ਕਰੇ ਤਾਂ ਆਉਣ ਵਾਲਾ ਸਮਾਂ ਬਹੁਤ ਹੀ ਮਹਾਨ ਹੋਵੇਗਾ ਅਤੇ ਮੈਨੂੰ ਯਕੀਨ ਹੈ ਕਿ ਇਹ ਇਸੇ ਤਰ੍ਹਾਂ ਹੀ ਹੋਵੇਗਾ । ਹੁਣ, ਜਦ ਮੈਂ "ਮਹਾਨ ਸਮਾਂ " ਕਹਿੰਦਾ ਹਾਂ ਤਾਂ ਹੁਣ ਮੈਂ ਇਸ ਸਵੇਰ ਇਸ 'ਤੇ ਕੁਝ ਬੋਲਣ ਜਾ ਰਿਹਾਂ ਹਾਂ । ਕੀ ਤੁਸੀਂ ਜਾਣਦੇ ਹੋ ਕਿ ਜਿਸ ਨੂੰ ਮਨੁੱਖ "ਮਹਾਨ" ਕਹਿੰਦੇ ਹਨ ; ਕਦੇ ਕਦੇ ਉਹ ਮਹਾਨ ਨਹੀਂ ਹੁੰਦਾ ਹੈ । ਪ੍ਰੰਤੂ ਜਦ ਪ੍ਰਮੇਸ਼ੁਰ "ਮਹਾਨ" ਕਹਿੰਦਾ ਹੈ, ਮਨੁੱਖ ਉਸਨੂੰ ਮੂਰਖਤਾ ਕਹਿੰਦਾ ਹੈ : ਅਤੇ ਜਿਸ ਨੂੰ ਪ੍ਰਮੇਸ਼ੁਰ ' ਮੂਰਖਤਾ ' ਕਹਿੰਦਾ ਹੈ, ਮਨੁੱਖ ਉਸਨੂੰ ਹੀ ਮਹਾਨ ਕਹਿੰਦਾ ਹੈ । ਇਸ ਲਈ ਅਸੀਂ ਇਸ ਗੱਲ ਨੂੰ ਦਿਮਾਗ ਵਿੱਚ ਰੱਖੀਏ ਅਤੇ ਹਰ ਇੱਕ ਵਚਨ ਨੂੰ ਤੋਲੀਏ ।

95 ਹੁਣ ਸਭਾਵਾਂ ਹੋਣਗੀਆਂ । ਉਹਨਾਂ ਦਾ ਪ੍ਰੋਗਰਾਮ ਦੱਸ ਦਿੱਤਾ ਜਾਵੇਗਾ, ਕਿਉਂਕਿ ਇਹ ਸਭਾਵਾਂ ਕਠਿਨ ਹਨ, ਬਹੁਤ ਸਾਰੀ ਸਿੱਖਿਆ, ਅਤੇ ਇਸ ਲਈ ਆਪਣੇ ਆਪ ਨੂੰ ਅਲੱਗ ਕਰਨ ਦੀ ਜਰੂਰਤ ਹੈ । ਅਤੇ ਮੈਂ ਸਿਰਫ .....

96 ਜਿੱਥੇ ਮੈਂ ਠਹਿਰਿਆਂ ਹੋਇਆ ਹਾਂ , ਲੋਕ ਮੈਨੂੰ ਸਭ ਕੁਝ ਖੁਆਉਣ ਦੀ ਕੋਸ਼ਿਸ਼ ਕਰਦੇ ਹਨ, ਪ੍ਰੰਤੂ ਮੈਂ ... ਉਹ ਕਹਿੰਦੇ ਹਨ, " ਭਾਈ ਬ੍ਰਾਨਹਾਮ ਤੁਹਾਡਾ ਭਾਰ ਬਹੁਤ ਜਿਆਦਾ ਘੱਟ ਗਿਆ ਹੈ ।" ਮੇਰਾ ਭਾਰ ਤਾਂ ਘਟਿਆ ਹੈ ਲਗਾਤਾਰ ਸੰਗਤੀਆਂ ਰਹਿਣ ਦੇ ਕਾਰਨ । ਮੈਂ ਇੱਥੋਂ ਮੈਕਸੀਕੋ ਨੂੰ ਐਤਵਾਰ ਰਾਤ ਨੂੰ ਇੱਕ ਹੋਰ ਸਭਾ ਲੈਣ ਲਈ ਤੁਰੰਤ ਹੀ ਜਾਣਾ ਹੈ । ਸੋ ਇਹ ਬਹੁਤ ਹੀ ਕਠਿਨ ਹੈ । ਪ੍ਰੰਤੂ ਮੈਂ ਬਹੁਤ ਜਿਆਦਾ ਭੋਜਨ ਪਦਾਰਥ ਖਾਣ ਦੀ ਬਜਾਏ ਆਪਣੇ ਆਪ ਨੂੰ ਅਗਲੀ ਸੰਗਤੀ ਲਈ ਤਿਆਰ ਰੱਖਣ ਦੀ ਕੋਸ਼ਿਸ਼ ਕਰਦਾ ਹਾਂ ।



319 ਅਤੇ ਤਦ ਉਹ ਆਪਣੇ ਸੰਦੇਸ਼ ਦੇ ਅੰਤ ਵਿੱਚ ਉੱਠ ਖੜਾ ਹੋਇਆ ਅਤੇ ਬੋਲਿਆ, " ਕੌਣ ਮੇਰੇ ਉੱਤੇ ਪਾਪ ਦਾ ਦੋਸ਼ ਲਗਾ ਸੱਕਦਾ ਹੈ?ਸਾਰੀ ਬਾਈਬਲ ਦੱਸਦੀ ਹੈ ਕਿ ਮੈਂ ਕੀ ਕਰਾਂਗਾ ...... ਜੇ ਮੈਂ ਆਪਣੇ ਪਿਤਾ ਦੇ ਕੰਮ ਨਹੀਂ ਕਰਦਾ ਹਾਂ ਤਾਂ, ਤੁਸੀਂ ਮੇਰੇ 'ਤੇ ਦੋਸ਼ ਲਗਾਓ। ਪ੍ਰੰਤੂ ਕੀ ਮੈਂ ਉਹਨਾਂ ਕੰਮਾਂ ਨੂੰ ਨਹੀਂ ਕੀਤਾ ਹੈ ਜੋ ਵਚਨ ਦੱਸਦਾ ਹੈ ਕਿ ਮੈਂ ਕਰਾਂਗਾ?? ਕੀ ਤੁਸੀਂ ਜਾਣਦੇ ਹੋ ਕਿ ਬੇਪ੍ਰਤੀਤੀ ਹੀ ਪਾਪ ਹੈ।" ਕਿਹੜਾ ਮੇਰੇ ਉੱਤੇ ਦੋਸ਼ ਲਗਾ ਸੱਕਦਾ ਹੈ?" ਜੇ ਮੈਂ ਪ੍ਰਮੇਸ਼ੁਰ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ ਤਾਂ ਤੁਸੀਂ ਮੈਨੂੰ ਦਿਖਾਓ ਕਿ ਤੁਸੀਂ ਕਿਸ ਦੀ ਸਹਾਇਤਾ ਨਾਲ ਕਰਦੇ ਹੋ?" ਇਹ ਸਾਦਗੀ ਹੀ ਸੀ।

320 ਇਹ ਸਫਲਤਾ ਹੀ ਸੀ, ਇੱਥੋਂ ਤੱਕ ਕਿ ਉਸਨੇ ਆਪਣੇ ਆਪ ਨੂੰ ਮਰਨ ਤੱਕ ਲਈ ਦੇ ਦਿੱਤਾ ਸੀ।ਹਾਲੇਲੂਯਾਹ।ਪ੍ਰੰਤੂ ਉਸ ਈਸਟਰ ਦੀ ਸਵੇਰ ਨੂੰ ਉਸਨੇ ਆਪਣੇ ਆਪ ਤੋਂ ਮਿੱਟੀ ਘੱਟੇ ਨੂੰ ਝਾੜ ਦਿੱਤਾ ਸੀ। ਭਾਈਓ ਇਹ ਸੱਚ ਹੈ, ਉਸਨੇ ਤੂੜੀ ਨੂੰ ਅਲੱਗ ਕਰ ਦਿੱਤਾ ਸੀ।ਅਤੇ ਕਣਕ ਨੂੰ ਭੜੋਲੇ ਵਿੱਚ ਪਾਉਣ ਲਈ ਮੋਹਰਬੰਦ ਕਰ ਲਿਆ ਸੀ।ਉਹ ਅਨੰਤ ਜੀਵਨ ਪਾਏ ਧਰਤੀ ਵਿੱਚ ਪਏ ਹੋਏ ਅਰਾ; ਕਰ ਰਹੇ ਹਨ ਅਤੇ ਉਸ ਮਹਾਨ ਦਿਨ ਦੀ ਉਡੀਕ ਕਰ ਰਹੇ ਹਨ ਜਿਸਦੇ ਬਾਰੇ ਵਿੱਚ ਅਸੀਂ ਬੋਲਣ ਜਾ ਰਹੇ ਹਾਂ, ਜੋ ਕਿ ਪ੍ਰਭੂ ਦੀ ਆਮਦ ਦਾ ਦਿਨ ਹੈ, ਤਦ ਉਹ ਜੀਵਨ ਜੀ ਉੱਠੇਗਾ, ਅਤੇ ਅਸੀਂ ਉਸ ਜੀਅ ਉੱਠਣ ਦੇ ਦਿਹਾੜੇ ਜੀ ਉੱਠਾਂਗੇ, ਅਤੇ ਉਸਦੇ ਨਾਲ ਹਵਾ ਵਿੱਚ ਉਠਾਏ ਜਾਵਾਂਗੇ, ਅਤੇ ਭੜੋਲੇ ਵਿੱਚ ਜਮਾਂ ਕੀਤੇ ਜਾਵਾਂਗੇ।ਅਤੇ ਤੂੜੀ ਨੂੰ ਸਾੜ ਦਿੱਤਾ ਜਾਵੇਗਾ, ਉਹ ਤੂੜੀ ਜਿਹੜੀ ਦਾਣੇ ਦੇ ਆਲੇ ਦੁਆਲੇ ਚਿੰਬੜੀ ਰਹਿੰਦੀ ਹੈ, ਅਤੇ ਕਦੇ ਉਸਨੂੰ ਇੱਧਰ ਅਤੇ ਕਦੇ ਉਸਨੂੰ ਉੱਧਰ ਖਿੱਚਦੇ ਰਹਿੰਦੇ ਹਨ, ਕਦੇ ਨਾ ਬੁੱਝਣ ਵਾਲੀ ਅੱਗ ਵਿੱਚ ਜਲਾ ਦਿੱਤੀ ਜਾਵੇਗੀ।ਆਮੀਨ।ਔਹ, ਕੀ ਉਹ ਅਦਭੁਤ ਨਹੀਂ! [ਸੰਗਤ ਕਹਿੰਦੀ ਹੈ, "ਆਮੀਨ"-ਸੰਪਾ]

321 ਉਹਨਾਂ ਉਸਨੂੰ ਨਹੀਂ ਪਛਾਣਿਆ, ਖੁਦਾ ਸਾਦਗੀ ਵਿੱਚ।ਕਿਉਂ? ਕਿਉਂ? ਉਸਨੇ ਕਦੇ ਵੀ ਜਾਜਕਾਂ ਆਦਿ ਵਾਂਗੂੰ ਪਰਚਾਰ ਨਹੀਂ ਕੀਤਾ।ਉਸਨੇ ਕਦੇ ਵੀ ਇਸ ਤਰ੍ਹਾਂ ਨਹੀਂ ਕੀਤਾ ਸੀ।ਉਸਨੇ ਕਦੇ ਵੀ ਉਸ ਸਮੇਂ ਦੇ ਪ੍ਰਚਾਰਕਾਂ ਵਾਂਗ ਪ੍ਰਚਾਰ ਨਹੀਂ ਕੀਤਾ ਸੀ। ਵੇਖਿਆ? ਉਸਨੇ ਇਸ ਤਰ੍ਹਾਂ ਪ੍ਰਚਾਰ ......ਉਹ ਭਾਸ਼ਾ ਵੀ ਪ੍ਰਮੇਸ਼ੁਰ ਦੀ ਸਾਦਗੀ ਵਾਲੀ ਭਾਸ਼ਾ ਸੀ , ਬੋਲੀ ਜਿਵੇਂ, "ਕੁਹਾੜਾ ਰੱਖਿਆ ਹੋਇਆ ਹੈ", "ਰੁੱਖ","ਸੱਪ।" ਇਸ ਤਰ੍ਹਾਂ ਦੇ ਸ਼ਬਦਾਂ ਦਾ ਪ੍ਰਯੋਗ ਕੀਤਾ ਸੀ।ਉਸਨੇ ਕਦੇ ਸੈਮਨਰੀ ਅਤੇ ਉਸ ਸਮੇਂ ਦੇ ਕਿਸੇ ਸਿੱਖਿਅਕ ਵਾਂਗੂੰ ਪ੍ਰਚਾਰ ਨਹੀਂ ਕੀਤਾ ਸੀ ਜਿਵੇਂ ਕਿ ਉਸ ਸਮੇਂ ਡਾਕਟਰ ਆੱਫ ਡਵਿਨਟੀ , ਅਤੇ ਫਲਾਣਾ-ਫਲਾਣਾ ਡਾਕਟਰ ਕਰਦੇ ਸਨ।ਉਸਨੇ ਤਾਂ ਇੱਕ ਜੰਗਲੀ ਆਦਮੀ ਵਾਂਗ ਪ੍ਰਚਾਰ ਕੀਤਾ ਸੀ ਜੋ ਕਿਸੇ ਜਗ੍ਹਾ ਤੋਂ ਉੱਥੇ ਆ ਗਿਆ ਸੀ।ਉਸਨੇ ਕੁਹਾੜੇ, ਅਤੇ ਰੁੱਖ, ਅਤੇ ਸੱਪ, ਅਤੇ ਅਜਿਹੀਆਂ ਹੀ ਚੀਜਾਂ , ਅਤੇ ਕਣਕ ਅਤੇ ਭੜੋਲੇ ਅਤੇ ਇਸੇ ਤਰ੍ਹਾਂ ਦੀਆਂ ਸੱਭ ਚੀਜ਼ਾਂ ਦੇ ਬਾਰੇ ਵਿੱਚ ਗੱਲਾਂ ਕੀਤੀਆਂ ਸਨ।ਮੈਂ ਸੋਚਦਾ ਹਾਂ ਕਿ ਅੱਜ ਦੇ ਸਮੇਂ ਵਿੱਚ ਉਸਨੂੰ ਊਲ-ਜ਼ਲੂਲ ਪ੍ਰਚਾਰਕ ਕਿਹਾ ਜਾਂਦਾ।ਮੈਂ ਸੋਚਦਾ ਹਾਂ ਕਿ ਉਹਨਾਂ ਦਿਨਾਂ ਵਿੱਚ ਉਹ ਯਰਦਨ ਦੇ ਕੰਢੇ ਕਿਸੇ ਰੁੱਖ ਦੇ ਮੁੱਢ 'ਤੇ ਖੜਾ ਹੋ ਕੇ ਪ੍ਰਚਾਰ ਕਰਦਾ ਹੋਵੇਗਾ ਅਤੇ ਉਸਨੂੰ "ਬੋੜ੍ਹ ਦੇ ਮੁੱਢ ਵਾਲਾ ਪ੍ਰਚਾਰਕ" ਕਿਹਾ ਜਾਂਦਾ ਹੋਵੇਗਾ।ਪ੍ਰਮੇਸ਼ੁਰ ਸਾਦਗੀ ਵਿੱਚ ਸੀ, ਅਤੇ ਉਸਨੇ ਆਪਣੇ ਆਪ ਨੂੰ ਸੰਸਾਰ ਦੇ ਗਿਆਨ ਤੋਂ ਲੁਕੋਇਆ ਹੋਇਆ ਸੀ।

ਹੋ, ਪ੍ਰੰਤੂ ਜੇ ਤੁਸੀਂ ਉੱਥੇ ਅਸੈਂਬਲੀ ਵਿੱਚ ਆ ਜਾਓ , ਤਾਂ ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਤੁਹਾਡੇ ਲਈ ਕੀ ਕਰਾਂਗਾ।" ਔਹ,ਹਵਾ ਨਾਲ ਹਿਲਦੇ ਕਾਨੇ ਨੂੰ? ਇਹ ਯੂਹੰਨਾ ਨੂੰ ਵੇਖਣਾ ਨਹੀਂ ਹੈ। ਨਹੀਂ, ਨਹੀਂ, ਨਹੀਂ, ਨਹੀਂ, ਜੇ ਤੁਸੀਂ ਸਾਡੇ ਵਿੱਚ ਸ਼ਾਮਿਲ ਹੋ ਜਾਓ ਤਾਂ ਤੁਸੀਂ ਸਦੂਕੀ ਬਣ ਜਾਓਗੇ ਅਤੇ ਤੁਸੀਂ ਫਰੀਸੀ ਹੀ ਨਾ ਰਹੋਗੇ ਜਾਂ ਤੁਸੀਂ ਇਹ ਸਭ ਕੁਝ ਬਣ ਜਾਓਗੇ।ਜੀ ਨਹੀਂ ਸ਼੍ਰੀ ਮਾਨ, ਜੇ ਤੁਹਾਡੇ ਵਿਚਾਰ ਅਜਿਹੇ ਹੀ ਹਨ ਤਾਂ ਤੁਸੀਂ ਉਸਨੂੰ ਨਹੀਂ ਵੇਖਿਆ ਹੈ, ਤੁਸੀਂ ਯੂਹੰਨਾ ਨੂੰ ਨਹੀਂ ਵੇਖਿਆ ਹੈ। ਨਾ ਭਾਈ ਜੀ, ਯੂਹੰਨਾ ਕਦੇ ਵੀ ਹਵਾ ਨਾਲ ਝੂਲਣ ਵਾਲਾ ਕਾਨਾ ਨਹੀਂ ਸੀ।

313 ਉਸਨੇ ਕਿਹਾ, "ਫਿਰ ਤੁਸੀਂ ਉੱਥੇ ਕੀ ਵੇਖਣ ਗਏ ਸੀ?ਕੀ ਇੱਕ ਨਬੀ ਨੂੰ?"ਵੇਖੋ, ਇਸ ਤਰ੍ਹਾਂ ਇੱਕ ਨਬੀ ਹੀ ਕਰ ਸੱਕਦਾ ਹੈ।ਇੱਕ ਨਬੀ ਦਾ ਇਹ ਪ੍ਰਮਾਣ ਹੈ, ਵੇਖੋ ਖੁਦਾ ਦਾ ਵਚਨ ਉਸਦੇ ਨਾਲ ਸੀ।ਵਚਨ ਨਬੀ ਦੇ ਕੋਲ ਹੀ ਆਉਂਦਾ ਹੈ।ਸਮਝੇ?ਯਿਸੂ ਨੇ ਪੁੱਛਿਆ, "ਤੁਸੀਂ ਉੱਥੇ ਕੀ ਵੇਖਣ ਗਏ ਸੀ?ਕੀ ਇੱਕ ਨਬੀ ਨੂੰ?"ਉਸਨੇ ਕਿਹਾ, "ਹਾਂ ਇਹ ਸੱਚ ਹੈ।ਪ੍ਰੰਤੂ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਨਬੀ ਤੋਂ ਵੀ ਵੱਡੇ ਨੂੰ, ਕਿਉਂਕਿ ਉਹ ਹੀ ਸੀ।"

314 ਉਹ ਕਿਉਂ ਨਬੀ ਤੋਂ ਵੀ ਵੱਡਾ ਸੀ?ਕਿਉਂਕਿ ਉਹ ਨੇਮ ਦਾ ਦੂਤ ਸੀ,ਸੱਚਮੁੱਚ ਉਹ ਹੀ ਸੀ,ਜਿਸਨੇ ਕਿਰਪਾ ਅਤੇ ਵਿਵਸਥਾ ਨੂੰ ਮਿਲਾਉਂਦੇ ਹੋਏ ਪੁਲ ਦਾ ਕੰਮ ਕੀਤਾ।ਜਿਵੇਂ ਕਿ ਕਿਹਾ ਗਿਆ ਸੀ,ਉਹ ਇੱਕ ਖਾਸ ਪੱਥਰ (KEY STONE) ਸੀ।

315 ਯਿਸੂ ਨੇ ਕਿਹਾ," ਜੇ ਤੁਸੀਂ ਕਬੂਲ ਕਰ ਸੱਕਦੇ ਹੋ ਤਾਂ ਕਰੋ ਇਹ ਉਹ ਹੈ ਜਿਸਦੇ ਬਾਰੇ ਵਿੱਚ ਨਬੀ ਨੇ ਮਲਾਕੀ 3 ਬਾਬ ਵਿੱਚ ਇਹ ਕਿਹਾ ਹੈ,ਵੇਖੋ ਮੈਂ ਆਪਣੇ ਦੂਤ ਨੂੰ ਘੱਲਦਾ ਹਾਂ ਅਤੇ ਉਹ ਮੇਰੇ ਅੱਗੇ ਰਾਹ ਨੂੰ ਤਿਅਰ ਕਰੇਗਾ।"ਵੇਖਿਆ? ਔਹ, ਉਹ ਕਿੰਨੀ ਸਧਾਰਨਤਾ ਵਿੱਚ ਸੀ।ਪ੍ਰਮੇਸ਼ੁਰ ਇੱਕ ਵਾਰ ਫਿਰ ਸਧਾਰਨਤਾ ਵਿੱਚ ਲੁਕਿਆ ਬੈਠਾ ਸੀ।

316 ਇਸ ਤੋਂ ਬਾਦ ਧਿਆਨ ਕਰੋ ਕਿ ਉਸਨੇ ਕੀ ਕੀਤਾ ਸੀ।ਉਸਨੇ ਮਸੀਹ ਦੀ ਆਮਦ ਦਾ ਪ੍ਰਚਾਰ ਬੜੇ ਹੀ ਜ਼ੋਰਦਾਰ ਢੰਗ ਨਾਲ ਕੀਤਾ ਸੀ, " ਵੇਖੋ ਉਸਦੀ ਤੰਗਲੀ ਉਸਦੇ ਹੱਥ ਵਿੱਚ ਹੈ।ਉਹ ਕਰੇਗਾ।ਉਹ ਆਪਣੇ ਢੰਗ ਨਾਲ ਆਪਣੇ ਪਿੜ ਨੂੰ ਸਾਫ ਕਰੇਗਾ।ਉਹ ਤੂੜੀ ਨੂੰ ਵੱਖ ਕਰੇਗਾ, ਅਤੇ ਉਸਨੂੰ ਸਾਫ ਕਰੇਗਾ ਅਤੇ ਉਸਨੂੰ ਸਾੜ ਦੇਵੇਗਾ।ਇਹ ਸੱਚ ਹੈ।ਉਹ ਕਣਕ ਨੂੰ ਜਮਾਂ ਕਰੇਗਾ ਅਤੇ ਉਸਨੂੰ ਆਪਣੇ ਕੋਠੇ ਵਿੱਚ ਜਮਾਂ ਕਰੇਗਾ।"ਵੇਖੋ, ਉਹ ਆਤਮਾ ਦਾ ਉਭਾਰਿਆ ਹੋਇਆ ਬੋਲਦਾ ਸੀ।

317 ਪ੍ਰੰਤੂ ਜਦ ਯਿਸੂ ਆਇਆ ਤਾਂ ਉਹ ਵੇਖ ਰਹੇ ਸਨ ..... ਅਤੇ ਤੁਸੀਂ ਜਾਣਦੇ ਹੋ ਕਿ ਉਹ ਚੇਲੇ ਕਿਸੇ ਮਹਾਨ ਘਟਨਾ ਦੇ ਘਟਣ ਦੀ ਉਡੀਕ ਕਰ ਰਹੇ ਸਨ।ਔਹ, " ਮੇਰੇ ਖੁਦਾ, ਉਹ ਆ ਰਿਹਾ ਹੈ।ਬਸ ਹੁਣ ਸਭ ਕੁਝ ਠੀਕ ਹੋ ਜਾਵੇਗਾ।ਬੱਚਿਓ ਉਹ ਬਹੁਤ ਹੀ ਸ਼ਕਤੀਸ਼ਾਲੀ ਹੋਵੇਗਾ। ਉਹ ਰੋਮੀਆਂ ਨੂੰ ਧਰਤੀ ਤੋਂ ਪੁੱਟ ਕੇ ਸੁੱਟ ਦੇਵੇਗਾ।ਹੁਣ ਜਦ ਉਹ ਆਏਗਾ, ਤਾਂ ਉਹ ਯੂਨਾਨੀ ਲੋਕਾਂ ਨੂੰ ਇਸ ਰਾਹ ਤੋਂ ਅਤੇ ਰੋਮੀ ਲੋਕਾਂ ਨੂੰ ਉਸ ਰਾਹ ਤੋਂ ਜਾਣ ਲਈ ਮਜ਼ਬੂਰ ਕਰ ਦੇਵੇਗਾ।"

318 ਪਰ ਜਦੋਂ ਉਹ ਆਇਆ, ਤਾਂ ਉਹ ਬਹੁਤ ਹੀ ਦੀਨ ਅਤੇ ਸਿੱਧਾ-ਸਾਦਾ ਸੀ , ਜਿਸਨੂੰ ਸੱਭ ਜਗ੍ਹਾ ਇੱਧਰ ਤੋਂ ਉੱਧਰ ਨੂੰ ਧੱਕ ਦਿੱਤਾ ਜਾਂਦਾ ਸੀ।ਇਹ ਕੀ ਸੀ? ਔਹ, ਪ੍ਰਮੇਸ਼ੁਰ ਆਪਣੇ ਆਪ ਨੂੰ ਸਾਦਗੀ ਵਿੱਚ ਲੁਕਾ ਰਿਹਾ ਸੀ।



97 ਅਰ ਅੱਜ ਇਸ ਸਵੇਰ ਮੈਂ ਭਾਈ ਜੂਨੀਅਰ ਜੈਕਸਨ ਅਤੇ ਭਾਈ ਰੂਡਲ ਅਤੇ ਹੋਰਨਾਂ ਸੇਵਕਾਂ ਨੂੰ ਜੋ ਇੱਥੇ ਚਾਰੇ ਪਾਸੇ ਖੜੇ ਹਨ ਵੇਖ ਕੇ ਬਹੁਤ ਖੁਸ਼ ਹਾਂ । ਪਰਮੇਸ਼ੁਰ ਤੁਹਾਨੂੰ ਸਭਨਾਂ ਨੂੰ ਬਰਕਤ ਦੇਵੇ ।

98 ਅੱਜ ਦੀ ਸਵੇਰ ਮੈਂ ਤੁਹਾਡੇ ਸਾਹਮਣੇ ਇੱਕ ਵਿਸ਼ੇ ਤੇ ਬੋਲਣਾ ਚਹੁੰਦਾ ਹਾਂ ਜਿਸ ਦੇ ਸਬੰਧ ਵਿੱਚ ਮੈਂ ਇੱਥੇ ਕੁਝ ਲਿਖ ਕੇ ਰੱਖਿਆ ਹੋਇਆ ਹੈ । ਅਤੇ ਸਭ ਤੋਂ ਪਹਿਲਾਂ ਮੈਂ ਯਸਾਯਾਹ ਦੀ ਪੋਥੀ ਦੀ 53 ਬਾਬ ਨੂੰ ਪੜ੍ਹਨਾ ਚਹੁੰਦਾ ਹਾਂ । ਹੁਣ ਜਦਕਿ ਤੁਸੀਂ ਇਸਦੇ ਪੰਨਿਆਂ ਨੂੰ ਪਲਟ ਰਹੇ ਹੋ ਮੈਂ ਇੱਕ ਜਾਂ ਦੋ ਐਲਾਨ ਕਰਨਾ ਚਹੁੰਦਾ ਹਾਂ ।

99 ਅੱਜ ਰਾਤ ਮੈਂ ਪ੍ਰਕਾਸ਼ ਦੀ ਪੋਥੀ ਦੇ ਉਸ ਭਾਗ ਦੇ ਬਾਰੇ ਵਿੱਚ ਵਚਨ ਪ੍ਰਚਾਰ ਕਰਾਂਗਾ ਜੋ ਕਲੀਸਿਯਾਈ ਯੁੱਗਾਂ ਦੀ ਸਮਾਪਤੀ ਤੋਂ ਲੈ ਕੇ ਮੋਹਰਾਂ ਦੇ ਖੁੱਲਣ ਤੱਕ ਹੈ । ਆਖਰੀ ਕਲੀਸਿਯਾਈ ਕਾਲ ਅਤੇ ਮੋਹਰਾਂ ਦੇ ਖੁੱਲਣ ਵਿੱਚਕਾਰ ਇੱਕ ਲੰਬਾ ਸਮਾਂ ਹੈ ।

100 ਜਦ ਮੈਂ ਕਲੀਸਿਯਾ ਦੇ ਯੁੱਗਾਂ ਦਾ ਪ੍ਰਚਾਰ ਸਮਾਪਤ ਕੀਤਾ ਸੀ , ਤਾਂ ਠੀਕ ਇਸਦੇ ਬਾਦ ਮੈਂ ਦਾਨੀਏਲ ਦੇ ਸੱਤਰ ਸਾਤਿਆਂ 'ਤੇ ਸੰਦੇਸ਼ ਪ੍ਰਚਾਰ ਕੀਤਾ ਸੀ , ਕਿਉਂਕਿ ਇਹ ਸੱਤ ਮੋਹਰਾਂ ਨਾਲ ਜੁੜੇ ਹੋਏ ਹਨ । ਅਤੇ ਮੈਂ ਕਿਹਾ ਸੀ, " ਜੇ ਕਦੇ ਮੈਂ ਸੱਤਾਂ ਮੋਹਰਾਂ ਤੇ ਬੋਲਾਂਗਾ ਤਾਂ ਉਸ ਤੋਂ ਪਹਿਲਾਂ ਮੈਨੂੰ ਦਾਨੀਏਲ ਦੇ ਸੱਤਰ ਸਾਤਿਆਂ 'ਤੇ ਬੋਲਣਾ ਹੋਵੇਗਾ, ਤਾਂ ਕਿ ਮੋਹਰਾਂ ਦੇ ਨਾਲ ਉਸ ਦਾ ਸਬੰਧ ਸਥਾਪਿਤ ਕੀਤਾ ਜਾ ਸਕੇ । ਮੈਂ ਇੱਕ ਚੀਜ਼ ਛੱਡ ਦਿੱਤੀ ਸੀ ਅਰ ਉਹ ਸੱਤਾਂ ਮੋਹਰਾਂ ਵਾਲੀ ਪੋਥੀ ਦਾ ਪੰਜਵਾਂ ਬਾਬ ਸੀ; ਅਤੇ ਇਸਨੂੰ ਅਸੀਂ ਅੱਜ ਰਾਤ ਲਵਾਂਗੇ ।

101 ਅੱਜ ਰਾਤ ਅਸੀਂ ਜਰਾ ਛੇਤੀ ਹੀ ਸਭਾ ਸ਼ੁਰੂ ਕਰਨਾ ਚਹੁੰਦੇ ਹਾਂ । ਮੇਰੇ ਬਾਰੇ ਵਿੱਚ ਕੀ ਹੈ .... ਤੁਸੀਂ ਇਸ ਬਾਰੇ ਪਹਿਲਾਂ ਹੀ ਦੱਸ ਚੁੱਕੇ ਹੋ, ਕੀ ਤੁਸੀਂ ਇਸਦੇ ਬਾਰੇ ਪਹਿਲਾਂ ਹੀ ਦੱਸਣਾ ਸ਼ੁਰੂ ਕਰ ਦਿੱਤਾ ਹੈ ? [ ਭਾਈ ਨੇਵਿਲ ਕਹਿੰਦੇ ਹਨ, " ਜੀ ਹਾਂ " - ਸੰਪਾਦਕ ] ਕਿਵੇਂ ਹੋਵੇ, ਜੇ ਅਸੀਂ ਸਾਰੇ ਇੱਥੇ ਸੱਤ ਵਜੇ ਤੱਕ ਆ ਜਾਈਏ ? [ ਸੰਗਤ ਆਖਦੀ ਹੈ -" ਆਮੀਨ "] ਠੀਕ ਹੈ । ਅਸੀਂ ਸਭਾਵਾਂ ਬਕਾਇਦਾ ਸਾਢੇ ਛੇ ਵਜੇ ਸ਼ੁਰੂ ਕਰਾਂਗੇ, ਗਾਣੇ ਆਦਿ ਗਾਵਾਂਗੇ ਅਰ ਮੈਂ ਇੱਥੇ ਸੱਤ ਵਜੇ ਹੋਵਾਂਗਾ । ਅਤੇ ਇਸ ਤੋਂ ਬਾਦ ਅਸੀਂ ਸਾਰਾ ਹਫਤਾ ਸਭਾ ਨੂੰ ਹੋਰ ਛੇਤੀ ਸ਼ੁਰੂ ਕਰਾਂਗੇ । ਅਤੇ, ਅਸੀਂ ਹੁਣ ਆਏ ਹਾਂ ......

102 ਕੋਈ ਵੀ ਗੀਤ ਗਾਉਣਾ ਇਸ ਤਰ੍ਹਾਂ ਪਸੰਦ ਨਹੀਂ ਕਰਦਾ ਜਿਸ ਤਰ੍ਹਾਂ ਕਿ ਮਸੀਹੀ ਲੋਕ ਪਸੰਦ ਕਰਦੇ ਹਨ । ਸਾਨੂੰ ਗੀਤ ਗਾਉਣੇ ਬਹੁਤ ਪਸੰਦ ਹਨ । ਅਸੀਂ ਇਸ ਤਰ੍ਹਾਂ ਦੀਆਂ ਚੀਜ਼ਾਂ ਪਸੰਦ ਕਰਦੇ ਹਾਂ ।

103 ਪ੍ਰੰਤੂ ਹੁਣ ਤਾਂ ਅਸੀਂ ਕਿਸੇ ਹੋਰ ਚੀਜ਼ ਵਿੱਚ ਹਾਂ । ਇਸ ਸਮੇਂ ਅਸੀਂ ਵਚਨ ਵਿੱਚ ਹਾਂ, ਸੋ ਅਸੀਂ ਵਚਨ ਵਿੱਚ ਹੀ ਟਿਕੇ ਰਹੀਏ । ਸਮਝੇ ? ਅਸੀਂ ਵਚਨ ਵਿੱਚ ਜਾ ਰਹੇ ਹਾਂ, ਅਸੀਂ ਵਚਨ ਸਿੱਖਣ ਸਿਖਾਉਣ ਜਾ ਰਹੇ ਹਾਂ । ਅਤੇ ਤੁਸੀਂ ਇਸ ਨੂੰ ਮਹਿਸੂਸ ਕਰ ਸਕਦੇ ਹੋ ਕਿ ਮੇਰੇ 'ਤੇ ਕਿੰਨਾਂ ਕੁ ਤਨਾਅ ਹੈ , ਕਿਉਂਕਿ ਦੇਖੋ ਜੇ ਮੈਂ ਕੁਝ ਗਲਤ ਸਿਖਾਵਾਂ ਤਾਂ ਉਸਦਾ ਮੈਨੂੰ ਉੱਤਰ ਦੇਣਾ ਪਵੇਗਾ। ਸਮਝੇ ? ਅਰ ਇਸ ਲਈ ਮੈਂ ਉਹ ਕੁਝ ਨਹੀਂ ਲੈਣਾ ਜੋ ਕਿਸੇ ਦੂਜੇ ਨੇ ਸਿਖਾਇਆ ਹੋਵੇ । ਜਰੂਰੀ

ਹੈ ਕਿ ਮੈਂ ਪਵਿੱਤਰ ਆਤਮਾ ਤੋਂ ਉਭਾਰਿਆ ਜਾਵਾਂ । ਅਤੇ ਮੈਨੂੰ ਵਿਸ਼ਵਾਸ਼ ਹੈ ਕਿ ਉਹ ਸੱਤ ਸਵਰਗ ਦੂਤ ਜਿਹਨਾਂ ਦੇ ਹੱਥਾਂ ਵਿੱਚ ਸੱਤ ਗਰਜਾਂ ਹਨ ਉਹ ਹੀ ਇਸਨੂੰ ਬਖਸ਼ਣਗੇ । ਸਮਝ ਲੱਗੀ ?

104 ਅਤੇ ਹੁਣ ਮੈਂ ਯਸਾਯਾਹ ਦੀ ਪੋਥੀ ਦੇ 53ਵੇਂ ਅਧਿਆਏ ਦਾ ਪਹਿਲਾ ਜਾਂ ਦੂਜਾ ਪਦ ਪੜ੍ਹਨਾ ਚਹੁੰਦਾ ਹਾਂ । ਮੈਂ ਇਹ ਪ੍ਰਸ਼ਨ ਪੁੱਛਣਾ ਚਾਹੁੰਦਾ ਹਾਂ ।

105 ਹੁਣ, ਇਸਦਾ ਸਬੰਧ ਸੱਤਾਂ ਮੋਹਰਾਂ ਨਾਲ ਬਿਲਕੁੱਲ ਨਹੀਂ ਹੈ। ਇਹ ਤਾਂ ਸਿਰਫ ਇੱਕ ਸੰਦੇਸ਼ ਹੈ।ਕਿਉਂਕਿ ਮੈਂ ਜਾਣਦਾ ਸਾਂ ਕਿ ਮੈਂ ਭਵਨ ਦਾ ਸਮਰਪਣ ਕਰਨਾ ਹੈ, ਅਤੇ ਮੈਂ ਉਸ ਵਿੱਚ ਨਹੀਂ ਜਾ ਸਕਾਂਗਾ ਕਿਉਂਕਿ ਮੇਰੇ ਕੋਲ ਸਮਾਂ ਨਹੀਂ ਹੋਵੇਗਾ। ਪ੍ਰੰਤੂ ਮੈਂ ਸੋਚਿਆ ਸੀ ਕਿ ਛੋਟੀ ਜਿਹੀ ਸਮਰਪਣ ਸਭਾ ਦੇ ਕਾਰਨ, ਇਸ ਭਵਨ ਦੀ ਯਾਦ ਦੀ ਛੋਟੀ ਜਿਹੀ ਸਭਾ ਦੇ ਕਾਰਨ ਜਾਂ ਛੋਟੀ ਜਿਹੀ ਸਮਰਪਣ ਸਭਾ ਦੇ ਕਾਰਨ, ਪ੍ਰੰਤੂ ਜਦ ਉਹ .... ਤਾਂ ਮੈਨੂੰ ਉਸਦੇ ਲਈ ਸਮਾਂ ਨਹੀਂ ਮਿਲੇਗਾ ਜੋ ਮੈਂ ਕਹਿਣਾ ਚਾਹੁੰਦਾ ਹਾਂ, ਦੇਖੋ ਕਿ ਇਸ ਕਿਤਾਬ ਦੇ ਖੋਲੇ ਜਾਣ ਤੋਂ ਪਹਿਲਾਂ ਜੋ ਮੈਂ ਕਹਿਣਾ ਹੈ, ਉਸ ਲਈ ਮੈਨੂੰ ਸਮਾਂ ਨਹੀਂ ਮਿਲੇਗਾ । ਸੋ ਮੈਂ ਉਸਨੂੰ ਅੱਜ ਰਾਤ ਬੋਲਾਂਗਾ , ਅਤੇ ਹੁਣ ਇਹ ਇੱਕ ਛੋਟੀ ਜਿਹੀ ਸਭਾ ਹੈ, ਅਤੇ ਫਿਰ ਵੀ ਮੈਂ ਚਾਹੁੰਦਾ ਹਾਂ ਕਿ ਇਹ ਉਸੇ ਵਿਸ਼ੇ ਨਾਲ ਸਬੰਧਤ ਰਹੇ।

106 ਹੁਣ ਤੁਸੀਂ ਇਸਦੇ ਹਰ ਸ਼ਬਦ ਨੂੰ ਧਿਆਨ ਨਾਲ ਸੁਣੋ । ਇਸਨੂੰ ਪਕੜ ਲਵੋ । ਅਤੇ ਜੇ ਤੁਸੀਂ ਇਸਨੂੰ ਟੇਪ ਵਿੱਚ ਭਰ ਲੈਂਦੇ ਹੋ ਤਾਂ ਤੁਸੀ ਉਹਨਾਂ ਟੇਪਾਂ ਦੀ ਸਿੱਖਿਆ 'ਤੇ ਖਲੋਤੇ ਰਹਿਣਾ। ਕੁਝ ਹੋਰ ਨਾ ਕਹੋ, ਪ੍ਰੰਤੂ ਉਹੋ ਹੀ ਕਹੋ ਜੋ ਟੇਪਾਂ ਕਹਿੰਦੀਆਂ ਹਨ। ਬਿਲਕੁੱਲ ਉਹੋ ਹੀ ਕਹੋ ਜੋ ਟੇਪ ਵਿੱਚ ਹੈ ।ਸਮਝੇ ? ਹੁਣ ਕਿਉਂਕਿ ਅਸੀਂ ਕੁਝ ਗੱਲਾਂ ਨੂੰ ਪੂਰੀ ਤਰਾਂ ਸਮਝਣ ਜਾ ਰਹੇ ਹਾਂ, ਤਾਂ ਫਿਰ ਇਸ ਸਾਰੇ ਨੂੰ ਗਲਤ ਕਿਉਂ ਸਮਝਿਆ ਜਾਵੇ । ਸਮਝੇ ? ਅਤੇ ਤੁਸੀਂ ਇਸ ਗੱਲ ਵਿੱਚ ਦ੍ਰਿੜ ਰਹੋ ਕਿ ਸਿਰਫ ਉਹ ਹੀ ਕਹੋ ਜੋ ਟੇਪਾਂ ਕਹਿੰਦੀਆਂ ਹਨ । ਇਸ ਤੋਂ ਇਲਾਵਾ ਤੁਸੀਂ ਕੁਝ ਹੋਰ ਨਾ ਕਹੋ। ਸਮਝੇ ? ਕਿਉਂਕਿ ਮੈਂ ਇਹ ਆਪਣੇ ਆਪ ਤੋਂ ਨਹੀਂ ਕਹਿ ਰਿਹਾਂ ਹਾਂ ਪ੍ਰੰਤੂ ਇਹ ਤਾਂ ਉਹੋ ਹੈ ਜੋ ਉਹ ਕਹਿੰਦਾ ਹੈ, ਤੁਸੀਂ ਸਮਝੇ । ਅਤੇ ਬਥੇਰੀ ਵਾਰ ਲੋਕਾਂ ਗੜਬੜ ਪੈਦਾ ਕਰ ਦਿੰਦੇ ਹਨ ਅਤੇ ਕਹਿੰਦੇ ਹਨ, " ਠੀਕ ਹੈ, ਫਲਾਂ -ਫਲਾਂ ਗੱਲ ਕਹੀ ਗਈ ਹੈ ਜਿਸਦਾ ਮਤਲਬ ਇਹ-ਇਹ ਹੈ ।" ਤੁਸੀਂ ਇਸਨੂੰ ਉਸੇ ਤਰ੍ਹਾਂ ਹੀ ਰਹਿਣ ਦਿਓ ਜਿਸ ਤਰ੍ਹਾਂ ਇਹ ਹੈ ।

107 ਦੇਖੋ , ਠੀਕ ਇਸੇ ਤਰ੍ਹਾਂ ਅਸੀਂ ਬਾਈਬਲ ਵੀ ਚਹੁੰਦੇ ਹਾਂ । ਜਿਸ ਤਰ੍ਹਾਂ ਉਸਨੂੰ ਬਾਈਬਲ ਵਿੱਚ ਕਿਹਾ ਗਿਆ ਹੈ, ਅਸੀਂ ਉਸਨੂੰ ਉਸੇ ਤਰ੍ਹਾਂ ਹੀ ਚਾਹੁੰਦੇ ਹਾਂ - ਜਿਸ ਤਰ੍ਹਾਂ ਇਸ ਵਿੱਚ ਵਚਨ ਹੈ ਉਸੇ ਤਰ੍ਹਾਂ ਹੀ ਅਸੀਂ ਉਸਨੂੰ ਚਾਹੁੰਦੇ ਹਾਂ । ਤੁਸੀਂ ਉਸਦਾ ਆਪਣਾ ਹੀ ਅਨੁਵਾਦ ਨਾ ਕਰੋ । ਤੁਸੀਂ ਦੇਖੋ ਕਿ ਇਸਦਾ ਅਨੁਵਾਦ ਤਾਂ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ । ਹੁਣ :

*ਸਾਡੇ ਪ੍ਰਚਾਰ ਦੀ ਕਿਹ ਨੇ ਪ੍ਰਤੀਤ ਕੀਤੀ ? ਅਤੇ ਯਹੋਵਾਹ ਦੀ ਭੁਜਾ ਕਿਹ ਦੇ ਉੱਤੇ ਪ੍ਰਗਟ ਹੋਈ?*

108 ਮੈਂ ਇਸਨੂੰ ਇੱਕ ਵਾਰ ਫਿਰ ਦੁਬਾਰਾ ਪੜ੍ਹਦਾ ਹਾਂ , ਧਿਆਨ ਦਿਓ ।

*ਸਾਡੇ ਪ੍ਰਚਾਰ ਦੀ ਕਿਹ ਨੇ ਪ੍ਰਤੀਤ ਕੀਤੀ ?* ( ਇਹ ਇੱਕ ਪ੍ਰਸ਼ਨ ਹੈ )*ਅਤੇ ਯਹੋਵਾਹ ਦੀ ਭੁਜਾ ਕਿਹ ਦੇ ਉੱਤੇ ਪ੍ਰਗਟ ਹੋਈ ?*



ਬਲਵਾਨ ਹੈ, ਉਹ ਤੁਹਾਨੂੰ ਅੱਗ ਅਤੇ ਪਵਿੱਤਰ ਆਤਮਾ ਨਾਲ ਬਪਤਿਸਮਾ ਦੇਵੇਗਾ।ਅਤੇ ਉਸਦੀ ਤੰਗਲੀ ਉਸਦੇ ਹੱਥ ਵਿੱਚ ਹੈ। ਉਹ ਆਪਣੇ ਖੱਤੇ ਨੂੰ ਚੰਗੀ ਤਰ੍ਹਾਂ ਨਾਲ ਸਾਫ ਕਰੇਗਾ ਅਤੇ ਕਣਕ ਨੂੰ ਭੜੋਲੇ ਵਿੱਚ ਜਮਾਂ ਕਰੇਗਾ, ਪ੍ਰੰਤੂ ਤੂੜੀ ਨੂੰ ਨਾ ਬੁੱਝਣ ਵਾਲੀ ਅੱਗ ਵਿੱਚ ਸੁੱਟੇਗਾ।"

307 ਇਹ ਹੀ ਉਹ ਸਮਾਂ ਸੀ ਜਦ ਖੁਰਦਰੇ ਥਾਂ ਪੱਧਰੇ ਬਣਾਏ ਜਾ ਰਹੇ ਸਨ,ਪ੍ਰੰਤੂ ਲੋਕਾਂ ਨੂੰ ਇਸਦੀ ਸਮਝ ਨਹੀਂ ਲੱਗੀ ਸੀ।ਪ੍ਰੰਤੂ ਇਹ ਠੀਕ ਵਚਨ ਅਨੁਸਾਰ ਕੀਤਾ ਗਿਆ ਸੀ,ਇਸਨੂੰ ਉਸੇ ਢੰਗ ਨਾਲ ਹੀ ਕੀਤਾ ਗਿਅ ਸੀ, ਜਿਵੇਂ ਵਚਨ ਨੇ ਕਿਹਾ ਸੀ।ਅਤੇ ਇਸਨੂੰ ਇੰਨੇ ਸਾਦੇ ਢੰਗ ਨਾਲ ਕੀਤਾ ਗਿਆ ਸੀ ਕਿ ਲੋਕ ਇਸਨੂੰ ਸਮਝਣ ਤੋਂ ਰਹਿ ਗਏ ਸਨ।ਲੋਕ ਇਸਨੂੰ ਵੇਖਣ ਵਿੱਚ ਫੇਲ ਹੋ ਗਏ ਸਨ।

308 ਤੁਸੀਂ ਇੰਨੇ ਅੰਨ੍ਹੇ ਨਾ ਬਣਨਾ।ਸਮਝੇ?ਤੁਸੀਂ ਇਸ ਤਰ੍ਹਾਂ ਅੰਨ੍ਹੇ ਨਾ ਬਣ ਜਾਣਾ। ਇਸ ਲਈ ਹੁਣ ਸੁਣੋ।

309 ਉਹ ਉਸਨੂੰ ਪਛਾਣ ਨਾ ਸਕੇ ਸਨ।ਉਹ ਇੰਨਾ ਸਾਦਾ ਸੀ ਕਿ ਉਹਨਾਂ ਦੀ ਆਮ ਸਮਝ ਵਿੱਚ ਨਾ ਆ ਸਕਿਆ, ਕਿ ਲੋਕ ਉਸਨੂੰ ਪਛਾਣਨ ਤੋਂ ਰਹਿ ਗਏ। ਫਿਰ ਸੁਣੋ, ਇਹ ਕੀ ਸੀ?ਪਰਮੇਸ਼ੁਰ ਜੋ ਕਿ ਵਚਨ ਵਿੱਚ ਹੈ, ਆਪਣੇ ਆਪਨੂੰ ਸਾਦਗੀ ਵਿੱਚ ਲੁਕਾ ਰਿਹਾ ਸੀ।ਪ੍ਰਮੇਸ਼ੁਰ ਆਪਣੇ ਆਪ ਨੂੰ ਅਜਿਹੇ ਜਾਜਕ ਵਿੱਚ ਨਹੀਂ ਲੁਕਾ ਰਿਹਾ ਸੀ ਜਿਸਦੇ ਧੌਣ ਦੇ ਆਲੇ ਦੁਅਲੇ ਗੋਲ ਕਾਲਰ ਹੁੰਦੇ ਹਨ,ਅਤੇ ਜੋ ਪੜ੍ਹਿਆ ਲਿਖਿਆ ਅਤੇ ਚਲਾਕ ਹੁੰਦਾ ਹੈ।

310 ਯਿਸੂ ਨੇ ਉਹਨਾਂ ਨੂੰ ਠੀਕ ਇਹ ਹੀ ਗੱਲ ਪੁੱਛੀ ਸੀ।ਉਸਨੇ ਕਿਹਾ, " ਤੁਸੀਂ ਉੱਥੇ ਕੀ ਵੇਖਣ ਗਏ ਸੀ?" ਜਦ ਯੂਹੰਨਾ ਦੇ ਚੇਲੇ ਉਸਦੇ ਕੋਲ ਆਏ, ਤਾਂ ਉਸਨੇ ਉਹਨਾਂ ਤੋਂ ਪੁੱਛਿਆ, " ਤੁਸੀਂ ਉੱਥੇ ਕੀ ਵੇਖਣ ਗਏ ਸੀ? ਕੀ ਤੁਸੀਂ ਉੱਥੇ ਜਾਜਕਾਂ ਦੇ ਕੱਪੜੇ ਪਾਏ, ਜਾਂ ਸੋਹਣੇ ਰੇਸ਼ਮੀ ਕੱਪੜੇ ਪਾਏ ਕਿਸੇ ਮਨੁੱਖ ਨੂੰ ਵੇਖਣ ਗਏ ਸੀ? ਕੀ ਤੁਸੀਂ ਉਸ ਕਿਸਮ ਦੇ ਪ੍ਰਚਾਰਕ ਨੂੰ ਵੇਖਣ ਗਏ ਸੀ?ਕੀ ਤੁਸੀਂ ਉਸਨੂੰ ਉੱਥੇ ਵੇਖਣ ਗਏ ਸੀ?"

311 ਉਸਨੇ ਉਹਨਾਂ ਨੂੰ ਕਿਹਾ ਸੀ ," ਨਹੀਂ ਤੁਸੀਂ ਨਹੀਂ ਜਾਣਦੇ ਹੋ,ਕਿ ਅਜਿਹੇ ਲੋਕ ਬੱਚਿਆਂ ਨੂੰ ਚੁੰਮਣ ਜਾਂ ਪਿਆਰ ਕਰਨ ਵਾਲੇ ਅਤੇ ਮੁਰਦਿਆਂ ਨੂੰ ਦਫਨਾਉਣ ਵਾਲੇ ਹੁੰਦੇ ਹਨ। ਉਹ ਯੁੱਧ ਦੇ ਮੈਦਾਨ ਵਿੱਚ ਚਲਾਈ ਜਾਣ ਵਾਲੀ ਦੋਧਾਰੀ ਤਲਵਾਰ ਦੇ ਬਾਰੇ ਵਿੱਚ ਕੁਝ ਨਹੀਂ ਜਾਣਦੇ ਹਨ। ਉਹ ਲੋਕ ਉੱਥੇ ਆਪਣੀਆਂ ਬੁੱਧੀ ਨਾਲ ਭਰੀਆਂ ਹੋਈਆਂ ਗੱਲਾਂ ਲੈ ਕੇ ਗਏ ਸਨ, ਜੋ ਉਹਨਾਂ ਨੂੰ ਕਿਸੇ ਕਿਵੈਨਿਸ ਕਲੱਬ ਜਾਂ ਕਿਸੇ ਅਜਿਹੀ ਹੀ ਥਾਂ ਸਿਖਾਈਆਂ ਜਾਂਦੀਆਂ ਹਨ।ਉੱਥੇ ਲਈ ਤਾਂ ਇਹ ਸੱਭ ਠੀਕ ਹੈ।ਪ੍ਰੰਤੂ ਜਦ ਉੱਥੇ ਬਾਹਰ ਜਾ ਕੇ ਯੁੱਧ ਕਰਨ ਦੀ ਗੱਲ ਹੁੰਦੀ ਹੈ ਤਾਂ ਤਦ ਉਹਨਾਂ ਨੂੰ ਉਸਦੇ ਬਾਰੇ ਵਿੱਚ ਕੁਝ ਵੀ ਪਤਾ ਨਹੀਂ ਹੁੰਦਾ ਹੈ।ਉਹ ਲੋਕ ਤਾਂ ਰਾਜ ਭਵਨਾਂ ਵਿੱਚ ਰਹਿੰਦੇ ਹਨ, ਅਤੇ ਉਹ ਉਸੇ ਤਰ੍ਹਾਂ ਦੀ ਹੀ ਪ੍ਰਸਿੱਧੀ ਦੇ ਜੱਸ਼ ਦੀ ਮੂਰਖਤਾ ਵਿੱਚ ਲੀਨ ਰਹਿੰਦੇ ਹਨ।"

312 ਪ੍ਰੰਤੂ ਉਸਨੇ ਉਹਨਾਂ ਨੂੰ ਪੁੱਛਿਆ ਸੀ, "ਫਿਰ ਤੁਸੀਂ ਉਥੇ ਕੀ ਦੇਖਣ ਗਏ ਸੀ?ਕੀ ਤੁਸੀਂ ਹਵਾ ਨਾਲ ਹਿਲਦੇ ਹੋਏ ਕਾਨੇ ਨੂੰ ਵੇਖਣ ਗਏ ਸੀ? ਕੀ ਤੁਸੀਂ ਉਸ ਆਦਮੀ ਨੂੰ ਵੇਖਣ ਗਏ ਸੀ, ਜੋ ਕਿਸੇ ਨਾਲ ..... ਇਹ ਕਹਿ ਸਕਦਾ ਹੈ," ਤੁਸੀਂ ਜਾਣਦੇ ਹੋ ਕਿ, "ਤੁਸੀਂ ਵੱਨਨੈਸ ਸੰਸਥਾ ਦੇ ਮੈਂਬਰ

ਪਰਤਿਆ।ਲੋਕ ਉਸ ਨੂੰ ਪਛਾਣਨ ਵਿੱਚ ਫੇਲ ਹੋ ਗਏ।ਉਹ ਇੰਨਾ ਸਾਦਾ ਸੀ।ਉਹ ਉਹਨਾਂ ਦੀ ਉੱਚ ਕੋਟੀ ਦੀ ਸਿੱਖਿਆ ਦੇ ਸਾਹਮਣੇ ਏਨਾ ਸਧਾਰਨ ਸੀ ਕਿ ਉਹ ਉਸ 'ਤੇ ਬੜੀ ਮੁਸ਼ਕਿਲ ਵਿੱਚ ਵਿਸ਼ਵਾਸ਼ ਕਰ ਸਕਦੇ ਸਨ।ਉਹ ਸੋਚਦੇ ਸਨ ਕਿ ਜਦ ਉਹ ਆਏਗਾ , ਤਾਂ .....

302 ਉਹਨਾਂ ਗੱਲਾਂ ਦਾ ਕੀ ਹੋਇਆ, " ਹਰੇਕ ਪਹਾੜ ਅਤੇ ਟਿੱਬਾ ਨੀਵਾਂ ਕੀਤਾ ਜਾਵੇਗਾ ਅਤੇ ਹਰੇਕ ਵੂਣ ਉੱਚੀ ਕੀਤੀ ਜਾਵੇਗੀ ਖੁਰਦਲਾ ਪੱਧਰਾ ਅਤੇ ਬਿੱਖਰੇ ਥਾਂ ਮੈਦਾਨ ਹੋਣਗੇ।" ਦਾਊਦ ਨੇ ਇਹ ਵੇਖਿਆ ਸੀ ਅਤੇ ਕਿਹਾ, " ਪਹਾੜ ਛੱਤਰਿਆਂ ਵਾਂਗ ਟੱਪਣ ਲੱਗੇ ਤੇ ਰੁੱਖਾਂ ਦੇ ਪੱਤਿਆਂ ਨੇ ਤਾਲੀ ਵਜਾਈ।"[ਭਾਈ ਬ੍ਰਾਨਹਾਮ ਕਈ ਵਾਰ ਤਾਲੀ ਵਜਾਂਉਦੇ ਹਨ-ਸੰਪ]

303 ਕੀ ਹੋਇਆ? ਕੀ ਇਹ ਸਭ ਹੋਇਆ?ਇੱਕ ਦਾੜੀ ਵਾਲਾ ਆਦਮੀ ਜੋ ਬਿਲਕੁੱਲ ਅਨਪੜ੍ਹ ਸੀ, ਆਪਣੇ ਆਲੇ-ਦੁਆਲੇ ਭੇਡ ਦੀ ਖੱਲ ਲਪੇਟੇ ਯਹੂਦਿਆ ਦੇ ਜੰਗਲ ਵਿੱਚੋਂ ਇਹ ਕਹਿੰਦਾ ਪ੍ਰਗਟ ਹੋਇਆ, ਮਨ ਫਿਰਾਓ , ਕਿਉਂਕਿ ਸਵਰਗ ਦਾ ਰਾਜ ਨੇੜੇ ਆਇਆ ਹੈ। ਅਤੇ ਤੁਸੀਂ ਸੱਪਾਂ ਦੇ ਬੱਚਿਓ ਇਹਨਾਂ ਵਿਚਾਰਾਂ ਵਿੱਚ ਨਾ ਰਹੋ ਕਿ ਮੈਂ ਕਿਸੇ ਖਾਸ ਮਿਸ਼ਨ ਦਾ ਬੰਦਾ ਹਾਂ, ਪਰਮੇਸ਼ੁਰ ਇਹਨਾਂ ਪੱਥਰਾਂ ਵਿੱਚੋਂ ਅਬਰਾਹਾਮ ਲਈ ਸੰਤਾਨ ਪੈਦਾ ਕਰ ਸੱਕਦਾ ਹੈ।" ਮੇਰੇ ਪ੍ਰਭੂ।

ਪ੍ਰੰਤੂ ਉਹਨਾਂ ਨੇ ਕਿਹਾ, " ਇਹ ਉਹ ਅੱਗੇ ਆਉਣ ਵਾਲਾ ਦੂਤ ਨਹੀਂ ਹੈ ਜੋ ਉੱਥੇ ਹੈ। ਅਸੀਂ ਜਾਣਦੇ ਹਾਂ ਕਿ ਇਹ ਉਹ ਨਹੀਂ ਹੈ।

304 ਪ੍ਰੰਤੂ ਇਹ ਉਹ ਹੀ ਸੀ। ਵੇਖੋ, ਉਹ ਰਾਹ ਨੂੰ ਪੱਧਰਾ ਕਰ ਰਿਹਾ ਸੀ।ਸਮਝੇ?ਇਸੇ ਤਰ੍ਹਾਂ ਟੇਡੇ ਰਾਹਾਂ ਨੂੰ ਸਿੱਧਾ ਕੀਤਾ ਗਿਆ ਸੀ। ਇਸੇ ਤਰ੍ਹਾਂ ਹੀ ਉੱਚੀਆਂ ਥਾਵਾਂ ਨੂੰ ਨੀਵਿਆਂ ਕੀਤਾ ਗਿਆ ਸੀ। ਇਹ ਨਾ ਸੋਚੋ ਕਿ ਤੁਸੀਂ ਅਬਰਾਹਾਮ ਦੀ ਸੰਤਾਨ ਹੋ । ਇਸ ਤਰ੍ਹਾਂ ਦੀਆਂ ਵਿਅਰਥ ਗੱਲਾਂ ਤੁਸੀਂ ਮੈਨੂੰ ਦੱਸਣੀਆਂ ਸ਼ੁਰੂ ਨਾ ਕਰਨੀਆਂ , ਕਿਉਂਕਿ ਪ੍ਰਮੇਸ਼ੁਰ ਇਹਨਾਂ ਪੱਥਰਾਂ ਵਿੱਚੋਂ ਅਬਰਾਹਾਮ ਲਈ ਸੰਤਾਨ ਉਤਪਨ ਕਰ ਸੱਕਦਾ ਹੈ।" ਔਹ, ਮੇਰੇ, ਖੁਦਾ। ਉਸਨੇ ਉੱਚੇ ਥਾਵਾਂ ਨੂੰ ਨੀਵਾਂ ਕੀਤਾ ਸੀ।ਜੀ ਹਾਂ, ਇਸੇ ਤਰ੍ਹਾਂ ਹੀ ਹੋਇਆ ਸੀ।ਤੁਸੀਂ ਭਿੰਨਤਾ ਵੇਖੋ।ਇਹ ਹੀ ਉਹ ਸੀ ਜੋ ਉਸਨੇ ਕਿਹਾ ਸੀ ਕਿ ਹੋਵੇਗਾ।

305 ਅਤੇ ਜਦ ਉਹ ਯੂਹੰਨਾ ਦੇ ਸਾਹਮਣੇ ਆਏ ,ਤਾਂ ਉਹਨਾਂ ਨੇ ਸੋਚਿਆ, "ਔਹ,ਜੇ ਉਹ ਸਾਡੀ ਸੰਸਥਾ ਵਿੱਚ ਆਇਆ ਹੁੰਦਾ ਤਾਂ ਅਸੀਂ ਉਸਨੂੰ ਜਰੂਰ ਕਬੂਲ ਕਰ ਲੈਂਦੇ।ਪ੍ਰੰਤੂ ਕਿਉਂਕਿ .... ਉਹ ਉਸ ਢੰਗ ਨਾਲ ਆਇਆ ਸੀ, ਉਹ ਬਹੁਤ ਸਧਾਰਨ ਜਿਹੇ ਢੰਗ ਨਾਲ ਆਇਆ ਸੀ। ਤਾਂ ਵੀ ਵਚਨ ਦਾ ਅਨੁਵਾਦ ਕਰਨ ਵਿੱਚ ਉੱਚੇ ਥਾਵਾਂ ਨੂੰ ਨੀਵਾਂ ਕੀਤਾ ਗਿਆ ਸੀ।ਉਹ ਲੋਕ ਇਸ ਗੱਲ ਨੂੰ ਕਬੂਲ ਨਹੀਂ ਕਰਨਾ ਚਾਹੁੰਦੇ ਸਨ,ਪ੍ਰੰਤੂ ਉਹਨਾਂ ਨੂੰ ਨੀਵੇਂ ਕੀਤਾ ਗਿਆ ਸੀ।

306 ਉਸ ਮੁੰਡੇ ਨੇ ਉਹਨਾਂ ਸਭਨਾਂ ਨੂੰ ਸਾਫ ਕਰ ਦਿੱਤਾ ਸੀ।ਉਸਨੇ ਉਹਨਾਂ ਦੇ ਪਰਦੇ ਖੋਲ੍ਹ ਦਿੱਤੇ ਸਨ। ਉਸਨੇ ਉਹਨਾਂ ਨੂੰ ਕਿਹਾ ਸੀ, ਹੇ ਸੱਪਾਂ ਦੇ ਬੱਚਿਓ।ਤੁਸੀਂ ਘਾਹ ਵਿੱਚ ਲੁਕੇ ਹੋਏ ਸੱਪ ਹੋ। ਮੈਂ ਤੁਹਾਨੂੰ ਦੱਸਦਾ ਹਾਂ ਕਿ , ਕੁਹਾੜਾ ਰੁੱਖਾਂ ਦੀ ਜੜ ਤੇ ਰੱਖਿਆ ਹੋਇਆ ਹੈ।ਅਤੇ ਹਰੇਕ ਰੁੱਖ ਜੋ ਫਲ ਨਹੀਂ ਦਿੰਦਾ ਹੈ, ਕੱਟਿਆ ਅਤੇ ਅੱਗ ਵਿੱਚ ਸੁੱਟਿਆ ਜਾਵੇਗਾ।ਸੱਚਮੁੱਚ , ਮੈਂ ਤੁਹਾਨੂੰ ਪਾਣੀ ਨਾਲ ਬਪਤਿਸਮਾ ਦਿੰਦਾ ਹਾਂ ਪ੍ਰੰਤੂ ਉਹ ਜੋ ਮੇਰੇ ਬਾਦ ਆਉਣ ਵਾਲਾ ਹੈ ਉਹ ਮੇਰੇ ਤੋਂ ਬਹੁਤ ਜਿਆਦਾ



109 ਦੂਸਰੇ ਸ਼ਬਦਾਂ ਵਿੱਚ , " ਜੇ ਤੁਸੀਂ ਸਾਡੇ ਪ੍ਰਚਾਰ ਦੀ ਪ੍ਰਤੀਤ ਕੀਤੀ ਤਾਂ ਯਹੋਵਾਹ ਦੀ ਭੁਜਾ ਤੁਹਾਡੇ 'ਤੇ ਪ੍ਰਗਟ ਹੋਈ ।" ਸਮਝੇ ?

*ਸਾਡੇ ਪ੍ਰਚਾਰ ਦੀ ਕਿਹ ਨੇ ਪ੍ਰਤੀਤ ਕੀਤੀ ? ਅਤੇ ਯਹੋਵਾਹ ਦੀ ਭੁਜਾ ਕਿਹ ਦੇ ਉੱਤੇ ਪ੍ਰਗਟ ਹੋਈ ?*

110 ਹੁਣ ਮੈਂ ਸੰਤ ਮੱਤੀ ਦੀ ਕਿਤਾਬ ਵਿੱਚੋਂ ਵੀ ਪੜ੍ਹਨਾ ਚਾਹੁੰਦਾ ਹਾਂ , ਮੱਤੀ 11ਬਾਬ। ਅਤੇ ਹੁਣ ਤੁਸੀਂ ਆਪਣੇ ਕਾਗਜ਼ ਅਤੇ ਦੂਸਰੀਆਂ ਚੀਜ਼ਾਂ ਆਦਿ ਲੈ ਕੇ ਆਓ , ਕਿਉਂਕਿ ਅਸੀਂ ਲਗਾਤਾਰ ਕਰਾਂਗੇ ..... ਜੇ ਤੁਹਾਡੇ ਕੋਲ ਟੇਪ ਰਿਕਾਰਡ ਨਹੀਂ ਹੈ ਤਾਂ , ਤਾਂ ਤੁਸੀਂ ਲੈ ਕੇ ਆਓ .... ਆਪਣੇ ਕਾਗਜ਼ ਆਦਿ ਤਾਂ ਕਿ ਤੁਹਾਨੂੰ ਇਹ ਮਿਲ ਸਕੇ । ਅਸੀਂ ਸੰਤ ਮੱਤੀ ਦੇ 11ਵੇਂ ਅਧਿਆਏ ਦੀ 25 ਅਤੇ 26 ਆਇਤ ਨੂੰ ਪੜਾਂਗੇ ; ਆਇਤ 11:26 ਅਤੇ 27. ਸੱਚ ਹੈ , ਯਿਸੂ ਪ੍ਰਾਰਥਨਾ ਵਿੱਚ ਇਹ ਕਹਿ ਰਿਹਾ ਹੈ । ਮੈਂ ਇਸਨੂੰ ਥੋੜਾ ਪਿਛਾਂਹ ਤੋ ਲੈਂਣਾ ਚਾਹੁੰਦਾ ਹਾਂ । ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਮੈਂ ਇਸਨੂੰ ਉਸੇ ਜਗ੍ਹਾ ਤੋਂ ਹੀ ਕਿਹਾ ਹੈ ਜਿੱਥੇ ਮੈਂ ਆਪਣੀ ਬਾਈਬਲ ਵਿੱਚ ਨਿਸ਼ਾਨ ਲਗਾਇਆ ਸੀ । ਆਓ ਅਸੀਂ ਹੁਣ ਮੱਤੀ ਦੇ 11 ਅਧਿਆਏ ਦੀ 25 ਅਤੇ 26 ਆਇਤ ਪੜ੍ਹੀਏ ।

*ਉਸ ਵੇਲੇ ਯਿਸੂ ਨੇ ਅੱਗੇ ਆਖਿਆ , ਹੇ ਪਿਤਾ ਅਕਾਸ਼ ਅਤੇ ਧਰਤੀ ਦੇ ਮਾਲਕ ਮੈਂ ਤੇਰੀ ਵਡਿਆਈ ਕਰਦਾ ਹਾਂ ਜੋ ਤੈਂ ਇਹਨਾਂ ਗੱਲਾਂ ਨੂੰ ਗਿਆਨੀਆਂ ਅਤੇ ਬੁੱਧਵਾਨਾਂ ਤੋਂ ਗੁਪਤ ਰੱਖਿਆ ਅਤੇ ਉਹਨਾਂ ਨੂੰ ਨਿਆਣਿਆਂ ਉੱਤੇ ਪ੍ਰਗਟ ਕੀਤਾ ।*

*ਹਾਂ, ਹੇ ਪਿਤਾ, ਕਿਉਂ ਜੋ ਤੈਨੂੰ ਇਹੋ ਚੰਗਾ ਲੱਗਾ ।*

111 ਇਹਨਾਂ ਦੋਨਾਂ ਹਵਾਲਿਆਂ ਨੂੰ ਪਕੜੋ ।" ਸਾਡੇ ਪ੍ਰਚਾਰ ਦੀ ਕਿਹ ਨੇ ਪ੍ਰਤੀਤ ਕੀਤੀ ? ਅਤੇ ਯਹੋਵਾਹ ਦੀ ਭੁਜਾ ਕਿਹ ਦੇ ਉੱਤੇ ਪ੍ਰਗਟ ਹੋਈ ?" " ਅਤੇ ਫਿਰ ਯਿਸੂ ਨੇ ਪ੍ਰਮੇਸ਼ੁਰ ਦਾ ਧੰਨਵਾਦ ਕੀਤਾ ਕਿ ਉਸ ਨੇ ਇਹ ਭੇਤ ਗਿਆਨੀਆਂ ਅਤੇ ਬੁੱਧਵਾਨਾਂ ਕੋਲੋਂ ਗੁਪਤ ਰੱਖੇ ਤੇ ਉਨ੍ਹਾਂ ਨੂੰ ਨਿਆਣਿਆਂ 'ਤੇ ਪ੍ਰਗਟ ਕੀਤਾ ਜਿਹੜੇ ਕਿ ਸਿੱਖਣਾ ਚਹੁੰਦੇ ਹਨ , ਕਿਉਂਕਿ ਅਜਿਹਾ ਕਰਨਾ ਪ੍ਰਭੂ ਦੇ ਮਨ ਨੂੰ ਚੰਗਾ ਲੱਗਾ ।" ਹੁਣ ਇਸ ਵਚਨ ਤੋਂ ..........

112 ਇਸ ਪੜ੍ਹੇ ਗਏ ਵਚਨ ਤੋਂ ਮੈਂ ਇਹ ਵਿਸ਼ਾ ਚੁਣ ਰਿਹਾਂ ਹਾਂ , *ਪ੍ਰਮੇਸ਼ੁਰ ਆਪਣੇ ਆਪ ਨੂੰ ਸਧਾਰਨਤਾ ਅੰਦਰ ਛੁਪਾ ਰਿਹਾ ਹੈ, ਅਤੇ ਫਿਰ ਖੁਦ ਉਸੇ ਸਾਦਗੀ ਵਿੱਚ ਪ੍ਰਗਟ ਹੋ ਰਿਹਾ ਹੈ ।* ਹੁਣ ਮੈਂ ਟੇਪਾਂ ਦੀ ਖਾਤਿਰ ਇਸਨੂੰ ਫਿਰ ਦੁਹਰਾਂਉਦਾ ਹਾਂ , ਕਿਉਂਕਿ ਤੁਸੀਂ ਦੇਖਦੇ ਹੋ ਕਿ ਉਹ ਇਸਨੂੰ ਟੇਪ ਕਰ ਰਹੇ ਹਨ । ਸਮਝੇ ? *ਪ੍ਰਮੇਸ਼ੁਰ ਸਧਾਰਨਤਾ ਅੰਦਰ ਗੁਪਤ ਅਤੇ ਸਧਾਰਨਤਾ ਅੰਦਰ ਪ੍ਰਗਟ।*

113 ਅਜਿਹਾ ਸੋਚ ਕੇ ਹੈਰਾਨੀ ਹੁੰਦੀ ਹੈ ਕਿ ਪ੍ਰਮੇਸ਼ੁਰ ਇਸ ਤਰ੍ਹਾਂ ਕਿਵੇਂ ਕਰਦਾ ਹੈ । ਪ੍ਰਮੇਸ਼ੁਰ ਆਪਣੇ ਆਪ ਨੂੰ ਕਿਸੇ ਅਜਿਹੀ ਸਧਾਰਨ ਵਸਤੂ ਵਿੱਚ ਛੁਪਾ ਲੈਂਦਾ ਹੈ ਤੇ ਫਿਰ ਆਪਣੇ ਸਾਦਗੀ ਵਾਲੇ ਢੰਗ ਨਾਲ ਆਪਣੇ ਆਪ ਨੂੰ ਇਸ ਤਰ੍ਹਾਂ ਪ੍ਰਗਟ ਕਰ ਦਿੰਦਾ ਹੈ ਕਿ ਗਿਆਨੀ ਅਤੇ ਬੁੱਧਵਾਨ ਲੋਕ ਇਸ ਗੱਲ ਨੂੰ ਪਾਉਣ ਵਿੱਚ ਲੱਖਾਂ ਮੀਲ ਦੂਰ ਰਹਿ ਜਾਂਦੇ ਹਨ । ਮੈਂ ਸੋਚਿਆ ਕਿ ਇਸ ਤੋਂ ਪਹਿਲਾਂ ਕਿ ਅਸੀਂ ਸੱਤ ਮੋਹਰਾਂ ਦੀਆਂ ਮਹਾਨ ਸਿੱਖਿਆਵਾਂ ਦਾ ਅਧਿਐਨ ਕਰੀਏ, ਉਸ ਤੋਂ ਪਹਿਲਾਂ ਅਸੀਂ ਇਸ ਵਿਸ਼ੇ ਉੱਤੇ ਧਿਆਨ ਦੇਈਏ ।ਕਿਉਂਕਿ ਜਿਸ ਢੰਗ ਨਾਲ ਉਹ ਸਾਦਗੀ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ, ਅਨੇਕਾਂ ਲੋਕ ਉਸਨੂੰ ਪਾਉਣ ਤੋਂ ਰਹਿ ਜਾਂਦੇ ਹਨ ।

114 ਹੁਣ ਦੇਖੋ ਕਿ ਮਨੁੱਖਾਂ ਦੀ ਆਪਣੀ ਹੀ ਵਿਚਾਰਧਾਰਾ ਹੁੰਦੀ ਹੈ ਕਿ ਪ੍ਰਮੇਸ਼ੁਰ ਨੂੰ ਕਿਸ ਤਰ੍ਹਾਂ ਦਾ ਹੋਣਾ ਚਹੀਦਾ ਹੈ ਅਤੇ ਕਿਸ ਤਰ੍ਹਾਂ ਉਸਨੂੰ ਕਰਨਾ ਚਾਹੀਦਾ ਹੈ । ਪਰ ਜਿਵੇਂ ਕਿ ਮੈਂ ਉਹ ਪੁਰਾਣਾ ਬਿਆਨ ਕਈ ਵਾਰ ਦਿੱਤਾ ਹੈ ਕਿ ਆਦਮੀ ਤਾਂ ਆਦਮੀ ਰਹਿੰਦਾ ਹੀ ਹੈ ।ਆਦਮੀ ਹਮੇਸ਼ਾਂ ਪ੍ਰਮੇਸ਼ੁਰ ਦੀ ਇਸ ਗੱਲ ਲਈ ਵਡਿਆਈ ਕਰਦਾ ਹੈ ਕਿ ਉਸਨੇ ਕੀ ਕੁਝ ਕੀਤਾ ਸੀ, ਅਤੇ ਉਸ ਵੱਲ ਧਿਆਨ ਲਗਾ ਰੱਖਦਾ ਹੈ ਜੋ ਉਹ ਭਵਿੱਖ ਵਿੱਚ ਕਰੇਗਾ; ਪ੍ਰੰਤੂ ਉਸ ਗੱਲ ਨੂੰ ਅਣਦੇਖਾ ਕਰ ਦਿੰਦਾ ਹੈ ਜੋ ਉਹ ਵਰਤਮਾਨ ਵਿੱਚ ਕਰ ਰਿਹਾ ਹੁੰਦਾ ਹੈ ।ਸਮਝੇ ? ਸਮਝੇ ? ਇਹੀ ਕਾਰਨ ਹੈ ਕਿ ਉਹ ਇਸ ਨੂੰ ਪਾਉਣ ਤੋਂ ਰਹਿ ਜਾਂਦੇ ਹਨ । ਉਹ ਪਿੱਛੇ ਨੂੰ ਦੇਖਦੇ ਹਨ, ਅਤੇ ਦੇਖਦੇ ਹਨ ਕਿ ਕੇਡੇ ਵੱਡੇ-ਵੱਡੇ ਕੰਮ ਉਸਨੇ ਕੀਤੇ ਸਨ ਪ੍ਰੰਤੂ ਉਹ ਇਸ ਸਧਾਰਨ ਤਰੀਕੇ ਨੂੰ ਦੇਖਣ ਵਿੱਚ ਫੇਲ ਹੋ ਜਾਂਦੇ ਹਨ ਜੋ ਪ੍ਰਮੇਸ਼ੁਰ ਨੇ ਉਸ ਕੰਮ ਨੂੰ ਕਰਨ ਲਈ ਅਪਨਾਇਆ ਸੀ ।ਦੇਖਿਆ ? ਅਤੇ ਫਿਰ ਉਹ ਅੱਗੇ ਦੀ ਵੱਲ ਦੇਖਦੇ ਹਨ ਅਤੇ ਉਹਨਾਂ ਮਹਾਨ ਘਟਨਾਵਾਂ ਦੇ ਘਟਣ ਦੀ ਉਡੀਕ ਕਰਦੇ ਹਨ ਜੋ ਕਿ ਘਟਣ ਵਾਲੀਆਂ ਹੁੰਦੀਆਂ ਹਨ, ਜਦ ਕਿ ਦਸਾਂ ਵਿੱਚੋਂ ਨੌਂ ਉਸ ਦੇ ਆਲੇ ਦੁਆਲੇ ਪਹਿਲਾਂ ਹੀ ਹੋ ਰਹੀਆਂ ਹੁੰਦੀਆਂ ਹਨ । ਅਤੇ ਇਹ ਇੰਨੀ ਸਾਦਗੀ ਵਿੱਚ ਹੁੰਦਾ ਹੈ ਕਿ ਉਹਨਾਂ ਨੂੰ ਇਸ ਦਾ ਪਤਾ ਹੀ ਨਹੀਂ ਲੱਗਦਾ ।ਸਮਝੇ ?

115 ਇੱਕ ਦਿਨ ਇੱਥੇ ਯੁਟੀਕਾ ਵਿਖੇ ਇੱਕ ਆਦਮੀ ਆਇਆ .... ਕੀ ਉਸਦੇ ਲੋਕਾਂ ਵਿੱਚੋਂ ਕੋਈ ਇੱਥੇ ਹੈ, ਮੈਂ ਇਹ ਗੱਲ ਇਸ ਲਈ ਨਹੀਂ ਕਹਿ ਰਿਹਾਂ ਕਿ ਮੈਂ ਉਸ ਵਿਅਕਤੀ ਨੂੰ ਬੇਪਰਦਾ ਕਰ ਰਿਹਾਂ ਹਾਂ । ਉਹ ਘਰੇਲੂ ਜੰਗ ਦਾ ਇੱਕ ਮੰਨਿਆਂ ਹੋਇਆ ਯੋਦਾ ਸੀ । ਅਤੇ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਉਹ ਸੀ ....ਮੈਂ ਨਹੀਂ ਜਾਣਦਾ ਕਿ ਉਹ ਕਿਸ ਪੱਖ ਦਾ ਸੀ, ਪ੍ਰੰਤੂ ਮੇਰਾ ਖਿਆਲ ਹੈ ਕਿ ਉਹ ਇੱਕ ਵਿਦਰੋਹੀ ਸੀ । ਪਰ ਉਹ ਇੱਕ ਨਾਸਤਕ ਮਨੁੱਖ ਸੀ , ਅਤੇ ਉਸਦਾ ਦਾਅਵਾ ਸੀ ਕਿ ਪ੍ਰਮੇਸ਼ੁਰ ਨਾ ਦੀ ਕੋਈ ਵੀ ਚੀਜ਼ ਨਹੀਂ ਹੈ । ਉਹ ਯੁਟੀਕਾ ਦਾ ਹੀ ਰਹਿਣ ਵਾਲਾ ਸੀ । ਉਹਦਾ ਨਾਮ ਜਿਮ ਦੋਰਸੇ ਸੀ । ਹੋ ਸਕਦਾ ਹੈ ਕਿ ਤੁਹਾਡੇ ਵਿੱਚੋਂ ਬਹੁਤ ਸਾਰੇ ਲੋਕ ਉਸਨੂੰ ਜਾਣਦੇ ਹੋਣ ।

116 ਜਦ ਮੈਂ ਇੱਕ ਛੋਟਾ ਜਿਹਾ ਬੱਚਾ ਸਾਂ, ਤਾਂ ਉਸਨੇ ਮੈਨੂੰ ਬਹੁਤ ਸਾਰੇ ਹਦਵਾਣੇ (ਤਰਬੂਜ) ਦਿੱਤੇ ਸਨ । ਉਹ ਨਦੀ ਦੇ ਕਿਨਾਰੇ ਹਦਵਾਣੇ ਬੀਜਿਆ ਕਰਦਾ ਸੀ । ਅਤੇ ਉਹ ਮੇਰੇ ਪਿਤਾ ਜੀ ਦਾ ਇੱਕ ਵਧੀਆ ਦੋਸਤ ਸੀ । ਪ੍ਰੰਤੂ ਮੇਰੇ ਪਿਤਾ ਜੀ ਨੇ ਦੱਸਿਆ ਕਿ ਇੱਕ ਦਿਨ ਉਸ ਆਦਮੀ ਨੇ ਇੱਕ ਬਹੁਤ ਹੀ ਖਾਸ ਗੱਲ ਆਖੀ ਜੋ ਉਸਦੇ ਵਿਸ਼ਵਾਸ ਜਾਂ ਧਾਰਨਾ ਦੇ ਬਿਲਕੁੱਲ ਉਲਹਟ ਸੀ, ਅਰ ਜੋ ਪਹਿਲਾਂ ਕਿਸੇ ਨੇ ਵੀ ਉਸਨੂੰ ( ਪਿਤਾ ਜੀ ਨੂੰ ) ਨਹੀਂ ਕਹੀ ਸੀ । ਮੈਂ ਉਨਾਂ ਦਿਨ੍ਹਾਂ ਵਿੱਚ ਹਾਲੇ ਨਿੱਕਾ ਜਿਹਾ ਬੱਚਾ ਹੀ ਸਾਂ । ਇਸ ਗੱਲ ਨੇ ਉਸਨੂੰ ਉੱਥੋਂ ਨਸਾ ਦਿੱਤਾ ਤੇ ਉਹ ਜਾ ਕੇ ਸਿਰ ਸੁੱਟ ਕੇ ਰੋਣ ਲੱਗਾ ਤੇ ਮੈਂ ਸਮਝ ਗਿਆ ਕਿ ਇਸ ਨਾਲ ਉਹ ਮਹਿਮਾਂ ਭਰਪੂਰ ਢੰਗ ਨਾਲ 85 ਸਾਲ ਦੀ ਉਮਰ ਵਿੱਚ ਮਸੀਹ ਲਈ ਬਦਲ ਗਿਆ ਸੀ।

117 ਇੱਕ ਦਿਨ ਉਸਨੇ ਇੱਕ ਛੋਟੀ ਲੜਕੀ ਨੂੰ ਜੋ ਕਿ ਸੰਡੇ ਸਕੂਲ ਤੋਂ ਆ ਰਹੀ ਸੀ ,ਪੁੱਛਿਆ ਕਿ ਕਿਉਂ ਉਹ ਆਪਣਾ ਸਮਾਂ ਇਸ ਤਰ੍ਹਾਂ ਦੀਆਂ ਗੱਲਾਂ ਵਿੱਚ ਬਰਬਾਦ ਕਰ ਰਹੀ ਹੈ ? ਉਸ ਕੁੜੀ ਨੇ ਉੱਤਰ ਦਿੱਤਾ , ਕਿਉਂਕਿ ਉਹ ਵਿਸ਼ਵਾਸ਼ ਕਰਦੀ ਹੈ ਕਿ ਪ੍ਰਮੇਸ਼ੁਰ ਹੈ।ਅਤੇ ਇਸ ਤੇ ਸ਼੍ਰੀ ਡੋਰਸੀ ਨੇ ਕਿਹਾ ਸੀ ," ਬੇਟੀ ਤੂੰ ਗਲਤੀ ਕਰ ਰਹੀਂ ਹੈਂ, ਜੋ ਇਸ ਤਰ੍ਹਾਂ ਦੀਆਂ ਗੱਲਾਂ ਤੇ ਵਿਸ਼ਵਾਸ਼ ਕਰਦੀ ਹੈਂ।"



ਗਿਆ ਸੀ।ਉੱਥੇ ਉੱਪਰ ਸਿਰਲੇਖ ਵਿੱਚ ਵੇਖੋ। ਜਿੱਥੇ ਇੱਕ ਨਬੀ ਉਸਦੇ ਬਾਰੇ ਵਿੱਚ, ਉਸਦੇ ਜਨਮ ਦੇ ਸੱਤ ਸੋ ਸਾਲ ਪਹਿਲਾਂ ਦੱਸ ਰਿਹਾ ਹੈ।

*ਦਿਲਾਸਾ ਦਿਓ, ਮੇਰੀ ਪਰਜਾ ਨੂੰ ਦਿਲਾਸਾ ਦਿਓ , ਤੁਹਾਡਾ ਪਰਮੇਸ਼ੁਰ ਆਖਦਾ ਹੈ।ਯਰੂਸ਼ਲਮ ਦੇ ਦਿਲ ਨਾਲ ਬੋਲੋ ਅਤੇ ਉਹ ਨੂੰ ਪੁਕਾਰ ਕੇ ਆਖੋ, ਭਈ ਉਹ ਦਾ ਯੁੱਧ ਪੂਰਾ ਹੋਇਆ।ਭਈ ਉਹ ਦੀ ਬਦੀ ਦਾ ਡੰਨ ਕਬੂਲ ਹੋਇਆ, ਭਈ ਉਹ ਯਹੋਵਾਹ ਦੇ ਹੱਥੋਂ ਆਪਣੇ ਸਾਰੇ ਪਾਪਾਂ ਦਾ ਦੁੱਗਣਾ ਡੰਨ ਪਾ ਚੁੱਕਿਆ।*

*ਇੱਕ ਅਵਾਜ਼ ....ਪੁਕਾਰਦੀ ਹੈ , ਉਜਾੜ ਵਿੱਚ ਯਹੋਵਾਹ ਦਾ ਰਾਹ ਤਿਆਰ ਕਰੋ, ਬਿਆਬਾਨ ਵਿੱਚ ਸਾਡੇ ਪ੍ਰਮੇਸ਼ੁਰ ਇੱਕ ਸ਼ਾਹ ਰਾਹ ਨੂੰ ਸਿੱਧਾ ਬਣਾਓ । ਹਰੇਕ ਦੂਣ ਉੱਚੀ ਕੀਤੀ ਜਾਵੇਗੀ, ਅਤੇ ਹਰੇਕ ਪਹਾੜ ਅਤੇ ਟਿੱਬਾ ਨੀਵਾਂ ਕੀਤਾ ਜਾਵੇਗਾ , ਖੁਰਦਲਾ ਪੱਧਰਾ ਅਤੇ ਬਿੱਖਰੇ ਥਾਂ ਮੈਦਾਨ ਹੋਣਗੇ।*

298 ਹੇ, ਮੇਰੇ ਪ੍ਰਭੁ।ਉਸਨੇ ਕਿਸ ਤਰ੍ਹਾਂ ਦਾ ਮਨੁੱਖ ਹੋਣਾ ਸੀ।ਸਮਝੇ? ਹੁਣ ਤੁਸੀਂ ਮੇਰੇ ਨਾਲ ਪੁਰਾਣੇ ਨੇਮ ਦੀ ਆਖਰੀ ਕਿਤਾਬ ..... ਮਲਾਕੀ ਕੱਢੋ .... ਇਹ ਪੁਰਾਣੇ ਨੇਮ ਦਾ ਆਖਰੀ ਨਬੀ ਹੈ। ਹੁਣ , ਤੁਸੀਂ ਇੱਥੇ ਇਸਦੇ ਬਾਰੇ ਵਿੱਚ ਮਲਾਕੀ ਵਿੱਚ ਸੁਣੋ। ਮਲਾਕੀ ਨੇ ਬਿਲਕੁੱਲ ਪੁਰਾਣੇ ਨਿਯਮ ਦੇ ਅੰਤ ਵਿੱਚ ਕਿਹਾ ਹੈ, ਕਸ ਲਈ ਤੁਸੀਂ ਇਸ ਨੂੰ ਬਿਲਕੁੱਲ ਵੀ ਨਹੀਂ ਭੁੱਲੋਗੇ।ਮਲਾਕੀ ਦਾ ਤੀਸਰਾ ਬਾਬ।

*ਵੇਖੋ, ਮੈਂ ਆਪਣੇ ਦੂਤ ਨੂੰ ਘੱਲਦਾਂ ਹਾਂ ਅਤੇ ਉਹ ਮੇਰੇ ਅੱਗੇ ਰਾਹ ਨੂੰ ਤਿਆਰ ਕਰੇਗਾ ਅਤੇ ਪ੍ਰਭੂ ਜਿਹਨੂੰ ਤੁਸੀਂ ਭਾਲਦੇ ਹੋ ਅਚਾਣਕ ਆਪਣੀ ਹੈਕਲ ਵਿੱਚ ਆ ਜਾਵੇਗਾ, ਹਾਂ ਨੇਮ ਦਾ ਦੂਤ ਜਿਸ ਤੋਂ ਤੁਸੀਂ ਖੁਸ਼ ਹੋ,-ਵੇਖੋ ਉਹ ਆਉਂਦਾ ਹੈ , ਸੈਨਾ ਦਾ ਯਹੋਵਾਹ ਆਖਦਾ ਹੈ।*

299 ਇੱਥੇ ਵੀ ਯੂਹੰਨਾ ਦੇ ਬਾਰੇ ਵਿੱਚ ਹੀ ਕਿਹਾ ਜਾ ਰਿਹਾ ਹੈ , " ਉਹ ਰਾਹ ਨੂੰ ਮੇਰੇ ਅੱਗੇ ਸੁਧਾਰੇਗਾ।" ਯਿਸੂ ਨੇ ਮੱਤੀ 11:10 ਵਿੱਚ ਇਹੋ ਹੀ ਕਿਹਾ ਸੀ :ਜੇ ਤੁਸੀਂ ਇਸਨੂੰ ਗ੍ਰਹਿਣ ਕਰ ਸੱਕਦੇ ਹੋ ਤਾਂ ਜਾਣ ਲਵੋ ਕਿ ਇਸੇ ਦੇ ਬਾਰੇ ਵਿੱਚ ਇੰਝ ਕਿਹਾ ਗਿਆ ਸੀ

*ਵੇਖੋ, ਮੈਂ ਅਪਣੇ ਦੂਤ ਨੂੰ ਆਪਣੇ ਅੱਗੇ ਘੱਲਦਾਂ ਹਾਂ ......*

300 ਵੇਖਿਆ? ਇਹ ਠੀਕ ਗੱਲ ਹੈ। ਹੁਣ ਦੇਖੋ, ਕਿ ਸੱਤ ਸੋ ਸਾਲ ਪਹਿਲਾਂ ਹੀ ਇਹ ਸਭ ਕਹਿ ਦਿੱਤਾ ਗਿਆ, ਕਿ ਮਸੀਹਾ ਦੇ ਆਉਣ ਤੋਂ ਪਹਿਲਾਂ ਇੱਕ ਅੱਗੇ ਚੱਲਣ ਵਾਲਾ ਦੂਤ ਆਏਗਾ।ਪ੍ਰੰਤੂ ਜਦ ਉਹ ਦੂਤ ਆਇਆ ਤਾਂ ਉਹ ਇੰਨੀ ਸਧਾਰਨਤਾ ਵਿੱਚ ਆਇਆ ਕਿ ਲੋਕ ਉਸਨੂੰ ਪਛਾਣਨ ਵਿੱਚ ਖੁੰਝ ਗਏ ਸਨ। ਉਹ ਉਸਨੂੰ ਪਹਿਚਾਨਣ ਵਿੱਚ ਫੇਲ ਹੋ ਗਏ ਸਨ।

301 ਯਾਦ ਕਰੋ , ਉਹ ਇੱਕ ਜਾਜਕ ਦਾ ਪੁੱਤਰ ਸੀ।ਚੰਗਾ, ਵੇਖੋ ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਉਸਨੇ ਅਪਣੇ ਪਿਤਾ ਦੇ ਕੰਮ ਨੂੰ ਨਹੀਂ ਅਪਨਾਇਆ ਅਤੇ ਨਾ ਹੀ ਕਿਸੇ ਸੈਮਨਰੀ ਵਿੱਚ ਗਿਆ।ਪਰ ਉਸਦਾ ਕੰਮ ਤਾਂ ਬਹੁਤ ਹੀ ਮਹੱਤਵਪੂਰਨ ਸੀ।ਜਦ ਉਹ ਨੌਂ ਸਾਲਾਂ ਦਾ ਹੋਇਆ ਤਾਂ ਉਹ ਜੰਗਲ ਵਿੱਚ ਚਲਾ ਗਿਆ। ਅਤੇ ਉਹ ਜੰਗਲ ਵਿੱਚੋਂ ਪ੍ਰਚਾਰ ਕਰਦਾ ਹੋਇਆ ਵਾਪਸ

ਉਸਨੇ ਆਪਣੀ ਮਾਂ ਨੂੰ ਕਿਹਾ ਸੀ, " ਕੀ ਤੂੰ ਨਹੀਂ ਜਾਣਦੀ ਕਿ ਮੈਨੂੰ ਅਪਣੇ ਪਿਤਾ ਦੇ ਕੰਮਾਂ ਵਿੱਚ ਲੱਗੇ ਰਹਿਣਾ ਜਰੂਰ ਹੈ?"

293 ਹੁਣ ਉਹਨਾਂ ਨੇ ਸੋਚਿਆ ਹੋਵੇਗਾ, "ਇਹ ਛੋਟਾ ਜਿਹਾ ਮੂਰਖ ਬੱਚਾ ....." ਅਤੇ ਕੁਛ ਵੀ ਹੋਵੇ ਕੋਈ ਵੀ ਬੱਚਾ ਜਿਹੜਾ ਅਵੈਦ ਢੰਗ ਨਾਲ ਜੰਮਿਆਂ ਹੋਵੇ ਉਸਦੀ ਕੋਈ ਨਾ ਕੋਈ ਆਦਤ ਵੱਖਰੀ ਹੁੰਦੀ ਹੈ। ਅਤੇ ਅਜਿਹਾ ਹੀ ਸੀ , ਪ੍ਰੰਤੂ ਪ੍ਰਮੇਸ਼ੁਰ ਆਪਣੇ ਅਪ ਨੂੰ ਲੁਕਾਇਆ ਹੋਇਆ ਸੀ।ਸੁਣੋ, ਪ੍ਰਮੇਸ਼ੁਰ ਨੇ ਆਪਣੇ ਆਪ ਨੂੰ ਉਸ ਵਿੱਚ ਛੁਪਾ ਰੱਖਿਆ ਸੀ, ਜਿਸਨੂੰ ਦੁਨੀਆਂ ਨੇ "ਗੰਦ, ਭ੍ਰਿਸ਼ਟ ਅਤੇ ਅਵੈਦ ਮੰਨਿਆ ਸੀ।"

294 ਵੇਖੋ , ਪ੍ਰਮੇਸ਼ੁਰ ਜੀਵਨ ਲਿਆਉਣ ਲਈ ਆਪਣੇ ਆਪ ਨੂੰ ਮਰੇ ਹੋਏ ਬੀਜ਼ ਦੀ ਸੜਾਂਧ ਵਿੱਚ ਲੁਕਾਉਂਦਾ ਹੈ।ਵੇਖਿਆ? ਕੀ ਤੁਸੀਂ ਇਸਨੂੰ ਸਮਝ ਗਏ ਹੋ? [ ਸੰਗਤ ਆਖਦੀ ਹੈ, "ਅਮੀਨ।"]

295 ਪ੍ਰਮੇਸ਼ੁਰ ਤਾਂ ਆਪਣੇ ਆਪ ਨੂੰ ਇੱਕ ਮਮੂਲੀ ਜਿਹੀ ਭਾਂਡੇ ਧੋਣ ਵਾਲੀ ਜਾਂ ਕੱਪੜੇ ਧੋਣ ਵਾਲੀ ਅੰਦਰ ਲੁਕਾ ਲੈਂਦਾ ਹੈ।ਜਾਂ ਅਜਿਹੇ ਸਧਾਰਨ ਬੰਦੇ ਅੰਦਰ ਲੁਕਾ ਲੈਂਦਾ ਹੈ ਜਿਹੜਾ ਕਿ ਪੋਣੇ ਵਿੱਚ ਰੋਟੀ ਬੰਨ ਕੇ ਆਪਣੇ ਕੰਮ ਤੇ ਨਾਲ ਲੈ ਜਾਣ ਲਈ ਤਿਆਰ ਕਰਦਾ ਅਤੇ ਆਪਣੇ ਪਤਨੀ ਤੇ ਬੱਚਿਆਂ ਪਿਆਰ ਦੁਆ-ਸਲਾਮ ਕਹਿ ਕੇ ਘਰੋਂ ਚਲਾ ਜਾਂਦਾ ਅਤੇ ਹੋ ਸਕਦਾ ਹੈ ,ਪ੍ਰਮੇਸ਼ੁਰ ਅਜਿਹੇ ਆਦਮੀ ਵਿੱਚ ਕੁਝ ਅਜਿਹੇ ਕੰਮ ਕਰਨ ਲਈ ਛੁਪਾ ਲਵੇ ਜਿਸਦੇ ਬਾਰੇ ਵਿੱਚ ਆਰਕ ਬਿਸ਼ਪ ਕੁਝ ਨਾ ਜਾਣਦਾ ਹੋਵੇ।ਸਮਝੇ?ਉਹ ਤਾਂ ਬਿਨਾਂ ਤੁਰ੍ਹੀ ਬਜਾਏ ਅਜਿਹੇ ਮਨੁੱਖ ਨੂੰ ਸੇਵਕਾਈ ਲਈ ਭੇਜ ਦਿੰਦਾ ਹੈ। ਖੁਦਾ ਦੀ ਮਹਿਮਾਂ ਇਸੇ ਨਾਲ ਹੋ ਜਾਂਦੀ ਹੈ-ਬੱਸ ਇੰਨਾ ਕਾਫੀ ਹੈ।ਸਧਾਰਨ ਲੋਕ ਇਸਨੂੰ ਸੁਣਦੇ ਹਨ ਅਤੇ ਖੁਸ਼ ਹੁੰਦੇ ਹਨ।ਵੇਖਿਆ।

296 ਹੁਣ , ਪ੍ਰਮੇਸ਼ੁਰ ਆਪਣੇ ਆਪ ਨੂੰ ਉਸ ਬੱਚੇ ਦੀ ਸਰਲਤਾ ਵਿੱਚ ਲੁਕਾਏ ਹੋਏ ਸੀ,ਉਸ ਸਧਾਰਨ ਪਰਿਵਾਰ ਦੀ ਸਧਾਰਨਤਾ ਵਿੱਚ ਆਪਣੇ ਆਪ ਨੂੰ ਲੁਕਾਏ ਬੈਠਾ ਸੀ।ਉਹਨਾਂ ਦਿਨਾਂ ਦੇ ਧਰਮ ਗਿਆਨੀ, ਵੱਡੇ-ਵੱਡੇ ਮਹਾਨ ਵਿਅਕਤੀ, ਬੁੱਧੀਜੀਵੀ ਹੈਰੋਦੀਸ ਅਤੇ ਨੀਰੋ ਅਤੇ ਸਾਰੇ ਲੋਕ ਪ੍ਰਮੇਸ਼ੁਰ ਨੂੰ ਪਛਾਣਨ ਵਿੱਚ ਖੁੰਝ ਗਏ ਸਨ।ਪ੍ਰਮੇਸ਼ੁਰ ਆਪਣੇ ਆਪ ਨੂੰ ਸਾਦਗੀ ਅੰਦਰ ਲੁਕਾਈ ਬੈਠਾ ਹੈ, ਇਸ ਗੱਲ ਤੋਂ ਸਭ ਖੁੰਝ ਗਏ।

297 ਹੁਣ ਜਲਦੀ ਨਾਲ, ਯਹੂੰਨਾ ਬਪਤਿਸਮਾ ਦੇਣ ਵਾਲੇ ਬਾਰੇ ਯਸਾਯਾਹ 40 ਵਿੱਵ ਦੱਸਿਆ ਗਿਆ ਹੈ।ਜੇ ਤੁਸੀਂ ਚਾਹੁੰਦੇ ਹੋ ਤਾਂ ਅਸੀਂ ਇਸਨੂੰ ਵੇਖ ਸਕਦੇ ਹਾਂ। ਮਲਾਕੀ 3 ਵਿੱਚ ਵੀ ਉਸਦੇ ਬਾਰੇ ਵਿੱਚ ਕਿਹਾ ਗਿਆ ਹੈ। ਠੀਕ ਹੈ, ਜੇ ਤੁਸੀਂ ਚਾਹੁੰਦੇ ਹੋ ਤਾਂ ਤੁਸੀਂ ਇਹਨਾਂ ਸਭਨਾਂ 'ਤੇ ਨਿਸ਼ਾਨ ਲਗਾ ਲਵੋ।ਤੁਸੀਂ ਸਭ ਜਾਣਦੇ ਹੋ ਕਿ ਯਸਾਯਾਹ 40 ਵਿੱਚ ਕਿਹਾ ਗਿਆ ਹੈ ਕਿ ਸਭਨਾਂ ਉੱਤੇ ਸ਼ਾਂਤੀਂ.... ਜਿਵੇਂ ਕਿ ਇਸ ਵਿੱਚ ਦੱਸਿਆ ਗਿਆ ਹੈ। ਚੰਗਾ ਤਾਂ ਇਹੋ ਹੋਵੇਗਾ, ਮੈਂ ਇਸਨੂੰ ਇੱਥੇ ਹੀ ਪੜ੍ਹਾਂ । ਕੀ ਤੁਹਾਡੇ ਕੋਲ ਇੰਨਾ ਸਮਾਂ ਹੋਵੇਗਾ? [ਸੰਗਤ ਆਖਦੀ ਹੈ,"ਅਮੀਨ।"] ਆਓ ਅਸੀਂ ਇਸਨੂੰ ਕੁਝ ਮਿੰਟਾਂ ਲਈ ਪੜ੍ਹਦੇ ਹਾਂ । ਅਸੀਂ ਇੱਥੇ ਯਸਾਯਾਹ ਦੀ ਕਿਤਾਬ ਦਾ 40 ਵਾਂ ਬਾਬ ਕੱਢਾਂਗੇ ਅਤੇ ਉਸਨੂੰ ਇੱਥੇ ਪੜ੍ਹਾਂਗੇ ਅਤੇ ਵੇਖਾਂਗੇ ਕਿ ਉਹ ਇਸਦੇ ਬਾਰੇ ਵਿੱਚ ਕੀ ਕਹਿੰਦਾ ਹੈ ।ਇੱਧਰ ਵੇਖੋ , "ਮੇਰੀ ਪਰਜਾ ਨੂੰ ਦਿਲਾਸਾ ਦਿਓ, ਦਿਲਾਸਾ ਦਿਓ।"ਹੁਣ ਯਾਦ ਰਹੇ , ਕਿ ਇਹ ਸੱਤ ਸੋ ਸਾਲ ਪਹਿਲਾਂ ਕਿਹਾ



118 ਅਤੇ ਉਸਨੇ ਦੱਸਿਆ ਕਿ ਉਹ ਛੋਟੀ ਕੁੜੀ ਥੱਲੇ ਝੁਕੀ ਤੇ ਧਰਤੀ ਤੋਂ ਇੱਕ ਛੋਟਾ ਜਿਹਾ ਫੁੱਲ ਤੋੜਿਆ , ਅਰ ਉਸਦੀ ਇੱਕ ਪੱਤੀ ਖਿੱਚ ਕੇ ਬੋਲੀ, " ਸ਼੍ਰੀਮਾਨ ਡੋਰਸੀ ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਇਹ ਕਿਵੇਂ ਜੀਉਂਦਾ ਰਹਿੰਦਾ ਹੈ ?"

119 ਗੱਲ ਬਹੁਤ ਟਿਕਾਣੇ ਦੀ ਸੀ ।ਜਦ ਉਸਨੇ ਉਸ ਬੱਚੀ ਨੂੰ ਉੱਤਰ ਦੇਣਾ ਅਰੰਭ ਕੀਤਾ ਤਾਂ ਉਹ ਉਸ ਬੱਚੀ ਨੂੰ ਸਿਰਫ ਇੰਨਾ ਹੀ ਕਹਿ ਸਕਿਆ, " ਚੰਗਾ , ਇਹ ਧਰਤੀ ਵਿੱਚ ਉੱਗਦਾ ਹੈ ", ਅਤੇ ਇਸਤੋਂ ਬਾਦ ਇੱਕ ਹੋਰ ਪ੍ਰਸ਼ਨ ਉੱਠਦਾ ਹੈ ਕਿ "ਧਰਤੀ ਕਿੱਥੋਂ ਆਈ ? ਉਹ ਬੀਜ ਕਿੱਥੋਂ ਆਇਆ ? ਉਹ ਕਿਸ ਤਰ੍ਹਾਂ ਉੱਗਿਆ ?" ਅਤੇ ਇਸ ਤਰ੍ਹਾਂ ਉਹ ਲੜਕੀ ਪ੍ਰਸ਼ਨ ਤੇ ਪ੍ਰਸ਼ਨ ਕਰਦੀ ਚਲੀ ਗਈ ਜਦ ਤੱਕ ਕਿ ਉਸਨੇ ਇਹ ਨਹੀਂ ਮੰਨ ਲਿਆ ਕਿ ਪਰਮੇਸ਼ੁਰ ਹੈ । ਦੇਖਿਆ ?

120 ਜਿਵੇਂ ਕਿ ਅਸੀਂ ਸੋਚਦੇ ਹਾਂ , ਪ੍ਰਮੇਸ਼ੁਰ ਵੱਡੀਆਂ-ਵੱਡੀਆਂ ਗੱਲਾਂ ਵਿੱਚ ਨਹੀਂ ਹੁੰਦਾ ਹੈ ਬਲਕਿ ਉਹ ਤਾਂ ਸਧਾਰਨ ਚੀਜ਼ਾਂ ਹਨ ਜਿਨ੍ਹਾਂ ਵਿੱਚ ਪ੍ਰਮੇਸ਼ੁਰ ਦਾ ਅਸਲੀ ਰੂਪ ਪਰਗਟ ਹੁੰਦਾ ਹੈ। ਪ੍ਰਮੇਸ਼ੁਰ ਤਾਂ ਕੇਵਲ ਸਾਦਗੀ ਵਿੱਚ ਪ੍ਰਗਟ ਹੁੰਦਾ ਹੈ । ਸੋ ਪਰਮੇਸ਼ੁਰ ਨੂੰ ਇਹ ਹੀ ਚੰਗਾ ਲਗਦਾ ਹੈ ਕਿ ਉਹ ਆਪਣੇ ਆਪ ਨੂੰ ਛੋਟੀਆਂ-ਛੋਟੀਆਂ ਸਧਾਰਨ ਜਿਹੀਆਂ ਚੀਜਾਂ ਵਿੱਚ ਪਰਗਟ ਕਰੇ - ਉਹਨਾਂ ਵਿੱਚ ਹੀ ਉਹ ਖੁਦ ਨੂੰ ਛੁਪਾ ਲਵੇ ਅਤੇ ਫਿਰ ਉਸੇ ਸਰਲਤਾ ਵਿੱਚ ਪ੍ਰਗਟ ਹੋਵੇ। ਅਤੇ ਇਹ ਗੱਲ ਮਨੁੱਖ ਦੇ ਸਿਰ ਉੱਤੋਂ ਦੀ ਲੰਘ ਜਾਂਦੀ ਹੈ ।

ਕਿਉਂਕਿ ਜੇ ਤੁਸੀਂ ਪੁੱਛੋਗੇ ਕਿ, " ਇੱਕ ਧਰਮੀ ਪ੍ਰਮੇਸ਼ੁਰ ਇਸ ਤਰ੍ਹਾਂ ਕਿਵੇਂ ਕਰ ਸਕਦਾ ਹੈ?"

121 ਅਜਿਹਾ ਇਸ ਲਈ ਹੈ ਕਿ ਸ਼ੁਰੂ ਵਿੱਚ ਮਨੁੱਖ ਨੂੰ ਇਸ ਤਰ੍ਹਾਂ ਦਾ ਬਣਾਇਆ ਗਿਆ ਸੀ ਕਿ ਉਹ ਉਸ ਗੱਲ ਤੋਂ ਹਟਣ ਦੀ ਕੋਸ਼ਿਸ਼ ਨਾ ਕਰੇ ਅਰ ਉਸ ਨੂੰ ਪੂਰੀ ਤਰ੍ਹਾਂ ਪਰਮੇਸ਼ੁਰ ਤੇ ਵਿਸ਼ਵਾਸ਼ ਕਰਨਾ ਹੈ । ਮਨੁੱਖ ਨੂੰ ਇਸੇ ਤਰ੍ਹਾਂ ਦਾ ਹੀ ਬਣਾਇਆ ਗਿਆ ਸੀ ਕਿ ਉਹ ਪੂਰੀ ਤਰ੍ਹਾਂ ਪ੍ਰਮੇਸ਼ੁਰ ਤੇ ਨਿਰਭਰ ਰਹੇ । ਇਹ ਹੀ ਕਾਰਨ ਹੀ ਕਿ ਅਸੀਂ ਭੇਡਾਂ ਜਾਂ ਮੇਮਨਿਆਂ ਵਾਂਗੂੰ ਦਰਸਾਏ ਗਏ ਹਾਂ । ਇੱਕ ਭੇਡ ਆਪਣੀ ਅਗੁਵਾਈ ਆਪ ਨਹੀਂ ਕਰ ਸਕਦੀ ਹੈ, ਉਸ ਨੂੰ ਤਾਂ ਇੱਕ ਰਾਹ ਵਿਖਾਉਣ ਵਾਲੇ ਦੀ ਲੋੜ ਹੁੰਦੀ ਹੈ ।ਅਤੇ ਸਾਨੂੰ ਚਾਹੀਦਾ ਹੈ ਕਿ ਪਵਿੱਤਰ ਆਤਮਾ ਸਾਡਾ ਰਾਹਗੀਰ ਹੋਵੇ ।ਸੋ ਮਨੁੱਖ ਨੂੰ ਇਸੇ ਤਰ੍ਹਾਂ ਦਾ ਹੀ ਬਣਾਇਆ ਗਿਆ ਸੀ ।

122 ਅਤੇ ਪ੍ਰਮੇਸ਼ੁਰ ਨੇ ਆਪਣੇ ਸਾਰੇ ਕੰਮਾਂ ਨੂੰ ਇੰਨੀ ਸਧਾਰਨਤਾ ਵਿੱਚ ਕੀਤਾ ਹੈ ਕਿ ਇੱਕ ਸਧਾਰਨ ਮਨੁੱਖ ਹੀ ਇਸਨੂੰ ਸਮਝ ਸਕਦਾ ਹੈ ਅਤੇ ਖੁਦਾ ਆਪਣੇ ਆਪ ਨੂੰ ਇੰਨਾ ਸਧਾਰਨ ਅਤੇ ਸਾਦਾ ਬਣਾਉਂਦਾ ਹੈ ਤਾਂ ਕਿ ਸਧਾਰਨ ਲੋਕ ਉਸ ਨੂੰ ਪਛਾਣ ਲੈਣ। ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਸ਼ਾਇਦ ਉਸਨੇ ਯਸਾਯਾਹ 35 ਵਿੱਚ ਕਿਹਾ ਹੈ," ਰਾਹੀ ਭਾਵੇਂ ਮੂਰਖ ਹੋਣ ਕੁਰਾਹੇ ਨਾ ਪੈਣਗੇ ।" ਇਹ ਇੰਨਾ ਸਧਾਰਨ ਹੁੰਦਾ ਹੈ ।

123 ਅਤੇ ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਏਨਾ ਮਹਾਨ ਹੈ ਕਿ ਅਸੀਂ ਉਮੀਦ ਕਰਦੇ ਹਾਂ ਕਿ ਉਹ ਮਹਾਨ ਗੱਲਾਂ ਵਿੱਚ ਹੋਵੇਗਾ ਅਤੇ ਅਸੀਂ ਸਧਾਰਨ ਚੀਜਾਂ ਨੂੰ ਛੱਡ ਜਾਂਦੇ ਹਾਂ । ਅਸੀਂ ਉਸ ਸਧਾਰਨਤਾ ਤੋਂ ਠੋਕਰ ਖਾ ਜਾਂਦੇ ਹਾਂ । ਇਹ ਹੀ ਕਾਰਨ ਹੈ ਕਿ ਅਸੀਂ ਪ੍ਰਮੇਸ਼ੁਰ ਨੂੰ ਪਾਉਣ ਤੋਂ ਰਹਿ

ਜਾਂਦੇ ਹਾਂ ਕਿਉਂਕਿ ਅਸੀਂ ਉਸਦੀ ਸਧਾਰਨਤਾ ਤੋਂ ਠੋਕਰ ਖਾ ਜਾਂਦੇ ਹਾਂ । ਪ੍ਰਮੇਸ਼ੁਰ ਏਨੀ ਸਧਾਰਨਤਾ ਵਿੱਚ ਹੁੰਦਾ ਹੈ ਕਿ ਸਭ ਦਿਨਾਂ ਦੇ ਅਤੇ ਇਨ੍ਹਾਂ ਦਿਨਾਂ ਦੇ ਵਿਦਵਾਨ ਉਸਨੂੰ ਪਛਾਣਨ ਵਿੱਚ ਲੱਖਾਂ ਮੀਲ ਦੂਰ ਰਹਿ ਜਾਂਦੇ ਹਨ ।ਕਿਉਂਕਿ ਉਹਨਾਂ ਦੀ ਚਤੁਰ ਵਿੱਦਿਆ ਦੀ ਵਿਚਾਰਧਾਰਾ ਵਿੱਚ ਉਹ ਇੰਨਾ ਮਹਾਨ ਹੁੰਦਾ ਕਿ ਉਹ ਸੋਚਦੇ ਹਨ ਕਿ ਉਹ ਏਨੀ ਸਧਾਰਨਤਾ ਵਿੱਚ ਹੋ ਹੀ ਨਹੀਂ ਸਕਦਾ; ਪ੍ਰੰਤੂ ਆਪਣੇ ਪ੍ਰਕਾਸ਼ ਵਿੱਚ ਉਹ ਆਪਣੇ ਆਪ ਨੂੰ ਇੰਨਾ ਸਧਾਰਨ ਬਣਾਉਂਦਾ ਹੈ ਕਿ ਇਹ ਸਧਾਰਨਤਾ ਉਹਨਾਂ ਦੇ ਸਿਰਾਂ ਦੇ ਉਪਰ ਦੀ ਲੰਘ ਜਾਂਦੀ ਹੈ ਅਤੇ ਉਹ ਉਸ ਨੂੰ ਪਛਾਣਨ ਵਿੱਚ ਫੇਲ ਹੋ ਜਾਂਦੇ ਹਨ ।

124 ਹੁਣ ਇਸ ਦਾ ਅਧਿਐਨ ਕਰੋ । ਇਸਦਾ ਪੂਰਾ ਅਧਿਐਨ ਕਰੋ । ਤੁਸੀਂ ਜਿਹੜੇ ਇੱਥੇ ਸੰਗਤ ਕਰਨ ਵਾਸਤੇ ਆਏ ਹੋ ਜਦ ਤੁਸੀਂ ਆਪਣੇ ਹੋਟਲਾਂ ਦੇ ਕਮਰੇ ਵਿੱਚ ਜਾਓ ਤਾਂ ਇਹਨਾਂ ਗੱਲਾਂ ਨੂੰ ਚੇਤੇ ਕਰਕੇ ਇਹਨਾਂ ਉੱਤੇ ਧਿਆਨ ਦਿਓ । ਸਾਡੇ ਕੋਲ ਇੰਨਾ ਸਮਾਂ ਨਹੀਂ ਹੈ ਕਿ ਇਸਨੂੰ ਜਿੰਨੇ ਵਿਸਥਾਰ ਵਿੱਚ ਸਮਝਾਉਣਾ ਚਾਹੀਦਾ ਹੈ, ਸਮਝਾਈਏ । ਪ੍ਰੰਤੂ ਮੈਂ ਤੁਹਾਡੇ ਕੋਲੋਂ ਇਹ ਚਾਹੁੰਦਾ ਹਾਂ ਕਿ ਜਦ ਤੁਸੀਂ ਹੋਟਲ ਜਾਂ ਮੋਟਲ ਵਿੱਚ ਜਾਂ ਜਿੱਥੇ ਵੀ ਤੁਸੀ ਠਹਿਰੇ ਹੋ ਜਾਓ ਤਾਂ ਤੁਸੀਂ ਇਸ ਉੱਤੇ ਧਿਆਨ ਕਰੋ ।ਇਹਨਾਂ ਗੱਲਾਂ ਨੂੰ ਇੱਕਠੀਆਂ ਕਰ ਲਓ ਅਤੇ ਫਿਰ ਇਹਨਾਂ ਤੇ ਧਿਆਨ ਕਰੋ ।

125 ਜਿਸ ਢੰਗ ਨਾਲ ਪ੍ਰਮੇਸ਼ੁਰ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਲੋਕ ਉਸ ਢੰਗ ਦੇ ਕਾਰਨ ਉਸ ਨੂੰ ਪਾਉਣ ਤੋਂ ਰਹਿ ਜਾਂਦੇ ਹਨ, ਕਿਉਂ ਜੋ ਉਹ ਏਡਾ ਮਹਾਨ ਹੈ ਅਰ ਫਿਰ ਵੀ ਆਪਣੇ ਆਪ ਨੂੰ ਸਾਦਗੀ ਵਿੱਚ ਲੁਕਾਉਂਦਾ ਹੈ ਤਾਂ ਕਿ ਆਪਣੇ ਆਪ ਨੂੰ ਸਾਦੇ ਲੋਕਾਂ ਤੇ ਪ੍ਰਗਟ ਕਰ ਸਕੇ । ਸਮਝੇ? ਕਦੇ ਵੀ ਉਸਨੂੰ ਮਹਾਨਤਾ ਵਿੱਚੋਂ ਲੱਭਣ ਦਾ ਯਤਨ ਨਾ ਕਰੋ, ਕਿਉਂਕਿ ਉਹ ਉਸਦੇ ਉੱਪਰ ਦੀ ਗੁਜਰ ਜਾਂਦਾ ਹੈ । ਪਰ ਖੁਦਾ ਦੀ ਸਾਦਗੀ ਵੱਲ ਕੰਨ ਲਗਾਓ ਤਦ ਤੁਸੀਂ ਪ੍ਰਮੇਸ਼ੁਰ ਨੂੰ ਸਾਦਗੀ ਵਿੱਚ ਲੱਭ ਸਕੋਗੇ ।

126 ਸੰਸਾਰਕ ਬੁੱਧੀ, ਉੱਚ ਵਿੱਦਿਆ ਵਾਲਾ ਮਨੁੱਖ ਹਮੇਸ਼ਾਂ ਹੀ ਉਸਨੂੰ ਪਛਾਣਨ ਵਿੱਚ ਖੁੰਝ ਜਾਂਦਾ ਹੈ । ਹੁਣ ਮੈਂ ਇੱਥੇ .... ਅਤੇ ਮੈਂ ਜਾਣਦਾ ਹਾਂ ਕਿ ਇਸ ਥਾਂ ਤੇ ਦੋਜਾਂ ਤਿੰਨ ਸਕੂਲ ਅਧਿਆਪਕ ਵੀ ਬੈਠੇ ਹਨ । ਅਤੇ ਹੁਣ ਮੈਂ ਇੱਥੇ ਸਕੂਲਾਂ ਦੀ ਵਿਰੋਧਤਾ ਕਰਨ ਅਤੇ ਅਨਪੜ੍ਹਤਾ ਦਾ ਪੱਖ ਲੈਣ ਵਾਸਤੇ ਨਹੀਂ ਖੜ੍ਹਾ ਹੋਇਆਂ ਹਾਂ । ਮੈਂ ਇੱਥੇ ਇਸ ਲਈ ਨਹੀਂ ਹਾਂ । ਪ੍ਰੰਤੂ ਲੋਕ, ਇੱਥੋਂ ਤੱਕ ਕਿ ਧਾਰਮਿਕ ਸੈਮਨਰੀਆਂ ਵਿੱਚ ਵੀ, ਲੋਕ ਪੜ੍ਹਾਈ ਅਤੇ ਗਿਆਨ ਦੇ ਪਿੱਛੇ ਏਨਾ ਜਿਆਦਾ ਪਏ ਹੋਏ ਹਨ ਕਿ ਉਹ ਉਸ ਚੀਜ਼ ਨੂੰ ਪਹਿਚਾਨਣ ਵਿੱਚ ਖੁੰਝ ਗਏ ਹਨ ਜਿਹੜੀ ਪ੍ਰਮੇਸ਼ੁਰ ਨੇ ਉਹਨਾਂ ਦੇ ਬਿਲਕੁੱਲ ਸਾਹਮਣੇ ਰੱਖੀ ਹੋਈ ਹੈ ।

127 ਇਹੀ ਕਾਰਨ ਹੈ ਕਿ ਮੈਂ ਉਹਨਾਂ ਭਰਾਵਾਂ ਦੇ ਵਿਰੁੱਧ ਨਹੀਂ ਹਾਂ ਜੋ ਜੱਥੇਬੰਦੀਆਂ ਵਿੱਚ ਹਨ ਪ੍ਰੰਤੂ ਮੈਂ ਜਥੇਬੰਦੀਆਂ ਦੇ ਪ੍ਰਬੰਧ ਜਾਂ ਸਿਸਟਮ ਦੇ ਵਿਰੁੱਧ ਹਾਂ । ਕਿਉਂਕਿ ਉਹਨਾਂ ਦੀਆਂ ਮਿਸ਼ਨਾਂ ਦਾ ਪ੍ਰਬੰਧ ਆਪਣੇ ਆਪ ਨੂੰ ਹੀ ਉੱਚਾ ਕਰ ਰਿਹਾ ਹੈ , ਅਤੇ ਆਪਣੇ ਸੇਵਾਦਾਰਾਂ ਨੂੰ ਇਸ ਢੰਗ ਨਾਲ ਵਿਸ਼ੇਸ਼ ਤਰ੍ਹਾਂ ਦੀ ਪੜ੍ਹਾਈ ਕਰਾਉਂਦੀਆਂ ਹਨ ਅਤੇ ਜੇ ਉਨ੍ਹਾਂ ਨੂੰ ਉੱਥੇ ਦਿੱਤੀ ਜਾਣ ਵਾਲੀ ਸਿੱਖਿਆ ਪ੍ਰਾਪਤ ਨਾ ਹੋਵੇ ਤਾਂ ਉਹਨਾਂ ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ । ਉਹਨਾਂ ਲੋਕਾਂ ਨੂੰ ਮਨੋਵਿਗਿਆਨਕ ਢੰਗ ਨਾਲ ਸਿੱਖਿਆ ਅਤੇ ਪ੍ਰੀਖਿਆਂਵਾ ਵੀ ਪਾਸ ਕਰਨੀਆਂ ਪੈਂਦੀਆਂ ਹਨ । ਮੈਂ ਕਦੇ ਸੋਚ ਵੀ ਨਹੀਂ



284 ਜਦ ਉਹ ਗਲੀ ਵਿੱਚ ਬਾਹਰ ਨਿੱਕਲਦਾ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਾਂ-ਬਾਪ ਆਪਣੇ ਬੱਚਿਆਂ ਨੂੰ ਕਹਿੰਦੇ ਹੋਣਗੇ, " ਉਸ ਬੱਚੇ ਦੇ ਨਾਲ ਨਹੀਂ ਖੇਡਣਾ।ਉਸਦੇ ਨਾਲ ਕਿਸੇ ਤਰ੍ਹਾਂ ਦਾ ਵੀ ਕੋਈ ਸਬੰਧ ਨਾ ਰੱਖਣਾ।ਉਸ ਦੀ ਮਾਂ ਕੁਛ ਨਹੀਂ ਬਲਕਿ ਇੱਕ ਆਮ ਕੰਜਰੀ ਵਰਗੀ ਹੈ। ਵੇਖਿਆ ? ਅਤੇ ਉਹ ਮੁੰਡਾ ਆਪਣੇ ਮਾਤਾ ਅਤੇ ਪਿਤਾ ਦੇ ਵਿਆਹ ਤੋਂ ਪਹਿਲਾਂ ਹੀ ਪੈਦਾ ਹੋ ਗਿਆ ਸੀ, ਉਸਦੀ ਮਾਂ ਵਿਆਹ ਤੋਂ ਪਹਿਲਾਂ ਹੀ ਮਾਂ ਬਣ ਗਈ ਸੀ।ਤੁਸੀਂ ਉਸਦੇ ਨਾਲ ਕੋਈ ਵੀ ਸਬੰਧ ਨਾ ਰੱਖਣਾ।"

285 ਮਰਿਯਮ ਨੇ ਕੀ ਸੋਚਿਆ ਸੀ। ਪ੍ਰੰਤੂ ਮਰਿਯਮ ਨੂੰ ਇਸ ਨਾਲ ਕੋਈ ਮਤਲਬ ਨਹੀਂ ਸੀ ਕਿ ਬਾਹਰ ਲੋਕ ਕੀ ਸੋਚਦੇ ਹਨ, ਉਹ ਤਾਂ ਅਪਣੇ ਦਿਲ ਵਿੱਚ ਇਹਨਾਂ ਸਭ ਗੱਲਾਂ ਦਾ ਵਿਚਾਰ ਕਰਦੀ ਸੀ।ਉਹਨਾਂ ਨੇ ਇਹਨਾਂ ਗੱਲਾਂ ਨੂੰ ਆਪਣੇ ਦਿਲ ਵਿੱਚ ਛੁਪਾਈ ਰੱਖਿਆ ਸੀ। ਉਹ ਜਾਣਦੇ ਸਨ ਕਿ ਉਹ ਇਸਦੇ ਵਿਰੋਧ ਵਿੱਚ ਕੁਝ ਵੀ ਬੁਰਾ ਨਹੀਂ ਕਹਿ ਸੱਕਦੇ ਸਨ।

286 ਕਈ ਵਾਰ ਪ੍ਰਮੇਸ਼ੁਰ ਆਪਣੇ ਆਦਮੀ ਨਾਲ ਗੱਲ ਕਰਦਾ ਹੈ , ਅਤੇ ਕਹਿੰਦਾ ਹੈ, " ਇਸਦੇ ਬਾਰੇ ਵਿੱਚ ਕੁਝ ਨਾ ਕਹਿਣਾ।"

287 ਮੈਂ ਆਪਣੀਆਂ ਸਭਾਵਾਂ ਵਿੱਚ ਲੋਕਾਂ ਨੂੰ ਕਹਿੰਦੇ ਹੋਏ ਸੁਣਿਆ ਹੈ, " ਅੱਛਾ, ਜੇ ਤੂੰ ਮਸੀਹ ਦਾ ਸੇਵਕ ਹੈਂ ਤਾਂ ਤੂੰ ਜਾਣਦਾ ਹੋਵੇਂਗਾ ਕਿ ਉੱਥੇ ਕੀ ਹੋਣ ਵਾਲਾ ਹੈ।"

288 ਸੱਚ ਮੁੱਚ ਮੈਨੂੰ ਪਤਾ ਹੈ ਕਿ ਉੱਥੇ ਕੀ ਹੋਣ ਵਾਲਾ ਹੈ, ਪ੍ਰੰਤੂ ਫਿਰ ਤੁਸੀਂ ਕੀ ਕਰੋਗੇ ਜਦ ਉਹ ਕਹਿੰਦਾ ਹੈ "ਸ਼ਾਂਤ ਰਹੋ।ਇਸਦੇ ਬਾਰੇ ਵਿੱਚ ਕੁਝ ਨਾ ਕਹਿਣਾ।"

289 ਮੈਂ ਕਿਸੇ ਦੂਜੇ ਦਿਨ ਕੁਝ ਵਿਅਕਤੀਆਂ ਨੂੰ ਆਪਣੇ ਨਾਲ ਲਿਆ ਅਤੇ ਉਹਨਾਂ ਨੂੰ ਕਿਤਾਬ ਵਿੱਚ ਕੁਝ ਲਿਖਿਆ ਹੋਇਆ ਦਿਖਾਇਆ। ਅਤੇ ਮੈਂ ਉਹਨਾਂ ਨੂੰ ਕਿਹਾ, " ਮੈਂ ਕੁਝ ਸਾਲ ਪਹਿਲਾਂ ਕੁਝ ਕਿਹਾ ਸੀ।"

ਉਹਨਾਂ ਨੇ ਕਿਹਾ, "ਠੀਕ ਹੈ ਅਸੀਂ ਇਸਨੂੰ ਨਹੀਂ ਸਮਝ ਸਕੇ ਸਾਂ।"

290 ਮੈਂ ਉਹਨਾਂ ਨੂੰ ਕਿਹਾ, " ਤੁਸੀਂ ਉਸ ਵਿੱਚ ਵੇਖੋ?" ਉਸ ਵਿੱਚ ਉੱਥੇ ਪਿੱਛੇ ਇਸਦੇ ਬਾਰੇ ਵਿੱਚ ਮਿਤੀ ਅਤੇ ਸਣ ਕੁਛ ਦੱਸਿਆ ਗਿਆ ਹੈ, ਦੱਸਿਆ ਗਿਆ ਕਿ ਇਹ ਕਦੋਂ ਹੋਵੇਗਾ।ਅਨੇਕਾਂ ਲੋਕਾਂ ਨੇ ਇਸਨੂੰ ਪੁਸਤਕ ਵਿੱਚ ਪੜ੍ਹ ਕੇ ਵੀ ਦੇਖਿਆ ਸੀ।ਮੈਂ ਕਿਹਾ ਸੀ " ਇਹ ਇਸ ਢੰਗ ਨਾਲ ਅਤੇ ਉਸ ਢੰਗ ਨਾਲ ਹੋਵੇਗਾ।"

291 ਉਹਨਾਂ ਨੇ ਕਿਹਾ, " ਠੀਕ ਹੈ ਤਦ ਤੁਸੀਂ ਇਸਦੇ ਬਾਰੇ ਵਿੱਚ ਕੁਝ ਕਿਉਂ ਨਹੀਂ ਕਿਹਾ ਸੀ?" ਇਸ ਨੇ ...... ਤਾਂ ਇਸੇ ਢੰਗ ਨਾਲ ਹੀ ਹੋਣਾ ਸੀ।ਸਮਝਿਓ?

292 ਅਤੇ ਯੂਸਫ ਇਸਦੇ ਬਾਰੇ ਵਿੱਚ ਕੁਝ ਹੋਰ ਤਰ੍ਹਾਂ ਜਾਣਦਾ ਸੀ। ਉਹ ਜਾਣਦਾ ਸੀ ਕਿ ਉਹ ਬੱਚਾ ਕਿਸਦਾ ਹੈ। ਮਰਿਯਮ ਜਾਣਦੀ ਸੀ ਕਿ ਉਹ ਬੱਚਾ ਕਿਸਦਾ ਹੈ।ਯਿਸੂ ਜਾਣਦਾ ਸੀ ਕਿ ਉਸਦਾ ਪਿਤਾ ਕੌਣ ਹੈ।ਉਸਨੇ ਕੀ ਆਖਿਆ? "ਮੈਨੂੰ ਆਪਣੇ ਪਿਤਾ ਦਾ ਕੰਮ ਜਰੂਰ ਕਰਨਾ ਹੈ।" ਇਹ ਨਹੀਂ ਕਿ ਲੱਕੜਾਂ ਕੱਟ ਕੇ ਬੂਹਾ ਬਣਾਉਣਾ, ਪਰ ਉਸਦੇ ਪਿਤਾ ਦੇ ਕੰਮ ਵਿੱਚ ਲੱਗੇ ਰਹਿਣਾ। ਆਮੀਨ।

279 ਇਹ ਕੀ ਸੀ ? ਪ੍ਰਮੇਸ਼ੁਰ ਸਧਾਰਨਤਾ ਵਿੱਚ।ਇਹ ਹੀ ਉਹ ਚੀਜ ਹੈ ਜੋ ਉਸਨੂੰ ਅੱਤ ਮਹਾਨ ਬਣਾਉਂਦੀ ਹੈ।ਵੇਖੋ, ਮਨੁੱਖਾਂ ਦੀ ਪੜ੍ਹਾਈ ਲਿਖਾਈ ਦੀ ਵਿਚਾਰ ਨਿਯਮਾਵਲੀ ਆਪਣੇ ਆਪ ਨੂੰ ਇਸ ਢੰਗ ਨਾਲ ਨੀਵਿਆਂ ਨਹੀਂ ਕਰ ਸਕਦੀ ਹੈ; ਵੇਖੋ, ਉਹ ਅਜਿਹਾ ਕਰ ਹੀ ਨਹੀਂ ਸਕਦੀ ਹੈ।ਪ੍ਰੰਤੂ ਪ੍ਰਮੇਸ਼ੁਰ ਏਨਾ ਮਹਾਨ ਹੈ ਕਿ ਉਸ ਆਪਣੇ ਆਪਨੂੰ ਏਨਾ ਨੀਵਾਂ ਕੀਤਾ ਕਿ ਉਸ ਦੇ ਆਪਣੇ ਪੁੱਤਰ ਦੇ ਪਹਿਨਾਉਣ ਨੂੰ ਕੱਪੜੇ ਵੀ ਨਹੀਂ ਸਨ। ਇਸ 'ਤੇ ਸੋਚੋ। ਅਤੇ ਸੰਸਾਰ ਦੀ .... ਸਰਾਂ ਵਿੱਚ ਉਸ ਦੇ ਲਈ ਥਾਂ ਨਹੀਂ ਸੀ।ਅਤੇ ਉਹ ਤਬੇਲੇ ਅੰਦਰ ਗਿਆ-ਇੱਕ ਨਿੱਕਾ ਜਿਹਾ ਖੱਡ ਵਰਗਾ ਤਬੇਲਾ ਜੋ ਪਹਾੜਾਂ ਵਿੱਚ ਬਣੀ ਇੱਕ ਗੁਫਾ ਦੇ ਵਾਂਗ ਸੀ।ਅਤੇ ਉੱਥੇ ਘਾਹ ਫੂਸ ਦੇ ਬਿਸਤਰੇ ਉੱਤੇ ਪ੍ਰਮੇਸ਼ੁਰ ਦੇ ਪੁੱਤਰ ਨੇ ਜਨਮ ਲਿਆ।ਓਹ , ਇਹ ਉਹਨਾਂ ਸਭ ਲੋਕਾਂ ਦੀ ਵਿਚਾਰਧਾਰਾ ਦੇ ਬਹੁਤ ਹੀ ਉਲਟ ਸੀ .....

280 ਅਤੇ ਉਸਦੀ ਮਾਂ ਨੇ ਮਾਂ ਬਣਨਾ ਸੀ।ਅਤੇ ਉਸਦੀ ਮਾਂ ਆਪਣੇ ਵਿਆਹ ਦੇ ਕਈ ਮਹੀਨੇ ਪਹਿਲਾਂ ਹੀ ਮਾਂ ਬਣ ਗਈ ਸੀ ਜਾਂ ਮੰਗਣੀ ਤੋਂ ਪਹਿਲਾਂ ਹੀ ਮਾਂ ਬਣ ਗਈ ਸੀ। ਵੇਖਿਆ? ਉਸਨੇ ਮਾਂ ਬਣਨਾ ਹੀ ਸੀ।ਅਤੇ ਲੋਕਾਂ ਨੇ ਇਹ ਵੇਖਿਆ, ਅਤੇ ਉਹ ਜਾਣਦੇ ਸਨ ਕਿ ਇਹ ਇਸੇ ਢੰਗ ਨਾਲ ਹੀ ਹੋਣਾ ਹੈ।ਅਤੇ ਮਰਿਯਮ ਆਪਣੇ ਦਿਲ ਵਿੱਚ ਜਾਣਦੀ ਸੀ ਕਿ ਕੀ ਹੋ ਰਿਹਾ ਹੈ।

281 ਅਤੇ ਯੂਸਫ ਨਹੀਂ ਸਮਝਦਾ ਸੀ। ਪ੍ਰੰਤੂ ਇੱਕ ਰਾਤ ਪ੍ਰਭੂ ਦਾ ਇੱਕ ਦੂਤ ਉਸਦੇ ਕੋਲ ਆਇਆ ਅਤੇ ਦੂਤ ਨੇ ਉਸਨੂੰ ਕਿਹਾ, "ਯੂਸਫ, ਦਾਊਦ ਦੇ ਪੁੱਤਰ, ਤੂੰ ਆਪਣੀ ਪਤਨੀ ਮਰਿਯਮ ਨੂੰ ਲਿਆਉਣ ਤੋਂ ਨਾ ਡਰ, ਕਿਉਂਕਿ ਜੋ ਉਸਦੇ ਗਰਭ ਵਿੱਚ ਹੈ, ਉਹ ਪਵਿੱਤਰ ਆਤਮਾ ਤੋਂ ਹੈ, ਅਤੇ ਉਸ ਵਿੱਚ ਕੋਈ ਬੁਰਾਈ ਨਹੀਂ ਹੈ।" ਇਸ ਨਾਲ ਗੱਲ ਸਾਫ ਹੋ ਗਈ। ਇਸ ਮਨੁੱਖ, ਯੂਸਫ ਦਾ ਪ੍ਰਮੇਸ਼ੁਰ ਨਾਲ ਸਬੰਧ ਇੰਨਾ ਗਹਿਰਾ ਸੀ ਕਿ ਪ੍ਰਮੇਸ਼ੁਰ ਉਸਦੇ ਨਾਲ ਸਿੱਧਾ ਗੱਲ ਕਰ ਸਕਦਾ ਸੀ।

282 ਪ੍ਰੰਤੂ ਅੱਜ ਅਸੀਂ ਆਪਣੇ ਚਾਰੇ ਪਾਸੇ ਧਾਰਮਿਕ ਸਿੱਖਿਆ, ਮੱਤਾਂ ਸਿਧਾਂਤਾਂ ਦਾ ਇਸ ਤਰ੍ਹਾਂ ਵਾੜਾ ਲਗਾਇਆ ਹੋਇਆ ਹੈ ਕਿ ਜਿਸ ਧਾਰਮਿਕ ਸੰਸਥਾ ਨਾਲ ਅਸੀਂ ਸਬੰਧ ਰੱਖਦੇ ਹਾਂ, ਉਸ ਸੰਸਥਾ ਦੇ ਬਾਹਰ ਦਾ ਕੋਈ ਵੀ ਵਿਅਕਤੀ ਸਾਡੇ ਨਾਲ ਗੱਲ ਨਹੀਂ ਕਰ ਸਕਦਾ।ਮੈਂ ਕਿਸੇ ਨੂੰ ਨਰਾਜ਼ ਨਹੀਂ ਕਰਨਾ ਚਾਹੁੰਦਾ ਹਾਂ ਜਾਂ ਤਿੱਖੀ ਗੱਲ ਨਹੀਂ ਕਰਨਾ ਚਾਹੁੰਦਾ ਹਾਂ, ਇਸ ਲਈ ਮੈਂ ਇਸ ਗੱਲ ਨੂੰ ਇੱਥੇ ਹੀ ਛੱਡਦਾ ਹਾਂ। ਧਿਆਨ ਦਿਓ।ਪ੍ਰੰਤੂ ਤੁਸੀਂ ਸਮਝਦੇ ਹੋ ਕਿ ਮੇਰਾ ਕੀ ਮਤਲਬ ਹੈ। ਸੁਣੋ।

283 ਉਹਨਾਂ ਦੀ ਉੱਚੇ ਦਰਜੇ ਦੀ ਪੜ੍ਹਾਈ ਲਈ ਉਸਦਾ ਚਰਨੀ ਵਿੱਚ ਜਨਮ ਹੋਣਾ ਇੱਕ ਘਟੀਆ ਗੱਲ ਸੀ। ਸਾਡੇ ਕੋਲ ਇਸ ਗੱਲ ਤੱਕ ਦਾ ਕੋਈ ਰਿਕਾਂਡ ਨਹੀਂ ਹੈ ਕਿ ਕਿੱਥੇ ਉਹ ਇੱਕ ਦਿਨ ਵੀ ਸਕੂਲ ਗਿਆ ਹੋਵੇ; ਅਤੇ ਤਦ ਵੀ ਬਾਰ੍ਹਾਂ ਸਾਲ ਦੀ ਉਮਰ ਵਿੱਚ, ਉਸ ਸਿੱਧੇ-ਸਾਦੇ ਮੁੰਡੇ ਨੇ ਆਪਣੀ ਸਿੱਖਿਆ ਦੇ ਰਾਹੀਂ ਹੈਕਲ ਦੇ ਜਾਜਕਾਂ ਨੂੰ ਗੜਬੜੀ ਵਿੱਚ ਪਾ ਦਿੱਤਾ ਸੀ। ਓਹ , ਇਹ ਕੀ ਸੀ? ਪ੍ਰਮੇਸ਼ੁਰ ਆਪਣੇ ਆਪ ਨੂੰ ਛੁਪਾ ਰਿਹਾ ਸੀ .....ਵਿੱਚ ....? ਹੁਣ ਮੈਂ ਬਹੁਤ ਹੀ ਧਾਰਮਿਕ ਮਹਿਸੂਸ ਕਰ ਰਿਹਾਂ ਹਾਂ। ਖੁਦਾ ਆਪਣੇ ਆਪ ਨੂੰ ਘਾਹ-ਫੂਸ ਅੰਦਰ ਲੁਕਾਈ ਬੈਠਾ ਸੀ । ਪ੍ਰਮੇਸ਼ੁਰ ਆਪਣੇ ਆਪ ਨੂੰ ਛੋਟੇ ਬੱਚੇ ਵਿੱਚ ਲੁਕਾਈ ਬੈਠਾ ਸੀ। ਸਮਝੇ? ਧਿਆਨ ਨਾਲ ਵੇਖੋ , ਭਾਵੇਂ ਕਿ ਪਰਮੇਸ਼ੁਰ ਆਪਣੇ ਆਪ ਨੂੰ ਥੋੜੀ ਦੇਰ ਬਾਦ ਪ੍ਰਗਟ ਕਰਨ ਜਾ ਰਿਹਾ ਸੀ।ਉਸਨੇ ਅਜਿਹਾ ਹੀ ਕਰਨਾ ਸੀ।



ਸਕਦਾ ਕਿ ਪ੍ਰਮੇਸ਼ੁਰ ਦੀ ਇੱਛਾ ਇਹ ਹੋਵੇਗੀ ਕਿ ਉਸਦੇ ਸੇਵਾਦਾਰਾਂ ਨੂੰ ਮਨੋਵਿਗਿਆਨਕ ਢੰਗ ਨਾਲ ਪਰਖਿਆ ਜਾਵੇ, ਪ੍ਰੰਤੂ ਪ੍ਰਮੇਸ਼ੁਰ ਦੀ ਇੱਛਾ ਤਾਂ ਇਹੀ ਹੈ ਕਿ ਉਹ ਆਪਣੇ ਸੇਵਕ ਨੂੰ ਵਚਨ ਨਾਲ ਪਰਖੇ । ਸਮਝੇ ? ਪ੍ਰਮੇਸ਼ੁਰ ਦਾ ਤਰੀਕਾ ਤਾਂ ਇਹ ਹੀ ਹੋਵੇਗਾ ਕਿ ਉਹ ਆਪਣੇ ਸੇਵਕ ਨੂੰ ਸੇਵਕਾਈ ਲਈ ਭੇਜਦੇ ਸਮੇਂ ਉਸਨੂੰ ਵਚਨ ਨਾਲ ਪਰਖੇ ਤਾਂ ਕਿ ਉਹ ਜਾ ਕੇ ਪ੍ਰਮੇਸ਼ੁਰ ਦੇ ਵਚਨ ਦਾ ਪ੍ਰਚਾਰ ਕਰੇ ।

128 ਕਿਹਾ ਤਾਂ ਗਿਆ ਹੈ, " ਵਚਨ ਦਾ ਪ੍ਰਚਾਰ ਕਰ !" ਪਰ ਅਸੀਂ ਅੱਜ ਕੱਲ ਫਿਲਾਸਫੀ ਪ੍ਰਚਾਰ ਕਰਦੇ ਹਾਂ, ਅਸੀਂ ਧਾਰਮਿਕ ਮੱਤਾਂ ਅਤੇ ਸਿਧਾਤਾਂ ਅਤੇ ਅਕੀਦਿਆਂ ਅਤੇ ਅਨੇਕਾਂ ਦੂਸਰੀਆਂ ਗੱਲਾਂ ਦਾ ਪ੍ਰਚਾਰ ਕਰਦੇ ਹਾਂ ਅਰ ਵਚਨ ਨੂੰ ਛੱਡ ਦਿੰਦੇ ਹਾਂ ਕਿਉਂਕਿ ਉਹ ਕਹਿੰਦੇ ਹਨ ਕਿ ਇਸਨੂੰ ਸਮਝਿਆ ਨਹੀਂ ਜਾ ਸਕਦਾ ਪ੍ਰੰਤੂ ਵਚਨ ਨੂੰ ਸਮਝਿਆ ਜਾ ਸਕਦਾ ਹੈ । ਪ੍ਰਮੇਸ਼ੁਰ ਨੇ ਇਸ ਤਰ੍ਹਾਂ ਕਰਨ ਦਾ ਵਾਇਦਾ ਕੀਤਾ ਹੋਇਆ ਹੈ । ਹੁਣ ਅਸੀਂ ਉਸਦੇ ਅੱਗੇ ਬੇਨਤੀ ਕਰ ਰਹੇ ਹਾਂ ਕਿ ਉਹ ਇਹ ਕਰੇ ।

129 ਹੁਣ ਅਸੀਂ ਇੱਥੇ ਕੁਝ ਮਿੰਟਾਂ ਲਈ ਕੁਝ ਚਰਿੱਤਰਾਂ ਜਾਂ ਲੋਕਾਂ ਦਾ ਵਰਣਨ ਕਰਨ ਜਾ ਰਹੇ ਹਾਂ ।

130 ਆਓ ਅਸੀਂ ਨੂਹ ਦੇ ਦਿਨਾਂ ਵੱਲ ਧਿਆਨ ਕਰੀਏ । ਨੂਹ ਦੇ ਦਿਨਾਂ ਵਿੱਚ ਪ੍ਰਮੇਸ਼ੁਰ ਨੇ ਦੇਖਿਆ ਕਿ ਦੁਨੀਆਵੀ ਗਿਆਨ ਬਹੁਤ ਵੱਧ ਗਿਆ ਹੈ ਤੇ ਉਸਦਾ ਵੱਡਾ ਆਦਰ ਮਾਣ ਕਰ ਰਹੇ ਹਨ । ਆਪਣੀ ਮਹਾਨਤਾ ਨੂੰ ਪ੍ਰਗਟ ਕਰਨ ਲਈ ਪ੍ਰਮੇਸ਼ੁਰ ਨੇ ਇੱਕ ਸਧਾਰਨ ਮਨੁੱਖ ਦੁਆਰਾ ਇੱਕ ਸਧਾਰਨ ਸੰਦੇਸ਼ ਭੇਜਿਆ ।

131 ਅਸੀਂ ਜਾਣਦੇ ਹਾਂ ਕਿ ਵਿਗਿਆਨਕ ਦਾਵਾ ਕਰਦੇ ਹਨ ਕਿ ਨੂਹ ਦੇ ਦਿਨਾਂ ਵਿੱਚ ਸੱਭਿਅਤਾ ਬਹੁਤ ਵਿਕਸਿਤ ਹੋ ਚੁੱਕੀ ਸੀ, ਅਤੇ ਸਾਡੇ ਇਸ ਯੁੱਗ ਵਿੱਚ ਸੱਭਿਅਤਾ ਹਾਲੇ ਉਸ ਸਿਖਰ ਤੱਕ ਨਹੀਂ ਪਹੁੰਚੀ ਹੈ।ਅਰ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਅੰਤ ਵਿੱਚ ਇਹ ਉਸੇ ਸਥਾਨ ਤੱਕ ਪਹੁੰਚ ਜਾਵੇਗੀ, ਕਿਉਂਕਿ ਸਾਡੇ ਪ੍ਰਭੂ ਯਿਸੂ ਮਸੀਹ ਨੇ ਕਿਹਾ ਸੀ, " ਜਿਸ ਤਰ੍ਹਾਂ ਨੂਹ ਦੇ ਦਿਨਾਂ ਵਿੱਚ ਸੀ ਉਸੇ ਤਰ੍ਹਾਂ ਮਨੁੱਖ ਦੇ ਪੁੱਤਰ ਦੇ ਆਉਣ ਦੇ ਦਿਨਾਂ ਵਿੱਚ ਹੋਵੇਗਾ।" ਉਸ ਨੇ ਇਸ ਸਬੰਧ ਵਿੱਚ ਕੁਝ ਉਦਾਹਰਨਾਂ ਵੀ ਦਿੱਤੀਆਂ ਹਨ ।

132 ਅਤੇ ਉਹਨਾਂ ਲੋਕਾਂ ਨੇ ਨੂਹ ਦੇ ਦਿਨਾਂ ਵਿੱਚ ਮੀਨਾਰ ਅਤੇ ਭੇਤਪੂਰਨ ( SPHINX)ਚੀਜਾਂ ਮਿਸਰ ਵਿੱਚ ਬਣਾਈਆਂ ਸਨ, ਅਤੇ ਉਹਨਾਂ ਨੇ ਅਜਿਹੀਆਂ ਵਿਸ਼ਾਲ ਕਾਰੀਗਰੀਆਂ ਬਣਾਈਆਂ ਸਨ ਜਿਨ੍ਹਾਂ ਨੂੰ ਬਣਾਉਣ ਦੀ ਸ਼ਕਤੀ ਅੱਜ ਸਾਡੇ ਕੋਲ ਨਹੀਂ ਹੈ । ਉਹਨਾਂ ਦੇ ਕੋਲ ਲਾਸ਼ਾਂ ਤੇ ਮਲਣ ਨੂੰ ਅਜਿਹਾ ਮਸਾਲਾ ਸੀ ਜਿਸ ਨਾਲ ਲਾਸ਼ਾਂ ਸੜਨੋਂ ਬਚੀਆਂ ਰਹਿੰਦੀਆਂ ਅਤੇ ਏਨੀਆਂ ਸੁਭਾਵਿਕ ਦਿਖਾਈ ਦਿੰਦੀਆਂ ਕਿ ਅੱਜ ਤੱਕ ਵੀ ਮੌਜੂਦ ਹਨ। ਅੱਜ ਅਸੀਂ ਇੰਝ ਨਹੀਂ ਕਰ ਸਕਦੇ । ਅੱਜ ਅਸੀਂ ਇਸ ਤਰ੍ਹਾਂ ਦੀ ਮੱਮੀ ਨਹੀਂ ਬਣਾ ਸਕਦੇ ਹਾਂ । ਸਾਡੇ ਕੋਲ ਉਸ ਤਰ੍ਹਾਂ ਦੇ ਮਸਾਲੇ ਨਹੀਂ ਹਨ। ਉਹਨਾਂ ਦੇ ਕੋਲ ਅਜਿਹੇ ਰੰਗ ਸਨ ਜੋ ਕਿ ਅੱਜ ਪੰਜ ਹਜਾਰ ਸਾਲ ਪਿੱਛੋ ਵੀ ਫਿੱਕੇ ਨਹੀਂ ਪਏ ਅਤੇ ਉਹੀ ਭਾਅ ਮਾਰਦੇ ਹਨ । ਸਮਝੇ? ਅੱਜ ਸਾਡੇ ਕੋਲ ਅਜਿਹਾ ਕੁਝ ਨਹੀਂ ਹੈ ।

133 ਅਤੇ ਉਸ ਸੱਭਿਅਤਾ ਦੀਆਂ ਇਹੋ ਜਿਹੀਆਂ ਬਥੇਰੀਆਂ ਗੱਲਾਂ ਹਨ ਜੋ ਉਸ ਸਮੇਂ ਦੀ ਸੱਭਿਅਤਾ ਨੂੰ ਸਾਡੀ ਅੱਜ ਦੀ ਸੱਭਿਅਤਾ ਨਾਲੋ ਉੱਚਾ ਤੇ ਸਰਵੋਤਮ ਦੱਸਦੀਆਂ ਹਨ । ਅਤੇ ਉਹਨਾਂ ਮਹਾਨ ਵਸਤੂਆਂ ਅਤੇ ਪ੍ਰਤੀਕਾਂ ਤੋਂ ਜੋ ਉਸ ਯੁੱਗ ਦੇ ਅੱਜ ਰਹਿ ਗਏ ਹਨ, ਉਸ ਤੋਂ ਕਲਪਨਾ ਕਰ ਸਕਦੇ ਹੋ ਕਿ ਉਸ ਸਮੇਂ ਸਿੱਖਿਆ ਅਤੇ ਵਿਗਿਆਨ ਕਿੰਨਾ ਜਿਆਦਾ ਉੱਨਤ ਸੀ । ਤੁਸੀਂ ਇਹਨਾਂ ਮਹਾਨ ਚੀਜ਼ਾਂ ਅਤੇ ਪ੍ਰਤੀਕਾਂ ਦੇ ਦੁਆਰਾ ਅਨੁਮਾਨ ਲਗਾ ਸਕਦੇ ਹੋ ਕਿ ਉਹ ਕਿਸ ਤਰ੍ਹਾਂ ਦੀ ਸੱਭਿਅਤਾ ਰਹੀ ਹੋਵੇਗੀ, ਉਹ ਕਿਸ ਤਰ੍ਹਾਂ ਦੀ ਮਹਾਨ ਸੱਭਿਅਤਾ ਸੀ ਜਿਵੇਂ ਕਿ ਇਹਨਾਂ ਯਾਦਗਾਰਾਂ ਦੇ ਚਿੰਨਾਂ ਤੋਂ ਪ੍ਰਗਟ ਹੈ , ਅਤੇ ਉਹ ਉਸ ਸਮੇਂ ਦੀ ਅਧੁਨਿਕ ਸੱਭਿਅਤਾ ਸੀ ਜੋ ਲੋਕਾਂ ਲਈ ਜੀਵਨ ਦਾ ਇੱਕ ਜਰੂਰੀ ਅੰਗ ਬਣ ਚੁੱਕੀ ਸੀ ।" ਅਤੇ ਉਸ ਨੂੰ ਅਜਿਹਾ ਹੀ ਹੋਣਾ ਸੀ ।" ਮੈਂ ਸੋਚਦਾ ਹਾਂ ਕਿ ਉਹਨਾਂ ਦਿਨਾਂ ਵਿੱਚ ਸ਼ਾਇਦ ਹੀ ਕੋਈ ਅਨਪੜ੍ਹ ਹੋਵੇ ।

134 ਅਤੇ ਪ੍ਰਮੇਸ਼ੁਰ ਨੇ ਉਹਨਾਂ ਦਿਨਾਂ ਦੇ ਮਹਾਨ ਪ੍ਰਬੰਧ ਤੰਤਰ ਵਿੱਚੋਂ ਕਿਸੇ ਨੂੰ ਲੱਭਣਾ ਸ਼ੁਰੂ ਕੀਤਾ, ਅਤੇ ਸ਼ਾਇਦ ਉਹਨਾਂ ਦੇ ਤੰਤਰ ਪ੍ਰਬੰਧ ਵਿੱਚੋਂ ਉਸ ਨੂੰ ਕੋਈ ਵੀ ਯੋਗ ਆਦਮੀ ਨਹੀਂ ਮਿਲਿਆ, ਅਰ ਅੰਤ ਵਿੱਚ ਉਸਨੂੰ ਇੱਕ ਅਨਪੜ੍ਹ ਆਦਮੀ ਮਿਲਿਆ ਜਿਸਦਾ ਨਾਮ ਨੂਹ ਸੀ ਜੋ ਸ਼ਾਇਦ ਕਿਸਾਨ ਜਾਂ ਚਰਵਾਹਾ ਸੀ । ਅਤੇ ਪ੍ਰਮੇਸ਼ੁਰ ਨੇ ਉਸਨੂੰ ਆਪਣਾ ਇੱਕ ਸੰਦੇਸ਼ ਦਿੱਤਾ ਕਿ ਲੋਕਾਂ ਵਿੱਚ ਉਸਦਾ ਪ੍ਰਚਾਰ ਕਰੇ । ਪ੍ਰੰਤੂ ਇਹ ਸੰਦੇਸ਼ ਉਸ ਸਮੇਂ ਦੀ ਸਿੱਖਿਆ ਅਤੇ ਗਿਆਨ ਦੇ ਸਾਹਮਣੇ ਇੰਨਾ ਸਧਾਰਨ ਸੀ ਕਿ ਲੋਕ ਉਸ ਸਾਦਗੀ ਤੋਂ ਠੋਕਰ ਖਾ ਗਏ ।ਅਤੇ ਵਿਗਿਆਨ ਦੇ ਸਾਹਮਣੇ ਤਾਂ ਉਹ ਸੰਦੇਸ਼ "ਮੂਰਖਤਾ ਪੂਰਨ ਸੀ !" " ਅਕਾਸ਼ ਤੋਂ ਵਰਖਾ ਕਿਵੇਂ ਹੋ ਸਕਦੀ ਹੈ ਜਦਕਿ ਉੱਪਰ ਕੋਈ ਵਰਖਾ ਜਾਂ ਪਾਣੀ ਨਹੀਂ ਹੈ " ਸਮਝੇ? ਅਤੇ ਬਹੁਤ ਹੀ ਸਾਦਾ ਸੰਦੇਸ਼ ਕਿ ਕਿਸ਼ਤੀ ਬਣਾ - ਜਦਕਿ ਉੱਥੇ ਉਸਦੇ ਤੈਰਨ ਲਈ ਕੋਈ ਵੀ ਪਾਣੀ ਨਹੀਂ ਸੀ ਤਾਂ ਇਸਨੂੰ ਬਣਾਉਣ ਅਤੇ ਇਸਦੇ ਅੰਦਰ ਵੜਨ ਦੇ ਕੀ ਅਰਥ ਹਨ। ਕਿਉਂ, ਨੂਹ ਮੂਰਖ ਸਮਝਿਆ ਗਿਆ। ਅਤੇ ਉਹ ਬਣ ਗਿਆ ...... ਜੇ ਤੁਸੀਂ ਮੈਨੂੰ ਮਾਫ ਕਰੋ, ਤਾਂ ਅੱਜ ਦੀ ਭਾਸ਼ਾ ਵਿੱਚ "ਅਜੀਬ ਮਨੁੱਖ " ਬਣ ਗਿਆ ਹੋਵੇਗਾ ।

135 ਦੇਖੋ, ਖੁਦਾ ਦੇ ਲੱਗਭੱਗ ਸਾਰੇ ਲੋਕ ਹੀ " ਵਚਿੱਤ੍ਰ ਜਾਂ ਅਜੀਬ ਮਨੁੱਖ " ਹੁੰਦੇ ਹਨ। ਉਹ ਇਸੇ ਤਰ੍ਹਾਂ ਦੇ ਹੀ ਹੁੰਦੇ ਹਨ। ਮੈਨੂੰ ਖੁਸ਼ੀ ਹੈ ਕਿ ਮੈਂ ਉਹਨਾਂ ਵਿੱਚੋਂ ਇੱਕ ਹਾਂ । ਇਸ ਲਈ ਤੁਸੀਂ ਜਾਣਦੇ ਹੋ, ਕਿ ਉਹ ਅਧੁਨਿਕ ਸੱਭਿਅਤਾ ਦੇ ਰੀਤਾਂ ਰਿਵਾਜਾਂ ਤੋਂ ਬਿਲਕੁੱਲ ਉਲਟ ਹੁੰਦੇ ਹਨ, ਇਸੇ ਲਈ ਉਹ ਅਜੀਬ ਅਤੇ ਵਚਿੱਤ੍ਰ ਬਣ ਜਾਂਦੇ ਹਨ। ਉਸ ( ਖੁਦਾ ) ਨੇ ਆਪਣੇ ਲੋਕਾਂ ਬਾਰੇ ਕਿਹਾ ਹੈ ਕਿ ਉਸਦੇ ਲੋਕ " ਅਜੀਬ, ਅਨੋਖੇ ਜਿਹੇ ਹੋਣਗੇ ਤੇ ਪ੍ਰਦੇਸੀ ਪਰ ਆਤਮਿਕ ਜਾਜਕ, ਇੱਕ ਸ਼ਾਹੀ ਕੌਮ ਜੋ ਪ੍ਰਮੇਸ਼ੁਰ ਦੇ ਸਾਹਮਣੇ ਆਤਮਿਕ ਬਲੀਦਾਨ ਚੜਾਇਆ ਕਰਨਗੇ, ਇਹ ਬਲੀਦਾਨ ਉਹਨਾਂ ਦੇ ਬੁੱਲ੍ਹਾਂ ਦੀਆਂ ਭੇਟਾਂ ਹੋਇਆ ਕਰਨਗੀਆਂ ਤੇ ਪ੍ਰਮੇਸ਼ੁਰ ਦੇ ਨਾਮ ਦੀ ਵਡਿਆਈ ਦੀਆਂ ਹੋਇਆ ਕਰਨਗੀਆਂ । " ਪ੍ਰਮੇਸ਼ੁਰ ਕੋਲ ਅਪਣੇ ਲਈ ਅਜਿਹੇ ਹੀ ਲੋਕ ਹਨ ।

136 ਅਤੇ ਧਿਆਨ ਦਿਓ , ਕਿ ਉਹਨਾਂ ਦਿਨਾਂ ਵਿੱਚ ਇਹ ਕੇਡੀ ਵੱਡੀ ਗੱਲ ਹੋਵੇਗੀ ਇੱਕ ਸ਼ੁਦਾਈ ਜਿਹਾ ਮਨੁੱਖ ਅਗਾਂਹ ਵੱਧ ਕੇ ਗਿਰਜੇ ਵਿੱਚ ਆਏ ਅਤੇ ਖੁਸ਼ਖਬਰੀ ਦਾ ਅਜਿਹਾ ਪ੍ਰਚਾਰ ਕਰੇ ਜੋ ਦੇਖਣ ਅਤੇ ਸੁਣਨ ਵਿੱਚ ਉਹਨਾਂ ਦੇ ਵਿਸ਼ਵਾਸ਼ ਕਰਨ ਦੇ ਢੰਗ ਦੇ ਬਿਲਕੁੱਲ ਉਲਟ ਹੋਵੇ । ਅਤੇ ਸਾਇੰਸਦਾਨਾਂ ਨੇ ਕਿਹਾ ਹੋਵੇਗਾ, " ਕਿਉਂ, ਇਹ -ਇਹ ਸ਼ੁਦਾਈ ਜਾਂ ਪਾਗਲ ਨਹੀਂ ਹੈ ।" ਕਿਉਂਕਿ



ਸ਼ੁਰੂ ਤੋਂ ਹੀ ਇੱਕ ਬਦਨਾਮ ਨਾਮ ਨਾਲ ਆਇਆ।ਉਹ ਕਹਿੰਦੇ ਸਨ ਸੀ ਕਿ ਉਹ ਨਜਾਇਜ ਢੰਗ ਨਾਲ ਪੈਦਾ ਹੋਇਆ ਹੈ। ਹੇ ਮੇਰੇ ਖੁਦਾ।

273 ਇਸ ਨਾਲ ਉਹਨਾਂ ਦੀ ਚਮਕ-ਦਮਕ ਨੂੰ ਵੱਡਾ ਧੱਕਾ ਲੱਗਾ।ਵੇਖਿਆ? ਉਹਨਾਂ ਦੀ ਪੜ੍ਹਾਈ ਦੀ ਨਿਯਮਾਵਲੀ ਤੋਂ ਨਾ ਹੋ ਸਕਿਆ ਕਿ ਇਸ ਨੂੰ ਨਿਗਲ ਸਕੇ।ਵਚਨ ਦਾ ਜੋ ਅਨੁਵਾਦ ਉਹਨਾਂ ਨੇ ਕੀਤਾ ਹੋਇਆ ਸੀ ਉਸ ਵਿੱਚ ਇਹਨਾਂ ਗੱਲਾਂ ਦੀ ਕੋਈ ਕੋਈ ਵੀ ਥਾਂ ਨਹੀਂ ਸੀ, ਫਿਰ ਵੀ ਇਹ ਗੱਲਾਂ *ਯਹੋਵਾਹ ਇੰਞ ਫਰਮਾਉਂਦਾ* ਹੈ ਦੇ ਅਨੁਸਾਰ ਸਨ।ਹੇ ਮੇਰੇ, ਪ੍ਰਭੁ।

274 ਇਹ ਗੱਲ ਸੋਚ ਕੇ, ਅਤੇ ਉਹਨਾਂ ਗੱਲਾਂ ਨੂੰ ਫਿਰ ਹੁੰਦਾ ਹੋਇਆ ਵੇਖ ਕੇ ਮੈਨੂੰ ਕੰਬਣੀ ਲੱਗ ਜਾਂਦੀ ਹੈ।ਖੁਦਾ ਕਦੇ ਵੀ ਬਦਲ ਨਹੀਂ ਸਕਦਾ ਹੈ।

275 ਹੁਣ ਪਹਿਲਾਂ ਹੀ ਬਾਰ੍ਹਾਂ ਵੱਜ ਚੁੱਕੇ ਹਨ।ਕੀ ਤੁਸੀਂ ਸਿਰਫ .... ਕੀ ਮੈਂ ਬੰਦ ਕਰ ਦਿਆਂ ਜਾਂ ਬਸ .... [ਸੰਗਤ ਆਖਦੀ ਹੈ , "ਨਹੀਂ ਤੁਸੀਂ ਦੱਸਣਾ ਜਾਰੀ ਰੱਖੋ।"-ਸੰਪਾ] ਧੰਨਵਾਦ।ਦੇਖੋ , ਤੁਸੀਂ ਥੋੜੀ ਦੇਰ ਹੋਰ ਸ਼ਾਂਤੀ ਨਾਲ ਬੈਠੇ ਰਹੋ। ["ਤੁਸੀਂ ਦੱਸਣਾ ਜਾਰੀ ਰੱਖੋ।"] ਵੇਖੋ ਕਿ, ਇਹ ਹੁਣ ਮੈਂ ਆਉਣ ਵਾਲੇ ਸੰਦੇਸ਼ ਦੀ ਨੀਂਹ ਬੰਨ ਰਿਹਾਂ ਹਾਂ।ਅਤੇ ਮੈਂ ਕੋਸ਼ਿਸ਼ ਕਰ ਰਿਹਾਂ ਹਾਂ ਕਿ ਤੁਹਾਨੂੰ ਜਲਦੀ ਛੱਡ ਦਿਆਂ, ਜੇ ਅਸੀਂ ਕਰ ਸਕੀਏ ਤਾਂ, ਸ਼ਾਇਦ ਮੈਂ ਅਗਲੇ ਦਸ ਜਾਂ ਪੰਦਰ੍ਹਾਂ ਮਿੰਟਾਂ ਵਿੱਚ ਤੁਹਾਨੂੰ ਛੱਡ ਦਿਆਂ। ਪ੍ਰਮੇਸ਼ੁਰ ਤੁਹਾਨੂੰ ਬਰਕਤ ਦੇਵੇ।

276 ਹੁਣ ਧਿਆਨ ਦਿਓ, ਇਹ ਏਨਾ ਸਧਾਰਨ ਸੀ ਕਿ ਉਹ ਨਿਸ਼ਾਨੇ ਤੋਂ ਖੁੰਝ ਗਏ।ਪ੍ਰਮੇਸ਼ੁਰ ਠੀਕ ਨਿਸ਼ਾਨੇ 'ਤੇ ਸੀ। ਉਹ ਬਿਲਕੁੱਲ ਉਸੇ ਢੰਗ ਨਾਲ ਆਇਆ ਜਿਸ ਤਰ੍ਹਾਂ ਉਸਦੇ ਬਾਰੇ ਵਿੱਚ ਆਉਣ ਬਾਰੇ ਆਖਿਆ ਗਿਆ ਸੀ।ਪ੍ਰੰਤੂ ਉਹਨਾਂ ਦੀ ਇਸ ਸਬੰਧ ਵਿੱਚ ਦਿੱਤੀ ਹੋਈ ਵਿਆਖਿਆ ਗਲਤ ਸੀ। ਮੂਸਾ ਦੇ ਦਿਨ੍ਹੀਂ ਉਹਨਾਂ ਦੀ ਛੁਟਕਾਰੇ ਦੀ ਵਿਆਖਿਆ ਗਲਤ ਸੀ। ਨੂਹ ਦੇ ਦਿਨਾਂ ਵਿੱਚ ਵੀ ਉਹਨਾਂ ਦੀ ਵਿਆਖਿਆ ਗਲਤ ਸੀ, ਵੇਖਿਆ, ਪਰ ਖੁਦਾ ਆਪਣੇ ਵਚਨ ਦੇ ਅਨੁਸਾਰ ਆਉਂਦਾ ਹੈ।

277 ਅਰ ਤਦ ਯਿਸੂ ਆਇਆ 'ਤੇ ਉਹਨਾਂ ਦੇ ਉਲਟ ਸਿਖਾਉਣ ਲੱਗਾ।ਲੋਕ ਕਹਿੰਦੇ ਸਨ," ਜੇ ਤੂੰ ਮਸੀਹ ਹੈਂ ਤਾਂ ਫਲਾਂ ਫਲਾਂ ਕੰਮ ਕਰਕੇ ਦਿਖਾ," ਤੁਸੀਂ ਸਮਝੇ।"ਜੇ ਤੂੰ ਮਸੀਹ ਹੈਂ ਤਾਂ ਸਲੀਬ ਤੋਂ ਹੇਠਾਂ ਉੱਤਰ ਆ ਤੇ ਸਾਨੂੰ ਵਿਖਾ।" ਵੇਖਿਆ? ਪ੍ਰੰਤੂ ਖੁਦਾ ਮਨੁੱਖਾਂ ਨਾਲ ਠੱਠਾ ਨਹੀਂ ਕਰਦਾ।ਖੁਦਾ ਉਸੇ ਢੰਗ ਨਾਲ ਕੰਮ ਕਰਦਾ ਹੈ ਜੋ ਉਸਦੀ ਨਿਗਾਹ ਵਿੱਚ ਚੰਗਾ ਤੇ ਸਹੀ ਹੈ।

278 ਉਹ ਸੋਚਦੇ ਸਨ ਕਿ ਜਰੂਰ ਹੀ ਕੋਈ ਅਜਿਹਾ ਆਉਣ ਵਾਲਾ ਹੈ ਜੋ ਸਵਰਗ ਦੂਤਾਂ ਦੀ ਮਹਾਨ ਸਲਾਮੀ ਦੇ ਨਾਲ ਆਏਗਾ।ਪਰ ਉਹ ਤਬੇਲੇ ਵਿੱਚ ਪੈਦਾ ਹੋਇਆ। ਅਤੇ ਉਹਨਾਂ ਦੇ ਆਪਣੇ ਵਿਚਾਰਾਂ ਦੀ ਨਿਯਮਾਵਲੀ ਦੇ ਅਨੁਸਾਰ ਇਹ ਗੱਲ ਬੜੀ ਹਾਸੋਹੀਣੀ ਸੀ ਕਿਸੇ ਆਮ ਮਨੁੱਖ ਲਈ ਇਹ ਸੋਚਣਾ ਬਹੁਤ ਹੀ ਅਜੀਬ ਸੀ, ਕਿ ਸਰਵਸ਼ਕਤੀਮਾਨ ਪਰਮੇਸ਼ੁਰ, ਸੈਨਾਵਾਂ ਦਾ ਯਹੋਵਾਹ ਜੋ ਧਰਤੀ ਦਾ ਸੁਆਮੀ ਹੈ, ਅਤੇ ਸਭਨਾਂ ਵਸਤਾਂ ਦਾ ਰਚਣ ਵਾਲਾ ਹੈ, ਕਿ ਆਪਣੇ ਪੁੱਤਰ ਦੇ ਜਨਮ ਦੇ ਲਈ ਉਸ ਥਾਂ ਤੋਂ ਕੋਈ ਵਧੀਆ ਜਗ੍ਹਾ ਨਹੀਂ ਠਹਿਰਾ ਸੱਕਦਾ ਸੀ, ਜਿੱਥੇ ਗਾਵਾਂ ਬੱਝਦੀਆਂ, ਤੇ ਜਿੱਥੇ ਰੂੜੀ ਦਾ ਢੇਰ ਲੱਗਾ ਹੋਇਆ ਸੀ। ਉੱਥੇ ਕਿਵੇਂ ਹੋ ਸੱਕਦਾ ਸੀ ... ਸਮਝ ਲੱਗੀ?

268 ਹੁਣ ਉਦਾਹਰਨ ਲਈ ਦੇਖੋ, ਉਹਨਾਂ ਨੇ ਕਿਹਾ ਹੋਵੇਗਾ, " ਜਦ ਮਸੀਹ ਆਏਗਾ, ਤਾਂ ਜਰੂਰ ਹੀ ਉਹ ਹੈਕਲ ਵਿੱਚ ਆਊ ਅਤੇ ਕੈਫਾ ਨੂੰ ਜਾਂ ਜੋ ਕੋਈ ਵੀ ਮਹਾਂਜਾਜਕ ਹੋਵੇਗਾ, ਉਹਨਾਂ ਨੂੰ ਕਹੇਗਾ, ਮੈਂ ਆ ਗਿਆ ਹਾਂ। ਉਹ ਇੱਕ ਕਰੋੜ ਸਵਰਗ ਦੂਤਾਂ ਦੇ ਸਲਾਮ ਨਾਲ ਆਵੇਗਾ।ਅਤੇ ਖੁਦਾ ਕਹੇਗਾ, "ਬਹੁਤ ਵਧੀਆ ਇੱਥੇ ਥੱਲੇ ਰਹਿਣ ਵਾਲੇ ਲੋਕੋ, ਤੁਸੀਂ ਸੱਚਮੁੱਚ ਇੱਕ ਬਲਵੰਤ ਕਲੀਸਿਯਾ ਹੋ। ਤੁਸੀਂ ਮੇਰੇ ਲੋਕ ਹੋ। ਮੈਂ ਇੱਥੇ ਧੁਨ ਬਦਲਣ ਜਾ ਰਿਹਾਂ ਹਾਂ ਅਤੇ ਸਵਰਗ ਦੇ ਬੂਹੇ ਇੱਥੇ ਧਰਤੀ 'ਤੇ ਲਿਆਉਣ ਜਾ ਰਿਹਾਂ ਹਾਂ । ਇਸੇ ਸਵੇਰ ਮੈਂ ਤੁਹਾਡੇ ਕੋਲ ਮਸੀਹ ਨੂੰ ਭੇਜ ਰਿਹਾਂ ਹਾਂ। ਮੈਂ ਉਸਨੂੰ ਉੱਥੇ ਵਿਹੜੇ ਵਿੱਚ ਉਤਾਰਾਂਗਾ ਅਤੇ ਤੁਸੀਂ ਸਭ ਲੋਕੋ ਉਸਦੇ ਆਲੇ ਦੁਆਲੇ ਇੱਕਠੇ ਹੋ ਜਾਣਾ ਅਤੇ ਤੁਸੀਂ ਫਲਾਣੇ-ਫਲਾਣੇ ਡਾਕਟਰ, ਅਤੇ ਤੁਸੀਂ ਫਲਾਣੇ-ਫਲਾਣੇ, ਤੁਸੀਂ ਸਭ ਮੁੱਖ ਸਥਾਨਾਂ 'ਤੇ ਖੜੇ ਹੋ ਸੱਕਦੇ ਹੋ ਤਾਂ ਕਿ ਸਭ ਤੋਂ ਪਹਿਲਾਂ ਉਸਦਾ ਸੁਆਗਤ ਕਰੋ, ਤੁਸੀ ਸਮਝੇ ।"

269 ਹੁਣ ਸ਼ਾਇਦ ਹੋ ਸੱਕਦਾ ਹੈ ਕਿ ਲੋਕ ਅੱਜ ਕੁਝ ਅਜਿਹਾ ਹੀ ਸੋਚ ਰਹੇ ਹੋਣ।ਹੁਣ ਮੈਂ ਜਾਣਦਾ ਹਾਂ ਕਿ ਇਹ ਜਰਾ ਕੁ ..... ਇਹ ਗੱਲ ਜਰਾ ਖਰਵੀ ਜਿਹੀ ਹੈ। ਪ੍ਰੰਤੂ ਮੈਂ ਨਹੀਂ ..... ਮੈਂ ਇਹ ਤੁਹਾਨੂੰ ਸਮਝਾਉਣ ਦਾ ਯਤਨ ਕਰ ਰਿਹਾਂ ਹਾਂ ।

270 "ਅਤੇ-ਅਤੇ, ਉੱਥੇ ਇਸਨੇ ਇਸੇ ਤਰ੍ਹਾਂ ਦਾ ਹੋਣਾ ਹੈ।ਅਤੇ ਜੇ ਇਹ ਇਸ ਢੰਗ ਨਾਲ ਨਹੀਂ ਹੁੰਦਾ ਹੈ, ਤਾਂ ਇਹ ਠੀਕ ਨਹੀਂ ਹੈ, ਇਹ ਮਸੀਹ ਵਿਰੋਧੀ ਹੈ। ਸਮਝੇ? ਜੇ ਇਹ ਇਸ ਢੰਗ ਨਾਲ ਨਹੀਂ ਹੁੰਦਾ ਹੈ, ਤਾਂ ਇਹ ਮਸੀਹ ਵਿਰੋਧੀ ਹੈ, ਸੋ ਤੁਸੀਂ ਵੇਖਦੇ ਹੋ ਕਿ ਇਸ ਤਰ੍ਹਾਂ ਨਹੀਂ ਹੋਵੇਗਾ, ਅਤੇ ਇਸ ਲਈ ਉੱਥੇ ਹੋਵੇਗਾ ....ਇਸ ਤੋਂ ਬਾਦ ਜੋ ਅਗਲੀ ਗੱਲ ਹੋਵੇਗੀ, ਉਹ ਲੱਗਭੱਗ ਇੱਕ ਕਰੋੜ ਸਵਰਗਦੂਤਾਂ ਦਾ ਆਪਣੇ-ਆਪਣੇ ਸਾਜ ਸੰਗੀਤ ਨਾਲ ਸਵਾਗਤ ਕਰਨਾ ਹੈ।ਅਤੇ ਉਹ ਉੱਥੇ ਉਸ ਵੇਹੜੇ ਵਿੱਚ ਉੱਪਰ ਥੱਲੇ ਉੱਤਰਨਗੇ ਜਿਸਨੂੰ ਸੁਲੇਮਾਨ ਨੇ ਬਣਵਾਇਆ ਸੀ।ਜਿੱਥੇ ਸੰਤ ਅਤੇ ਧਰਮੀ ਮਨੁੱਖ ਸੁੱਤੇ ਪਏ ਹਨ, ਅਤੇ ਇਸੇ ਤਰ੍ਹਾਂ ਹੋਰ।"

271 "ਜੀ ਹਾਂ ", ਯਿਸੂ ਨੇ ਕਿਹਾ ਸੀ, "ਤੁਸੀਂ ਪਖੰਡੀ ਹੋ, ਤੁਸੀਂ ਸ਼ੈਤਾਨ ਦੀ ਸੰਤਾਨ ਹੋ ।" ਤੁਸੀਂ ਨਬੀਆਂ ਦੀਆਂ ਕਬਰਾਂ 'ਤੇ ਚੂਨਾ ਫੇਰਦੇ ਹੋ, ਅਤੇ ਤੁਹਾਡੇ ਹੀ ਬਾਪ-ਦਾਦਿਆਂ ਨੇ ਉਹਨਾਂ ਨੂੰ ਕਬਰਾਂ ਵਿੱਚ ਰੱਖਿਆ ਹੈ। "ਇਹ ਠੀਕ ਗੱਲ ਹੈ। ਇਹ ਸੱਚ ਹੈ।ਵੇਖਿਆ? " ਕਿੰਨੇ ਹੀ ਨਬੀ ਅਤੇ ਧਰਮੀ ਮਨੁੱਖਾਂ ਨੂੰ ਤੁਹਾਡੇ ਕੋਲ ਭੇਜਿਆ ਗਿਆ ਅਤੇ ਤੁਸੀਂ ਉਹਨਾਂ ਵਿੱਚੋਂ ਹਰ ਇੱਕ ਨੂੰ ਘਾਤ ਕਰ ਦਿੱਤਾ। "ਸਮਝ ਲੱਗੀ? ਪ੍ਰੰਤੂ ਤਦ ਉਸਨੇ ਕਿਸ ਨੂੰ" ਧਾਰਮਿਕਤਾ "ਕਿਹਾ? ਉਸੇ ਨੂੰ ਜਿਸਨੂੰ ਉਹਨਾਂ ਨੇ ਮੂਰਖਤਾ ਅਤੇ ਹਠਧਰਮ " ਕਿਹਾ।ਜੀ ਹਾਂ।

ਉੱਥੇ ਉਹਨਾਂ ਲੋਕਾਂ ਨੇ ਸੋਚ ਲਿਆ ਸੀ ਕਿ ਮਸੀਹ ਉਸ ਢੰਗ ਨਾਲ ਆਏਗਾ।

272 ਪਰ ਜਦ ਉਹ ਤਬੇਲੇ ਵਿੱਚ ਜੰਮਿਆ , ਤਾਂ ਉਸਨੇ ਇੱਕ ਕੁੰਵਾਰੀ ਤੋਂ ਜਨਮ ਲਿਆ ਤੇ ਇੱਕ ਆਮ ਤਰਖਾਣ ਉਸਦੇ ਪਾਲਣ ਪੋਸ਼ਣ ਲਈ ਧਰਮ ਦਾ ਪਿਤਾ ਬਣਿਆ ਅਤੇ ਇੱਕ ਅਣਜਾਤੀ ਛੋਟੀ ਲੜਕੀ ਉਸਦੀ ਮਾਂ ਬਣੀ।ਵੇਖੋ,ਉਹ ਕਿਸੇ ਪ੍ਰਧਾਨ ਜਾਜਕ ਦੀ ਧੀ ਨਹੀਂ ਸੀ ਜਾਂ ਕੁਝ ਹੋਰ।ਉਹ ਇੱਕ ਛੋਟੀ ਔਰਤ ਦੀ ਕੁੱਖ ਤੋਂ ਜੰਮਿਆ ਜੋ ਕਿ ਇੱਕ ਪੁਰਾਣੇ ਜਿਹੇ ਨਗਰ ਨਾਸਰਤ ਦੀ ਰਹਿਣ ਵਾਲੀ ਸੀ।ਅਤੇ ਉਸਦਾ ਪਿਤਾ ਇੱਕ ਸਧਾਰਨ ਆਦਮੀ ਸੀ ਜਿਸਦੀ ਪਹਿਲੀ ਪਤਨੀ ਮਰ ਚੁੱਕੀ ਸੀ।ਉਸਦੇ ਕੁਝ ਬੱਚੇ ਵੀ ਸਨ; ਯੂਸਫ ਦੇ।ਅਤੇ ਮਰਿਯਮ ਉਸਦੀ ਮੰਗੇਤਰ ਸੀ। ਅਤੇ ਤਦ ਉਹ



ਉਹ ਵਿਗਿਆਨਿਕ ਢੰਗ ਦੇ ਨਾਲ ਇਹ ਸਾਬਤ ਕਰ ਸਕਦੇ ਸਨ ਕਿ ਉੱਪਰ ਕੋਈ ਵੀ ਪਾਣੀ ਨਹੀਂ ਹੈ ।

137 ਪ੍ਰੰਤੂ ਇਹ ਸਧਾਰਨ ਚਰਵਾਹਾ ਵਿਸ਼ਵਾਸ਼ ਕਰਦਾ ਸੀ, " ਜੇ ਪ੍ਰਮੇਸ਼ੁਰ ਨੇ ਕਿਹਾ ਹੈ ਕਿ ਵਰਖਾ ਹੋਵੇਗੀ, ਤਾਂ ਵਰਖਾ ਜਰੂਰ ਹੋਵੇਗੀ ।" ਸਮਝ ਲੱਗੀ ?

138 ਅਤੇ ਇਸ ਗੱਲ ਦੀ ਤੁਲਨਾ ਅੱਜ ਕਿਸੇ ਚੰਗਾਈ ਪਾਉਣ ਨਾਲ ਕਰੋ ।ਉਹ ਕਹਿੰਦੇ ਹਨ, ਇਹ ਤਾਂ ਸਿਰਫ ਭਾਵੁਕਤਾ ਜਾਂ ਜਜਬਾਤੀ ਹੋਣਾ ਹੈ ।ਮੈਂ ਵਿਗਿਆਨਕ ਢੰਗ ਨਾਲ ਸਾਬਤ ਕਰਕੇ ਸਿੱਧ ਕਰ ਸਕਦਾ ਹਾਂ ਕਿ ਇਹ ਕੈਂਸਰ ਜਾਂ ਇਸਦੇ ਚਿੰਨ ਅਜੇ ਵੀ ਉੱਥੇ ਹੀ ਹਨ।" ਪ੍ਰੰਤੂ ਇੱਕ ਸਧਾਰਨ ਵਿਸ਼ਵਾਸ਼ੀ ਲਈ ਉਹ ਜਾ ਚੁੱਕੀ ਹੈ । ਸਮਝੇ ? ਕਿਉਂਕਿ ਉਹ ਆਪਣੀ ਬਿਮਾਰੀ ਵੱਲ ਨਹੀਂ ਦੇਖਦਾ, ਉਹ ਤਾਂ ਪ੍ਰਮੇਸ਼ੁਰ ਦੇ ਵਾਇਦੇ ਨੂੰ ਦੇਖਦਾ ਹੈ -ਜਿਵੇਂ ਕਿ ਨੂਹ ਨੇ ਕੀਤਾ ਸੀ ।

139 ਕੀ ਤੁਸੀਂ ਨਹੀਂ ਦੇਖਦੇ ,"ਕਿ ਜਿਸ ਤਰ੍ਹਾਂ ਨੂਹ ਦੇ ਦਿਨ੍ਹਾਂ ਵਿੱਚ ਹੋਇਆ ਸੀ ਉਸੇ ਤਰ੍ਹਾਂ ਹੀ ਮਨੁੱਖ ਦੇ ਪੁੱਤਰ ਦੇ ਦਿਨ੍ਹਾਂ ਵਿੱਚ ਹੋਵੇਗਾ ?"

140 ਵਿਗਿਆਨਿਕ ਦ੍ਰਿਸ਼ਟੀਕੋਣ ਤਾਂ ਕੋਈ ਵੀ ..... ਡਾਕਟਰ ਕਹਿ ਸਕਦਾ ਹੈ, " ਦੇਖੋ ਤੁਹਾਡਾ ਫੋੜਾ ਹਾਲੇ ਵੀ ਉੱਥੇ ਹੀ ਹੈ। ਤੁਹਾਡਾ ਕੈਂਸਰ ਹਾਲੇ ਵੀ ਉੱਥੇ ਹੀ ਹੈ । ਤੁਹਾਡੀ ਬਾਂਹ ਹਾਲੇ ਵੀ ਉਸੇ ਤਰ੍ਹਾਂ ਹੀ ਅਪੰਗ ਹੈ ਜਿਵੇਂ ਇਹ ਪਹਿਲਾਂ ਸੀ । ਤੂੰ ਤਾਂ ਪਾਗਲ ਹੋ ਗਿਆਂ ਹੈਂ ।"

141 ਅਰ ਯਾਦ ਰੱਖੋ ,ਨੂਹ ਦੇ ਦਿਨਾਂ ਵਾਲਾ ਆਤਮਾ, ਅੱਜ ਵੀ ਇੱਥੇ ਹੀ ਹੈ ਜੋ ਇਹ ਕਹਿੰਦਾ ਸੀ ਕਿ," ਉੱਥੇ ਉੱਪਰ ਕੋਈ ਪਾਣੀ ਨਹੀਂ ਹੈ ।" ਪ੍ਰੰਤੂ ਜੇ ਪ੍ਰਮੇਸ਼ੁਰ ਨੇ ਕਿਹਾ ਹੈ ਕਿ ਵਰਖਾ ਹੋਵੇਗੀ ਤਾਂ ਵਰਖਾ ਜਰੂਰ ਹੋਵੇਗੀ ।

142 "ਕਿਉਂਕਿ ਵਿਸ਼ਵਾਸ਼ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ 'ਤੇ ਅਣਡਿੱਠ ਵਸਤਾਂ ਦਾ ਪ੍ਰਮਾਣ ਹੈ । ਅਤੇ ਨਿਹਚਾ ਦਾ ਪੱਕਾ ਅਧਾਰ ਪ੍ਰਮੇਸ਼ੁਰ ਦਾ ਵਚਨ ਹੀ ਹੈ । ਇਹ ਹੀ ਹੈ ਉਹ ਜਿੱਥੇ ਉਸਨੂੰ ਆਪਣੇ ਆਰਾਮ ਦੀ ਥਾਂ ਮਿਲਦੀ ਹੈ।ਕੀ ਤੁਸੀਂ ਇਸਨੂੰ ਸਮਝ ਗਏ ਹੋ ? [ਸੰਗਤ ਉੱਤਰ ਦਿੰਦੀ ਹੈ, "ਆਮੀਨ"-ਸੰਪਾਦਕ ] ਇਸ ਦਾ ਅਧਾਰ ਤਾਂ ਪ੍ਰਮੇਸ਼ੁਰ ਦਾ ਵਚਨ ਹੀ ਹੈ ।

143 ਇਹ ਹੀ ਉਹ ਚੀਜ਼ ਸੀ ਜਿੱਥੇ ਨੂਹ ਦਾ ਵਿਸ਼ਵਾਸ਼ ਟਿਕਿਆ ਹੋਇਆ ਸੀ, ਕਿ " ਪ੍ਰਮੇਸ਼ੁਰ ਨੇ ਅਜਿਹਾ ਕਿਹਾ ਹੈ ।" ਅਤੇ ਇਹ ਜਰੂਰ ਹੋਵੇਗਾ। ਹੁਣ ਜੇ ਤੁਸੀਂ ਫਿਰ ਧਿਆਨ ਕਰੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਅਜਿਹੀ ਗੱਲ ਤੇ ਵਿਸ਼ਵਾਸ਼ ਕਰਨ ਕਾਰਨ ਹੀ ਨੂਹ ਪਾਗਲ ਕਹਿਲਾਇਆ ਸੀ।

144 ਅਤੇ ਅੱਜ ਜੋ ਲੋਕ ਪਵਿੱਤਰ ਆਤਮਾ ਦੇ ਬਪਤਿਸਮੇ ਵਿੱਚ ਵਿਸ਼ਵਾਸ਼ ਕਰਦੇ ਹਨ, ਗਿਰਜਾ ਉਹਨਾਂ ਦੇ ਬਾਰੇ ਵਿੱਚ ਕਹਿੰਦਾ ਹੈ, " ਇਹ ਲੋਕ ਪਾਗਲ ਹਨ। ਇਹ ਕੁਝ ਨਹੀਂ ਹਨ ਬਲਕਿ ਜਾਨ ਬੁੱਝ ਕੇ ਜਜਬਾਤੀ ਬਣੇ ਹੋਏ ਹਨ ਅਤੇ ਰੌਲਾ ਪਾਉਣ ਵਾਲੇ ਲੋਕਾਂ ਦਾ ਝੁੰਡ ਹੈ ।" ਪ੍ਰੰਤੂ ਉਹ ਬਹੁਤ ਥੋੜਾ ਹੀ ਜਾਣਦੇ ਹਨ ਕਿ ਪ੍ਰਮੇਸ਼ੁਰ ਦਾ ਵਚਨ ਅਜਿਹਾ ਹੀ ਸਿਖਾਉਂਦਾ ਹੈ । ਇਹ ਇੱਕ ਵਾਇਦਾ ਹੈ ।

145 ਅਤੇ ਨੂਹ ਨੂੰ ਕੋਈ ਪ੍ਰਵਾਹ ਨਹੀਂ ਸੀ ਕਿ ਉਹ ਕਿੰਨਾ ਵੀ ਇਹ ਕਹਿੰਦੇ ਹਨ ," ਇਸ ਬੁੱਢੇ ਆਦਮੀ ਦੀ ਬੁੱਧੀ ਭ੍ਰਿਸ਼ਟ ਹੋ ਗਈ ਹੈ, ਇਹ ਵਿਗਿਆਨਿਕ ਅਧਾਰ ਤੇ ਗਲਤ ਹੈ । ਪ੍ਰੰਤੂ ਨੂਹ ਲਈ ਇਹ ਪ੍ਰਭੂ ਦਾ ਵਚਨ ਸੀ ਅਤੇ ਨੂਹ ਉਸਤੇ ਹੀ ਸਥਿਰ ਬਣਿਆ ਹੋਇਆ ਸੀ । ਅਰ ਗਿਆਨੀਆਂ ਅਤੇ ਵਿਦਵਾਨਾਂ ਨੇ ਇਸਦੀ ਸਾਦਗੀ ਤੋਂ ਠੋਕਰ ਖਾਧੀ ਅਤੇ ਨਾਸ਼ ਹੋ ਗਏ । ਉਸ ਪੀੜ੍ਹੀ ਲਈ ਇਹ ਕੇਡੀ ਫਿਟਕਾਰ ਹੈ।

146 ਬਥੇਰੇ ਲੋਕ ਕਹਿੰਦੇ ਹਨ ਕਿ " ਜੇ ਮੈਂ ਉਹਨਾਂ ਦਿਨਾਂ ਵਿੱਚ ਹੁੰਦਾ ।" ਨਹੀਂ, ਤੁਹਾਡੀ ਵੀ ਠੀਕ ਉਹੀ ਹਾਲਤ ਹੋਣੀ ਸੀ । ਕਿਉਂਕਿ ਅੱਜ ਵੀ ਉਹ ਹੀ ਗੱਲ ਫਿਰ ਕਹੀ ਜਾ ਰਹੀ ਹੈ, ਸਿਰਫ ਰੂਪ ਹੀ ਬਦਲਿਆ ਹੈ, ਪ੍ਰੰਤੂ ਲੋਕ ਅੱਜ ਵੀ ਉਸੇ ਤਰ੍ਹਾਂ ਹੀ ਠੋਕਰ ਖਾ ਰਹੇ ਹਨ ਜਿਸ ਤਰ੍ਹਾਂ ਉਹਨਾਂ ਨੇ ਉਸ ਵੇਲੇ ਖਾਧੀ ਸੀ ।

147 ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹਨਾਂ ਦਿਨਾਂ ਵਿੱਚ ਉਹਨਾਂ ਦੇ ਕੋਲ ਢੇਰਾਂ ਪ੍ਰਚਾਰਕ ਸਨ, ਪ੍ਰੰਤੂ ਨੂਹ ਪ੍ਰਮੇਸ਼ੁਰ ਦੀ ਪ੍ਰੇਰਣਾ ਨਾਲ ਪ੍ਰੇਰਿਤ ਪ੍ਰਚਾਰਕ ਸੀ । ਅਤੇ ਨੂਹ ਹੀ ਦ੍ਰਿਸ਼ਟੀ ਕਰਕੇ ਦੇਖ ਸਕਦਾ ਸੀ, ਅਤੇ ਦੇਖ ਸਕਦਾ ਸੀ ਕਿ ਕੀ ਹੋਣ ਵਾਲਾ ਹੈ, ਅਰ ਉਹ ਜਾਣਦਾ ਸੀ ਕਿ ਇਸ ਤਰ੍ਹਾਂ ਦੀ ਵਿਭਚਾਰੀ ਅਤੇ ਦੁਸ਼ਟ ਪੀੜ੍ਹੀ ਨੂੰ ਪ੍ਰਮੇਸ਼ੁਰ ਕਦੀ ਨਹੀਂ ਛੱਡੇਗਾ । ਸੋ ਅੱਜ ਅਸੀਂ ਕੀ ਕਰ ਸਕਦੇ ਹਾਂ, ਸਿਵਾਏ ਇਸਦੇ ਕਿ ਉਸੇ ਹੀ ਗੱਲ ਨੂੰ ਫਿਰ ਦੇਖੀਏ। ਇਹ ਅਧੁਨਿਕ ਸਦੂਮ ਅਤੇ ਅਮੂਰਾਹ ਹੈ, ਦੁਸ਼ਟ ਅਤੇ ਵਿਭਚਾਰੀ ਕੌਮ ਹੈ ਜੋ ਆਪਣੀ ਸਿੱਖਿਆ ਅਤੇ ਗਿਆਨ ਵਿੱਚ ਇੰਨੀ ਜ਼ਿਆਦਾ ਡੁੱਬੀ ਹੋਈ ਹੈ ਕਿ ਲੋਕ ਪ੍ਰਮੇਸ਼ੁਰ ਦੇ ਵਚਨ ਨੂੰ ਸਾਦਗੀ ਵਿੱਚ ਜੀਵਿਤ ਪ੍ਰਗਟ ਹੋਣ ਦੇ ਬਾਵਜੂਦ ਵੀ ਠੋਕਰ ਖਾ ਰਹੇ ਹਨ ਜਦਕਿ ਖੁਦਾ ਆਪਣੇ ਵਚਨ ਨੂੰ ਸਧਾਰਨਤਾ ਵਿੱਚ ਪ੍ਰਗਟ ਕਰ ਰਿਹਾ ਹੈ ।

148 ਸੰਸਾਰ ਵਿੱਚ ਕੋਈ ਵੀ ਅਜਿਹਾ ਮਨੁੱਖ ਨਹੀਂ ਹੈ, ਰੋਸੇਲਾ, ....... ਜਾਂ ਕੋਈ ਹੋਰ ਜੋ ਇਹ ਕਹਿ ਸਕੇ ਕਿ, ਅਸੀਂ ਆਪਣੇ ਵਿਚਕਾਰ ਪ੍ਰਮੇਸ਼ੁਰ ਦਾ ਵਚਨ ਪ੍ਰਗਟ ਹੁੰਦੇ ਹੋਏ ਨਹੀਂ ਦੇਖ ਰਹੇ ਹਾਂ। ਅੰਤ ਦੇ ਦਿਨਾਂ ਲਈ ਜੋ ਵਾਇਦਾ ਕੀਤਾ ਗਿਆ ਸੀ , ਸ਼ਾਮਾਂ ਵੇਲੇ ਦੇ ਚਾਨਣੇ ਜੋ ਚਮਕਣੇ ਸਨ, ਅਸੀਂ ਭਾਗਾਂ ਵਾਲੇ ਲੋਕ ਹਾਂ ਜੋ ਇਹ ਸਭ ਵੇਖ ਰਹੇ ਹਾਂ । ਅਤੇ, ਜਦਕਿ ਸੰਸਾਰ ਦੇ ਉੱਚ ਸਿੱਖਿਆ ਪ੍ਰਾਪਤ ਲੋਕਾਂ ਤੋਂ ਇਹ ਗੱਲਾਂ ਛੁਪੀਆਂ ਹੋਈਆਂ ਹਨ । ਪ੍ਰਭੂ ਯਿਸੂ ਨੇ ਪਿਤਾ ਪ੍ਰਮੇਸ਼ੁਰ ਦੇ ਅੱਗੇ ਬੇਨਤੀ ਕਰਦਿਆਂ ਕਿਹਾ ਸੀ - ਉਸਨੇ ਕਿਹਾ ਸੀ, " ਹੇ ਪਿਤਾ, ਤੈਨੂੰ ਇਹ ਹੀ ਚੰਗਾ ਲੱਗਾ ਕਿ ਤੂੰ ਇਹ ਉਹਨਾਂ ਕੋਲੋਂ ਛੁਪਾ ਰੱਖੇਂ । ਇਸ ਲਈ ਪਿਤਾ ਤੂੰ ਇਹ ਉਹਨਾਂ ਤੋਂ ਛੁਪਾਇਆ ਹੈ । ਉਹਨਾਂ ਨੂੰ ਉਹਨਾਂ ਦੀ ਚਤੁਰਾਈ ਵਿੱਚ ਰਹਿਣ ਦਿੱਤਾ ........

149 ਤੁਸੀਂ ਵੇਖੋ ਕਿ ਇਹ ਸੰਸਾਰਕ ਗਿਆਨ ਹੀ ਸੀ ਜਿਸ ਨੇ ਸ਼ੁਰੂ ਵਿੱਚ ਹੀ ਪਾਪ ਦੇ ਗੰਦੇ ਖੱਡੇ ਵਿੱਚ ਗੇਂਦ ਨੂੰ ਰੇੜਨਾ ਸ਼ੁਰੂ ਕੀਤਾ; ਕਿਉਂਕਿ ਹੱਵਾਹ ਗਿਆਨ ਦੀ ਭਾਲ ਵਿੱਚ ਸੀ ਜਦ ਸ਼ੈਤਾਨ ਉਸ ਨੂੰ ਮਿਲਿਆ ਸੀ , ਅਤੇ ਸ਼ੈਤਾਨ ਨੇ ਹੀ ਉਸਨੂੰ ਇਹ ਦਿੱਤਾ ਸੀ , ਸਮਝੇ ।ਅਤੇ ਗਿਆਨ ਵਿਸ਼ਵਾਸ਼ ਦੇ ਵਿਰੁੱਧ ਹੈ।ਸਾਨੂੰ ਇਹ ਨਹੀਂ ਕਿਹਾ ਜਾਂਦਾ ਕਿ ਬੁੱਧੀ ਜਾਂ ਗਿਆਨ ਪ੍ਰਾਪਤ ਕਰੀਏ । ਸਾਨੂੰ ਵਿਸ਼ਵਾਸ਼ ਪ੍ਰਾਪਤ ਕਰਨ ਲਈ ਕਿਹਾ ਜਾਂਦਾ ਹੈ ਉਸ ਉੱਤੇ ਜੋ ਪਹਿਲਾਂ ਹੀ ਕਿਹਾ ਜਾ ਚੁੱਕਾ ਹੈ । ਇਸ ਲਈ ਸਮਝੇ ? ਪ੍ਰੰਤੂ ਅੱਜ ਗਿਆਨ ਨਾਲ ਭਰੇ ਹੋਏ ਵਿਦਵਾਨ ਦੇ ਵਚਨੂੰ ਇਸ ਢੰਗ ਨਾਲ



ਦੁਆਰਾ ਅਜਿਹੀ ਜੱਥੇਬੰਦੀ ਬਣਾ ਲਈ ਕਿ ਜਦ ਪਵਿੱਤਰ ਆਤਮਾ ਨੇ ਉਹਨਾਂ ਵਿੱਚ ਸੱਚਾਈ ਭੇਜੀ ਤਾਂ ਉਹ ਲੋਕ ਇਸਨੂੰ ਕਬੂਲ ਨਾ ਕਰ ਸਕੇ।

264 ਅਤੇ ਬਿਲਕੁੱਲ ਇਸੇ ਤਰ੍ਹਾਂ ਅੱਜ ਹੈ। ਮੇਰਾ ਮਤਲਬ ਸਖਤ ਗੱਲਾਂ ਕਰਨਾ ਨਹੀਂ ਹੈ ਪ੍ਰੰਤੂ ਇਹ ਸੱਚ ਹੈ। ਅੱਜ ਵੀ ਠੀਕ ਅਜਿਹਾ ਹੀ ਹੈ। ਉਹ ਵਚਨ ਨੂੰ ਬਹੁਤ ਹੀ ਗੁੰਝਲਦਾਰ ਬਣਾਉਂਦੇ ਹਨ ਅਤੇ ਉਸਦਾ ਅਰਥ ਕੋਈ ਹੋਰ ਲਗਾ ਲੈਂਦੇ ਹਨ। ਉਹ ਆਪਣੀ ਹੀ ਸਿੱਖਿਆ ਸਿਖਾਉਂਦੇ ਹਨ ..... ਜਿਵੇਂ ਕਿ ਕਿਹਾ ਗਿਆ ਹੈ, " ਖੁਦਾ ਦੇ ਕਦੇ ਵੀ ਪੋਤੇ ਪੋਤੀਆਂ ਨਹੀਂ ਹੁੰਦੇ ਹਨ।" ਕੀ ਤੁਸੀਂ ਇਹ ਜਾਣਦੇ ਹੋ? ਪ੍ਰਮੇਸ਼ੁਰ ਦੇ ਪੁੱਤਰ ਹਨ , ਪ੍ਰੰਤੂ ਪ੍ਰਮੇਸ਼ੁਰ ਦਾ ਕੋਈ ਪੋਤਾ ਅਤੇ ਪੋਤੀ ਨਹੀਂ ਹੈ। ਜਿਵੇਂ ਤੁਹਾਡੇ ਵੱਡਿਆਂ ਨੇ ਕੀਤਾ ਉਸੇ ਤਰ੍ਹਾਂ ਹੀ ਤੁਹਾਨੂੰ ਵੀ ਕਰਨਾ ਚਾਹੀਦਾ ਹੈ। ਹਰ ਇੱਕ ਮਨੁੱਖ ਨੇ ਉਹ ਹੀ ਕੀਮਤ ਚੁਕਾਉਣੀ ਹੈ ਜੋ ਤੁਹਾਡੇ ਵੱਡਿਆਂ ਨੇ ਚੁਕਾਈ ਅਤੇ ਉਸੇ ਰਾਹ 'ਤੇ ਚੱਲਣਾ ਚਾਹੀਦਾ ਹੈ ਜਿਸ 'ਤੇ ਤੁਹਾਡੇ ਵੱਡੇ ਚੱਲੇ।

265 ਹੁਣ, ਇਸ ਲਈ ਜਦ ਉਹ ਮਸੀਹਾ ਆਇਆ ਤਾਂ ਉਹ ਬਹੁਤ ਹੀ ਸਧਾਰਨ ਸੀ .... ਚਾਰ ਹਜ਼ਾਰ ਸਾਲਾਂ ਤੋਂ ਹਰ ਇੱਕ ਨਬੀ ਨੇ ਉਸਦੇ ਬਾਰੇ ਵਿੱਚ ਕਿਹਾ, ਦਾਊਦ ਨੇ ਉਸਦੇ ਬਾਰੇ ਵਿੱਚ ਭਜਨ ਗਾਏ ਅਤੇ ਸਾਰੇ ਨਬੀਆਂ ਨੇ ਉਸਦੇ ਬਾਰੇ ਵਿੱਚ ਦੱਸਿਆ।ਅਤੇ ਜਦ ਉਹ ਆਇਆ ਤਾਂ ਲੋਕਾਂ ਨੇ ਉਸਦੇ ਬਾਰੇ ਵਿੱਚ ਆਪਣੀ ਹੀ ਵਿਚਾਰਧਾਰਾ ਬਣਾਈ ਹੋਈ ਸੀ, ਕਿ ਉਸ ਨੂੰ ਕੀ ਕਰਨਾ ਚਾਹੀਦਾ, ਉਹ ਕੀ ਕਰਨ ਵਾਲਾ ਹੈ। ਇਸ ਬਾਰੇ ਵਿੱਚ ਕਿਸ ਤਰ੍ਹਾਂ ਸਭ ਕੁਝ ਸਮਝਾ ਦਿੱਤਾ ਗਿਆ ਸੀ ,ਉਸਦੇ ਬਾਰੇ ਕੁਝ ਅਜਿਹੀ ਧਾਰਨਾ ਅਨੁਸਾਰ ਉਹਨਾਂ ਗੱਲਾਂ ਨੂੰ ਨਕਸ਼ਿਆਂ ਅਤੇ ਚਾਰਟਾਂ 'ਤੇ ਉਲੀਕਿਆ ਹੋਇਆ ਸੀ,ਇਸ ਹੱਦ ਤੱਕ ਕਿ ਜਦ ਉਹ ਬੜੇ ਸਾਦੇ ਜਿਹੇ ਢੰਗ ਨਾਲ ਪ੍ਰਗਟ ਹੋਇਆ ਤਾਂ ਉਹਨਾਂ ਦੀ ਵਿਚਾਰਧਾਰਾ ਅਤੇ ਉਹਨਾਂ ਦੇ ਮੱਤਾਂ ਨੂੰ ਚੂਰ-ਚੂਰ ਕਰ ਦਿੱਤਾ।ਦੇਖਿਆ , ਉਹਨਾਂ ਨੂੰ ਇਸਦਾ ਪਤਾ ਵੀ ਨਹੀਂ ਲੱਗਾ।

266 ਉਹ ਵਚਨ ਦੇ ਅਨੁਸਾਰ ਆਇਆ ਸੀ। ਕੀ ਤੁਸੀਂ ਵਿਸ਼ਵਾਸ਼ ਕਰਦੇ ਹੋ ਕਿ ਪ੍ਰਮੇਸ਼ੁਰ ਨੇ ਨਬੀਆਂ ਦੇ ਰਾਹੀਂ ਬੋਲ ਕੇ ਕਿਹਾ ਸੀ ਕਿ ਉਹ ਮਸੀਹਾ ਇੱਕ ਖਾਸ ਢੰਗ ਨਾਲ ਆਏਗਾ? ਇਹ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਸਾਡੇ ਕੋਲ ਇੱਕ ਘੰਟਾ ਹੋਰ ਨਹੀਂ ਹੈ, ਕਿ ਅਸੀਂ ਇਸ ਉੱਤੇ ਹੋਰ ਜਿਆਦਾ ਅਧਿਐਨ ਕਰ ਸਕਦੇ ਅਤੇ ਸਮਝਾਉਂਦੇ ਕਿ ਇਹ ਕਿਸ ਤਰ੍ਹਾਂ ਸੀ।ਸਮਝੇ? ਜਦਕਿ ਸਾਡੇ ਵਿੱਚੋਂ ਅਨੇਕਾਂ ਜਾਣਦੇ ਹਨ ਕਿ ਇਹ ਕਿਸ ਤਰ੍ਹਾਂ ਸੀ।ਕਿਸ ਤਰ੍ਹਾਂ ਖੁਦਾ ਨੇ ਕਿਹਾ ਸੀ ਕਿ ਮਸੀਹ ਕਿਸ ਤਰ੍ਹਾਂ ਆਵੇਗਾ। ਉਸਨੇ ਆਖਿਆ ਸੀ, " ਹੇ ਬੈਤਲਹਮ ਯਹੂਦਾ ਦੇਸ ਦੇ, ਤੂੰ ਯਹੂਦਾਹ ਦੇ ਹਾਕਮਾਂ ਵਿੱਚੋਂ ਕਿਸੇ ਤਰ੍ਹਾਂ ਛੋਟਾ ਨਹੀਂ ਹੈਂ .... " ਅਤੇ ਪ੍ਰਮੇਸ਼ੁਰ ਨੇ ਅੱਗੇ ਆਉਣ ਵਾਲੀਆਂ ਸਭ ਗੱਲਾਂ ਦੱਸ ਦਿੱਤੀਆਂ ਸਨ, ਕਿ ਉਹ ਕੀ ਕਰੇਗਾ, ਅਤੇ ਉਹ ਕਿਵੇਂ ਕਰੇਗਾ।ਸਮਝੇ?

267 ਅਤੇ ਤਾਂ ਵੀ ਉਹ ਬਹੁਤ ਸਧਾਰਨ ਸੀ। ਉਸ ਸਮੇਂ ਦੇ ਵੱਡੇ-ਵੱਡੇ ਵਿਦਵਾਨ ਵੀ ਉਸਨੂੰ ਪਛਾਨਣ ਵਿੱਚ ਫੇਲ ਹੋ ਗਏ ਸਨ, ਕਿਉਂਕਿ ਉਹਨਾਂ ਨੇ ਵਚਨ ਵਿੱਚ ਬਹੁਤ ਗੜਬੜੀ ਪੈਦਾ ਕਰ ਦਿੱਤੀ ਸੀ।ਪਰ ਤੁਸੀਂ ਜਾਣਦੇ ਹੋ ਕਿ ਯਿਸੂ ਵਚਨ ਦੇ ਉਲਟ ਨਹੀਂ ਆਇਆ ਸੀ।ਉਹ ਵਚਨ ਦੇ ਅਨੁਸਾਰ ਆਇਆ ਸੀ, ਪ੍ਰੰਤੂ ਉਹ ਉਹਨਾਂ ਦੇ ਤਰਜਮੇ ਦੇ ਉਲਟ ਆਇਆ ਸੀ।- ਵੇਖਿਆ? ਉਸਨੇ ਉਹਨਾਂ ਗੱਲਾਂ ਦੀ ਸਿੱਖਿਆ ਦਿੱਤੀ ਜੋ ਉਹਨਾਂ ਦੀਆਂ ਧਾਰਮਿਕ ਸੰਸਥਾਵਾਂ ਦੇ ਉਲਟ ਸਨ।

256 ਜਿਸ ਸਮੇਂ ਉਹ ਸਮੇਂ ਦੇ ਦ੍ਰਿਸ਼ 'ਤੇ ਆਉਂਦਾ ਹੈ ਤਾਂ ਜਿਨ੍ਹਾਂ ਲੋਕਾਂ ਦੇ ਲਈ ਉਸਨੂੰ ਭੇਜਿਆ ਗਿਆ ਸੀ, ਉਹ ਆਪਣਾ ਹੀ ਅਨੁਵਾਦ ਕਰਕੇ ਅਰਥ ਲਗਾਉਣ ਲੱਗ ਪਏ ਸਨ ਅਤੇ ਉਹਨਾਂ ਨੇ ਆਪਣੀਆਂ ਕਲਪਨਾ ਦੀ ਵਿਆਖਿਆ ਵਿੱਚ ਸੋਚ ਲਿਆ ਸੀ ਕਿ ਉਸ ਨੂੰ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ।

257 ਬਾਈਬਲ ਕਦੇ ਵੀ ਨਹੀਂ ਬਦਲਦੀ ਹੈ। ਬਾਈਬਲ ਹਮੇਸ਼ਾਂ ਹੀ ਇੱਕੋ ਜਿਹੀ ਰਹਿੰਦੀ ਹੈ।ਇਹ ਹੀ ਕਾਰਨ ਹੈ ਕਿ ਮੈਂ ਕਹਿੰਦਾ ਹਾਂ, ਜਿਵੇਂ ਵਚਨ ਕਹਿੰਦਾ ਹੈ, ਮੈਂ ਉਸੇ 'ਤੇ ਹੀ ਅਟੱਲ ਬਣਿਆ ਰਹਿੰਦਾ ਹਾਂ।" ਬਾਈਬਲ ਦਾ ਕੋਈ ਵੀ ਨਿੱਜੀ ਤਰਜਮਾ ਨਹੀਂ ਹੈ।"

258 ਇਸ ਲਈ ਮੈਥੋਡਿਸਟੋ, ਬੈਪਟਿਸਟੋ, ਪੈਂਟੀਕਾਸਟਲੋ, ਤੁਸੀਂ ਇਹ ਨਾ ਕਹੋ ਕਿ, "ਇਸਦਾ ਅਰਥ ਇਹ ਨਹੀਂ ਹੁੰਦਾ ਹੈ , ਇਸਦਾ ਅਰਥ ਇਹ ਹੁੰਦਾ ਹੈ।" ਤੁਸੀਂ ਇਸ ਵਿੱਚ ਆਪਣਾ ਅਨੁਵਾਦ ਕਰਨ ਦੀ ਕੋਸ਼ਿਸ਼ ਨਾ ਕਰੋ।

259 ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਜਿਸ ਤਰ੍ਹਾਂ ਇਹ ਕਿਹਾ ਗਿਆ ਹੈ , ਇਸਨੂੰ ਬਿਲਕੁੱਲ ਉਸੇ ਤਰ੍ਹਾਂ ਹੀ ਰਹਿਣ ਦਿਓ। ਕੋਈ ਕਹਿ ਸੱਕਦਾ ਹੈ, "ਇਹ ਕਿਵੇਂ ਹੋ ਸੱਕਦਾ ਹੈ ?" ਮੈਂ ਨਹੀਂ ਜਾਣਦਾ ਹਾਂ ਕਿ ਇਹ ਕਿਵੇਂ ਹੋ ਸੱਕਦਾ ਹੈ । ਇਸ ਤਰ੍ਹਾਂ ਕਹਿਣਾ ਮੇਰਾ ਕੰਮ ਨਹੀਂ ਹੈ। ਇਹ ਪ੍ਰਮੇਸ਼ੁਰ ਹੈ ਜੋ ਇਸਦੀ ਚਿੰਤਾ ਕਰਦਾ ਹੈ।ਇਹ ਮੈਂ ਨਹੀਂ ਹਾਂ ਬਲਕਿ ਉਹ ਹੀ ਇੱਕ ਅਜਿਹਾ ਹੈ ਜਿਸਨੇ ਇਹ ਕਿਹਾ ਹੈ, ਅਤੇ ਉਹ ਹੀ ਆਪਣੇ ਵਚਨ ਦੀ ਚੋਕਸੀ ਕਰੇਗਾ।

260 ਪ੍ਰੰਤੂ ਹੁਣ ਵੇਖੋ, ਇਸ ਮਸੀਹ ਦੀ ਭਵਿੱਖਬਾਣੀ ਕੀਤੀ ਜਾ ਚੁੱਕੀ ਸੀ। ਨਬੀ ਇਹ ਬਿਲਕੁੱਲ ਠੀਕ-ਠੀਕ ਦੱਸ ਚੁੱਕੇ ਸਨ ਕਿ ਉਹ ਕਿਵੇਂ ਆਏਗਾ, ਉਹ ਕੀ ਕਰੇਗਾ।ਪ੍ਰੰਤੂ ਲੋਕਾਂ ਨੇ ਉਸਦੇ ਬਾਰੇ ਵਿੱਚ ਆਪਣੀ ਨਿੱਜੀ ਵਿਆਖਿਆ ਕੀਤੀ ਕੀਤੀ ਹੋਈ ਸੀ। ਜਦ ਉਹ ਆਇਆ ਤਾਂ ਉਹ ਇੰਨੇ ਸਧਾਰਨ ਢੰਗ ਨਾਲ , ਏਨੀ ਸਧਾਰਨਤਾ ਵਿੱਚ ਆਇਆ ਕਿ ਸਾਰੀਆਂ ਨਾਮਧਾਰੀ ਕਲੀਸਿਯਾਵਾਂ ਦਾ ਝੁੰਡ ਇਸ ਤੋਂ ਠੋਕਰ ਖਾ ਗਿਆ ਸੀ।ਕੀ ਇਹ ਠੀਕ ਹੈ? [ ਸੰਗਤ ਆਖਦੀ ਹੈ, "ਆਮੀਨ"-ਸੰਪਾ] ਉੱਥੇ ਜਿੰਨੇ ਮਨੁੱਖਾਂ ਨੇ ਸਿੱਖਿਆ ਸੀ .......

261 ਕੋਈ ਵੀ ਤਦ ਤੱਕ ਜਾਜਕ ਜਾਂ ਗੁਰੂ ਨਹੀਂ ਬਣ ਸੱਕਦਾ ਜਦ ਤੱਕ ਉਹ ਲੇਵੀ ਦੇ ਘਰਾਣੇ ਵਿੱਚ ਪੈਦਾ ਨਾ ਹੋਇਆ ਹੋਵੇ। ਅਤੇ ਜਰਾ ਸੋਚੋ, ਕਿ ਉਸਦੇ ਦਾਦੇ ਦਾ ਦਾਦਾ, ਦਾਦੇ ਦਾ ਦਾਦਾ, ਪੜਦਾਦਾ ਜਾਜਕ ਸੀ, ਠੀਕ ਵਚਨ ਵਿੱਚ ਸੀ, ਅਰ ਦਿਨ ਅਤੇ ਰਾਤ ਭਵਨ ਵਿੱਚ ਰਹਿੰਦਾ ਸੀ।

262 ਜਿਵੇਂ ਕਿ ਕੈਥੋਲਿਕ ਪਾਦਰੀ ਜਾਂ ਬਿਸ਼ਪ ਹੁੰਦੇ ਹਨ ਜੋ ਕਿਸੇ ਖਾਸ ਚਰਚ ਦੇ ਪੀੜ੍ਹੀ ਦਰ ਪੀੜ੍ਹੀ ਪਰਿਵਾਰਿਕ ਸੇਵਕ ਬਣਦੇ ਚਲੇ ਆਉਂਦੇ ਹਨ।ਲੋਕ ਕਹਿੰਦੇ ਹਨ, " ਮੇਰੇ ਦਾਦਾ , ਪੜਦਾਦਾ ਮੈਥੋਡਿਸਟ ਦੇ ਬਿਸ਼ਪ ਸਨ । ਮੇਰੇ ਦਾਦਾ ਜੀ ਬਿਸ਼ਪ ਸਨ ਅਤੇ ਆਦਿ,ਆਦਿ।" ਸਮਝੇ?

263 ਉਹ ਸਭ ਜੋ ਵਚਨ ਵਿੱਚ ਜੀ ਰਹੇ ਸਨ , ਉਹਨਾਂ ਨੇ ਇਸਦੇ ਬਾਰੇ ਵਿੱਚ ਆਪਣੀ ਹੀ ਧਾਰਨਾ ਬਣਾ ਲਈ ਸੀ। ਅਤੇ ਉਹਨਾਂ ਨੇ ਆਪਣੇ ਬੱਚਿਆ ਨੂੰ ਜਿਸ ਢੰਗ ਨਾਲ ਸਿਖਾਇਆ ਉਹਨਾਂ ਨੇ ਉਸੇ ਢੰਗ ਨਾਲ ਇਸਨੂੰ ਕਬੂਲ ਕੀਤਾ। ਅਰ ਇੱਥੋਂ ਤੱਕ ਹੋ ਗਿਆ ਸੀ ਕਿ ਬਾਪ,ਦਾਦਿਆਂ ਨੇ ਮੂਲ ਵਚਨ ਤੋਂ ਹੱਟ ਕੇ ਵਚਨ ਸਿਖਾਇਆ ਅਤੇ ਉਨ੍ਹਾਂ ਨੇ ਆਪਣੀ ਉਸੇ ਧਾਰਮਿਕ ਸਿੱਖਿਆ ਦੇ



ਲਿਸ਼ਕਾਉਂਦੇ ਤੇ ਇਸਦੀ ਆਪਣੀ ਵਿਆਖਿਆ ਕਰਕੇ ਲੋਕਾਂ ਅੱਗੇ ਪੇਸ਼ ਕਰਦੇ ਹਨ ,ਹਮੇਸ਼ਾਂ ਇਸੇ ਤਰ੍ਹਾਂ ਹੀ ਹੋਇਆ ਹੈ । ਅੱਜ ਵੀ ਉਹ ਠੀਕ ਇਸੇ ਤਰ੍ਹਾਂ ਹੀ ਕਰ ਰਹੇ ਹਨ। ਅੱਜ ਵੀ ਇਹ ਠੀਕ ਉਸੇ ਮਾਪ ਨਾਲ ਹੈ, ਹੁਣ ਲੋਕ, ਪਰ ........

150 ਉਸ ਵੇਲੇ ਲੋਕ ਇਸਨੂੰ ਪਾਉਣ ਤੋਂ ਰਹਿ ਗਏ ਸਨ, ਅਤੇ ਜਿਵੇਂ ਉਹ ਉਦੋਂ ਰਹਿ ਗਏ ਸਨ, ਬਿਲਕੁੱਲ ਉਸੇ ਤਰ੍ਹਾਂ ਹੀ ਅੱਜ ਵੀ ਲੋਕ ਰਹਿ ਰਹੇ ਹਨ । ਉਹ ਅੱਜ ਵੀ ਉਸੇ ਤਰ੍ਹਾਂ ਕਰ ਰਹੇ ਹਨ । ਕਿਉਂਕਿ ਉਹ ...... ਕਾਰਨ ਜਿਸ ਦੀ ਵਜਾ ਨਾਲ ਉਹ ਇਸਨੂੰ ਪਾਉਣ ਵਿੱਚ ਫੇਲ ਹੋ ਗਏ ਉਹਨਾਂ ਦੀ ਅਧਿਕ ਬੁੱਧੀ ਸੀ । ਸਮਝੇ ? ਹੁਣ, ਸੰਦੇਸ਼ ਇੰਨਾ ਸਾਦਾ ਸੀ ਕਿ ਚਾਤਰ ਬੁੱਧੀ ਦੇ ਲੋਕ ਉਸ ਸੰਦੇਸ਼ ਦੀ ਸਾਦਗੀ ਦਾ ਵਿਸ਼ਵਾਸ਼ ਕਰਨ ਵਿੱਚ ਕੁਝ ਜਿਆਦਾ ਹੀ ਤੇਜ ਜਾਂ ਚਾਤਰ ਸਨ।ਹੇ ਮੇਰੇ, ਪ੍ਰਭੂ! ਖੁਦਾ ਨੇ ਸੱਚਾਈ ਵਿੱਚ ਉਸਨੂੰ ਏਨਾ ਜਿਅਦਾ ਸਾਧਾਰਨ ਬਣਾਇਆ ਕਿ ਬੁੱਧੀਮਾਨ ਅਤੇ ਚਲਾਕ ਲੋਕ ਇਸਨੂੰ ਵੇਖਣ ਤੋਂ ਰਹਿ ਗਏ ਸਨ, ਕਿਉਂਕਿ ਇਹ ਬਹੁਤ ਹੀ ਸਧਾਰਨ ਸੀ । ਠੀਕ ਹੈ, ਇਸ ਤੋਂ ਹੀ ਪ੍ਰਮੇਸ਼ੁਰ ਦੀ ਮਹਾਨਤਾ ਮਹਾਨ ਬਣ ਜਾਂਦੀ ਹੈ; ਕਿਉਂਕਿ ਪ੍ਰਮੇਸ਼ੁਰ ਅੱਤ ਮਹਾਨ ਹੋਣ ਦੇ ਬਾਵਜੂਦ ਵੀ ਅੱਤ ਸਧਾਰਨ ਬਣ ਜਾਂਦਾ ਹੈ ।

151 ਲੋਕ ਅੱਜ ਇਹ ਪ੍ਰਗਟ ਕਰ ਰਹੇ ਹਨ ਕਿ ਉਹ ਪ੍ਰਮੇਸ਼ੁਰ ਦੇ ਨਹੀਂ ਹਨ, ਉਹ ਮਹਾਨ ਹਨ ਅਤੇ ਹੋਰ ਮਹਾਨ ਬਣਨ ਦਾ ਯਤਨ ਕਰ ਰਹੇ ਹਨ, ਅਤੇ ਆਪਣੇ ਆਪ ਨੂੰ ਮਹਾਨ ਪ੍ਰਗਟ ਕਰਦੇ ਹਨ, ਅਤੇ ਆਪ ਨੂੰ, "ਮਹਾਨ ਬਿਸ਼ਪ, ਡਾਕਟਰ ਦੀ ਡਿਗਰੀ ਪ੍ਰਾਪਤ ਕੀਤੇ ਹੋਏ ਪਵਿੱਤਰ ਪੋਪ", ਪ੍ਰਗਟ ਕਰਦੇ ਹਨ, ਅਤੇ ਉਹ ਆਪਣੇ ਆਪ ਨੂੰ ਉਹ ਵਿਖਾਉਣ ਲਈ ਜੋ ਉਹ ਅਸਲ ਵਿੱਚ ਨਹੀਂ ਹਨ, ਸਭ ਕੁਝ ਕਰਦੇ ਹਨ । ਅਤੇ ਖੁਦਾ, ਜੋ ਅੱਤ ਮਹਾਨ ਹੈ, ਉਹ ਆਪਣੇ ਆਪ ਨੂੰ ਇੰਨਾ ਥੱਲੇ ਲੈ ਆਇਆ ਕਿ ਉਹ ਸਧਾਰਨ ਬਣ ਗਿਆ ਹੈ । ਸਾਦਗੀ ਹੀ ਮਹਾਨਤਾ ਹੈ ।

152 ਅਸੀਂ ਜੈਟ ਹਵਾਈ ਜਹਾਜ ਬਣਾ ਸਕਦੇ ਹਾਂ, ਅਸੀਂ ਰਾਕੇਟ ਜਾਂ ........ ਮਿਜਾਇਲ ਨੂੰ ਗ੍ਰਹਿ ਵਿੱਚ ਛੱਡ ਸਕਦੇ ਹਾਂ । ਅਤੇ ਅਸੀਂ ਇਹ ਸਭ ਚੀਜ਼ਾਂ ਕਰ ਸਕਦੇ ਹਾਂ, ਪਰ ਅਸੀਂ ਘਾਹ ਦੀ ਇੱਕ ਪੱਤੀ ਨੂੰ ਨਹੀਂ ਬਣਾ ਸਕਦੇ ਹਾਂ । ਅ-ਅਹ ।ਆਮੀਨ । ਇਸਦੇ ਬਾਰੇ ਕੀ ਕਰ ਸਕਦੇ ਹਾਂ? ਪ੍ਰੰਤੂ ਵਾਪਿਸ ਆਉਣ ਦੀ ਕੋਸ਼ਿਸ਼ ਕਰਨ ਦੀ ਬਜਾਏ, ਅਰ ਇਹ ਦੇਖਣ ਦੀ ਬਜਾਏ ਕਿ ਕੋਣ ਘਾਹ ਨੂੰ ਬਣਾਉਂਦਾ ਹੈ, ਅਤੇ ਉਸ ਪ੍ਰਮੇਸ਼ੁਰ ਨੂੰ ਕਬੂਲ ਕਰਨ ਦੀ ਬਜਾਏ ਜੋ ਘਾਹ ਦੀ ਸ੍ਰਿਸ਼ਟੀ ਕਰਦਾ ਹੈ, ਅਸੀਂ ਮਿਜ਼ਾਇਲ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਜੋ ਛੇਤੀ ਨਾਲ ਦੂਸਰਿਆਂ ਤੋਂ ਪਹਿਲਾਂ ਬਣਾ ਕੇ ਉੱਪਰ ਭੇਜੀ ਜਾ ਸਕੇ ।ਸਮਝੇ ?

153 ਅਸੀਂ ਆਪਣਿਆਂ ਗਿਰਜਿਆਂ ਵਿੱਚ ਇੰਨੇ ਜਿਆਦਾ ਬੁੱਧੀਮਾਨ ਹਾਂ ਕਿ ਅਸੀਂ ਦਸ ਲੱਖ ਡਾਲਰ ਜਾਂ ਇੱਕ ਕਰੋੜ ਡਾਲਰ ਦੀ ਲਾਗਤ ਦਾ ਗਿਰਜਾ ਬਣਾ ਸਕਦੇ ਹਾਂ, ਅਤੇ ਤਦ ਵੀ ਇਹ ਹੀ ਕੋਸ਼ਿਸ਼ ਰਹਿੰਦੀ ਹੈ ਕਿ ਅਸੀਂ ਅਪਣਾ ਗਿਰਜਾ ਇਸ ਤਰ੍ਹਾਂ ਦਾ ਬਣਾਈਏ ਜੋ ਮੈਥਡਿਸਟਾਂ ਦੇ ਗਿਰਜੇ ਤੋਂ ਜਿਆਦਾ ਆਲੀਸ਼ਾਨ ਹੋਵੇ, ਜਾਂ ਬੈਪਟਿਸਟ ਅਜਿਹਾ ਭਵਨ ਬਣਾਉਂਦੇ ਹਨ ਜੋ ਪ੍ਰੈਸਬਾਈਟੇਰੀਅਨ ਤੋਂ ਵੱਧ ਆਲੀਸ਼ਾਨ ਹੋਵੇ ਅਤੇ ਪੈਤੀਂਕਾਸਟਲ ਵੀ ਇਸੇ ਚੂਹਾ ਦੋੜ ਵਿੱਚ ਸ਼ਾਮਿਲ ਹਨ। ਪ੍ਰੰਤੂ ਅਸਲੀ ਗੱਲ ਤਾਂ ਇਹ ਹੈ ਕਿ ਅਸੀਂ ਆਪਣੇ ਤੋਰ ਤਰੀਕਿਆਂ ਵਿੱਚ ਐਡੇ ਚਾਤਰ ਹਾਂ ਕਿ ਅਸੀਂ ਆਪਣੇ ਆਪ ਨੂੰ ਨੀਵਾਂ ਕਰਨੋਂ ਰਹਿ ਜਾਂਦੇ ਹਾਂ ਅਰ ਉਸ ਪ੍ਰਮੇਸ਼ੁਰ ਨੂੰ ਕਬੂਲ ਨਹੀਂ ਕਰਦੇ

ਜੋ ਇੱਕ ਛੋਟੀ ਜਿਹੀ ਕਲੀਸਿਯਾ ਵਿੱਚ ਮੋਜੂਦ ਹੈ ਜੋ ਕਿ ਨੁੱਕਰੇ ਲੱਗੀ ਬੈਠੀ ਹੈ। ਸਮਝੇ ? ਇਹ ਠੀਕ ਗੱਲ ਹੈ । ਅੱਛਾ, ਅਸੀਂ ਵਚਨ ਦੀ ਸਧਾਰਨਤਾ ਤੋਂ ਠੋਕਰ ਖਾ ਜਾਂਦੇ ਹਾਂ ।

154 ਹੁਣ , ਉਹ ਉਸ ਸਾਦੇ ਸੰਦੇਸ਼ ਤੇ ਵਿਸ਼ਵਾਸ਼ ਕਰਨ ਵਿੱਚ ਅੱਤ ਬੁੱਧੀ ਵਾਲੇ ਸਨ। ਹੁਣ ਉਹ ਤਾਂ ਇੰਨੇ ਜਿਆਦਾ ਬੁੱਧੀਮਾਨ ਸਨ ਕਿ ਸੰਦੇਸ਼ ਵਿੱਚ ਅਜਿਹੀ ਲਿਸ਼ਕ ਪੁਸ਼ਕ ਨਾ ਸੀ ਜੋ ਉਹਨਾਂ ਦੀਆਂ ਵਿਗਿਆਨਕ ਖੋਜਾਂ ਦੇ ਅਨੁਕੂਲ ਹੁੰਦੀ ।ਇਹ ਸੰਦੇਸ਼ ਇੰਨੀ ਬੁੱਧੀ ਵਾਲਾ ਨਹੀਂ ਸੀ ਕਿ ਉਨ੍ਹਾਂ ਦੀ ਉਹਨਾਂ ਦਿਨਾਂ ਦੀ ਪੜ੍ਹਾਈ ਲਿਖਾਈ ਦੇ ਹਿਸਾਬ ਤੋਂ ਠੀਕ ਜਾਪਦਾ । ਸਮਝ ਲੱਗੀ ? ਉਹਨਾਂ ਨੇ ਪ੍ਰਮੇਸ਼ੁਰ ਨੂੰ ਜਾਨਣ ਲਈ ਪੜ੍ਹਾਈ ਕੀਤੀ ਕਿ ਉਹ ਹੈ, ਅਤੇ ਉਹਨਾਂ ਨੇ ਅਧਿਐਨ ਕੀਤਾ ਕਿ ਉਹ ਮਹਾਨ ਹੈ, ਅਤੇ ਉਹਨਾਂ ਨੇ ਆਪਣੇ ਆਪ ਨੂੰ ਪ੍ਰਮੇਸ਼ੁਰ ਵਾਂਗੂੰ ਮਹਾਨ ਬਣਾਉਣ ਦਾ ਯਤਨ ਕੀਤਾ। ਜਦਕਿ ਉੱਪਰ ਪਹੁੰਚਣ ਲਈ ਮਾਰਗ ਹਮੇਸ਼ਾਂ ਥੱਲੇ ( ਨੀਵਾਂ )ਹੀ ਹੁੰਦਾ ਹੈ ।

155 ਹੁਣ ਕੌਣ ਜਾਣਦਾ ਹੈ ਕਿ ਉੱਤਰੀ ਧਰੁਵ ਹੀ ਠੀਕ ਉੱਤਰ ਹੈ, ਜਾਂ ਦੱਖਣੀ ਧਰੁਵ ਉੱਤਰ ਹੈ ਜਾਂ ਉੱਤਰੀ ਧਰੁਵ ਦੱਖਣ ਹੈ ਜਾਂ ਦੱਖਣੀ ਧਰੁਵ ਉੱਤਰ ਹੈ ? ਧਰਤੀ ਦਾ ਕਿਹੜਾ ਸਿਰਾ ਉੱਪਰ ਤੇ ਕਿਹੜਾ ਸਿਰਾ ਹੇਠਾਂ ਹੈ ? ਅਸੀਂ ਪੁਲਾੜ ਵਿੱਚ ਲਟਕਦੇ ਪਏ ਹਾਂ।ਅਸੀਂ ਆਖਦੇ ਹਾਂ, " ਉੱਤਰੀ ਧਰੁਵ ਉਤਾਂਹ ਨੂੰ ਹੈ ।" ਇਹ ਗੱਲ ਤੁਸੀਂ ਕਿਵੇਂ ਜਾਣੀ ? ਹੋ ਸਕਦਾ ਹੈ ਕਿ ਦੱਖਣੀ ਧਰੁਵ ਉੱਤਰ ਹੋਵੇ ।ਦੇਖਿਆ ਤੁਸੀਂ ਨਹੀਂ ਜਾਣਦੇ ਹੋ । ਸੋ ਆਓ ਅਸੀਂ ਚੇਤੇ ਰੱਖੀਏ, ਅਤੇ ਇਹ ਵਚਨ ਨੂੰ .....

156 ਤੁਸੀਂ ਕਹਿ ਸਕਦੇ ਹੋ , " ਫਿਰ ਭਾਈ ਬ੍ਰਾਨਹਾਮ ਤੁਸੀਂ ਇਹ ਕਿਸ ਤਰ੍ਹਾਂ ਕਹਿ ਸਕਦੇ ਹੋ ਕਿ 'ਜੋ ਧਰੁਵ ਉੱਪਰ ਹੈ ਉਹ ਥੱਲੇ ਹੈ ' ?"

157 ਮੈਂ ਇਸ ਤਰ੍ਹਾਂ ਯਿਸੂ ਮਸੀਹ ਦੇ ਵਚਨ ਦੇ ਅਧਾਰ ਤੇ ਕਹਿ ਸਕਦੇ ਹਾਂ!ਉਸਨੇ ਕਿਹਾ ਸੀ, "ਜੋ ਕੋਈ ਆਪਣੇ ਆਪ ਨੂੰ ਨੀਵਾਂ ਬਣਾਏਗਾ ਸੋਈ ਉੱਚਾ ਕੀਤਾ ਜਾਵੇਗਾ , ਅਤੇ ਜੋ ਆਪਣੇ ਆਪ ਨੂੰ ਉੱਚਾ ਬਣਾਏਗਾ ਉਹ ਨੀਵਾਂ ਕੀਤਾ ਜਾਵੇਗਾ । " ਸੋ ਅਸਲ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਜੋ ਉੱਪਰ ਹੈ ਉਹ ਥੱਲੇ ਹੈ, ਅਤੇ ਜੋ ਥੱਲੇ ਹੈ ਉਹ ਉੱਪਰ ਹੈ ।

158 ਜਿਵੇਂ ਕਿ ਬਜ਼ੁਰਗ ਸੰਤ ਨੇ ਸ਼ਿਕਾਗੋ ਵਿੱਚ ਕਿਹਾ ਸੀ, ਕਿ .... ਇੱਕ ਮਨੁੱਖ , ਕਿਸੇ ਸੰਸਥਾ ਦਾ ਕੋਈ ਸੇਵਕ ਕੁਝ ਪੈਤੀਕਾਸਟਲਾਂ ਦੇ ਵਿੱਚਕਾਰ ਖੜਾ ਹੋ ਗਿਆ ਸੀ । ਉਹ ਸੰਸਾਰਕ ਬੁੱਧੀ ਨਾਲ ਭਰਿਆ ਹੋਇਆ ਸੀ । ਉਹ ਉੱਥੇ ਖੜਾ ਹੋਇਆ ਅਤੇ ਉਸ ਸ਼ਬਦਾਵਲੀ ਦਾ ਪ੍ਰਯੋਗ ਕਰਨ ਲੱਗਾ ਜਿਸਦੇ ਬਾਰੇ ਵਿੱਚ ਪੈਤੀਂਕਾਸਟਲ ਕੁਝ ਵੀ ਨਹੀਂ ਜਾਣਦੇ ਸਨ, ਅਤੇ ਉਹ ਉੱਥੇ ਖੜਾ ਹੋਇਆ ਅਤੇ ਉਸਨੇ ਦੇਖਿਆ ਕਿ ਉਹ ਪੈਤੀਂਕਾਸਟਲ ਲੋਕਾਂ ਦੀ ਸਮਝ ਵਿੱਚ ਨਹੀਂ ਆ ਰਿਹਾ ਹੈ । ਅਤੇ ਉਹ ਘੁਮੰਡ ਨਾਲ ਭਰ ਗਿਆ ਅਤੇ ਉਸਨੇ ਘੁਮੰਡ ਨਾਲ ਆਪਣੀ ਛਾਤੀ ਫੁਲਾਈ, ਅਤੇ ਉਹ ਵਿਅਕਤੀ ਡਾਕਟਰ ਦੀ ਡਿਗਰੀ ਪ੍ਰਾਪਤ ਕੀਤਾ ਹੋਇਆ ਫੁਲਾਣਾ ਫੁਲਾਣਾ ਮਨੁੱਖ ਸੀ, ਤੁਸੀ ਜਾਣਦੇ ਹੋ ਕਿ ਉਹ ਸ਼ਿਕਾਗੋ ਦੇ ਕਿਸੇ ਵੱਡੇ ਸਕੂਲ ਤੋਂ ਆਇਆ ਸੀ । ਤੇ ਉਸਨੇ ਚਾਰੋਂ ਪਾਸੇ ਨਜ਼ਰ ਘੁੰਮਾਈ, ਅਤੇ ਉਹ ਪੈਤੀਂਕਾਸਟਲ ਇੱਕ ਦੂਸਰੇ ਨੂੰ ਦੇਖ ਰਹੇ ਸਨ । ਉਹ ਪੈਂਤੀਕਾਸਟਲ ਇਹ ਵੀ ਨਹੀਂ ਜਾਣਦੇ ਸਨ ਕਿ ਉਹ ਕੀ ਬੋਲ ਰਿਹਾ ਹੈ, ਉਹ ਇੰਨਾ ਪੜ੍ਹਿਆ ਲਿਖਿਆ, ਏਨੀ ਤੇਜ਼ ਬੁੱਧੀ ਵਾਲਾ ਅਤੇ ਗਿਆਨਵਾਨ ਸੀ । ਉਹ ਨਹੀਂ ਜਾਣਦੇ ਸਨ ਕਿ ਉਹ ਕੀ ਕਹਿ ਰਿਹਾ ਹੈ ।



ਬਤੀਤ ਕੀਤਾ, ਤਾਂ ਪਵਿੱਤਰ ਅਤਮਾ ਉਹਨਾਂ ਦੇ ਕੋਲ ਸੀ।" ਪ੍ਰੰਤੂ ਉਹਨਾਂ ਦੇ ਕਲ ਨਹੀਂ ਸੀ। ਪੈਂਟੀਕਾਸਟਲਾਂ ਨੇ ਕਿਹਾ, " ਜਦੋਂ ਅਸੀਂ ਪਰਾਈ ਭਾਸ਼ਾ ਵਿੱਚ ਬੋਲੇ, ਤਾਂ ਸਾਨੂੰ ਪਵਿੱਤਰ ਆਤਮਾ ਮਿਲ ਗਿਆ।" ਪ੍ਰੰਤੂ ਉਹਨਾਂ ਨੂੰ ਨਹੀਂ ਮਿਲਿਆ ਸੀ। ਵੇਖਿਆ? ਸਮਝੇ ?

250 ਪ੍ਰਮੇਸ਼ੁਰ ਆਪਣੇ ਆਪ ਨੂੰ ਭਾਵਨਾਵਾਂ ਜਾਂ ਜੋਸ਼ੀਲੇ ਸੰਸਕਾਰਾਂ ਵਿੱਚ ਪ੍ਰਗਟ ਨਹੀਂ ਕਰਦਾ ਹੈ। ਜੀ ਨਹੀਂ, ਉਹ ... ਭਾਵਨਾਵਾਂ ਵਿੱਚ ਨਹੀਂ ਹੈ, ਉਹ ਤਾਂ ਹਾਲੇ ਵੀ ਆਪਣੇ ਵਚਨ ਨਾਲ ਹੀ ਹੈ। ਤੁਸੀਂ ਸਥਿਤੀ ਨੂੰ ਵੇਖਿਆ ? ਉਹ ਤਾਂ ਇੰਨਾ ਦੀਨ ਹੋ ਜਾਂਦਾ ਹੈ ਕਿ ਕੋਈ ਵੀ ਉਸਨੂੰ ਵੇਖ ਸੱਕਦਾ ਹੈ।ਜੇ ਤੁਸੀਂ ਇਸ ਵਿੱਚ ਆਪਣੇ ਵਿਚਾਰਾਂ ਨੂੰ ਅਤੇ ਆਪਣੇ ਗਿਆਨ ਨੂੰ ਮਿਲਾਉਣ ਦੀ ਕੋਸ਼ਿਸ਼ ਨਾ ਕਰੋਗੇ ਤਾਂ ਤੁਸੀਂ ਵੀ ਉਸਨੂੰ ਵੇਖ ਸਕਦੇ ਹੋ।ਉਹ ਤਾਂ ਪਰਮੇਸ਼ੁਰ ਹੈ।

251 ਹੁਣ, ਅਤੇ ਤਦ ਉਹ ਕੱਟੜ ਲੋਕਾਂ ਦਾ ਇੱਕ ਟੋਲਾ ਬਣ ਜਾਂਦੇ ਹਨ।ਤਦ ਇੱਥੇ ਇੱਕ ਪਾਸੇ ਠੰਡੀ ਕਿਸਮ ਦੇ ਲੋਕ ਹਨ, ਇੱਥੇ ਦੂਸਰੇ ਪਾਸੇ ਕੱਟੜ ਲੋਕ ਹਨ ਅਤੇ ਬਿਲਕੁੱਲ ਰਾਹ ਦੇ ਵਿੱਚਕਾਰ ਸਿੱਧੀ ਦਿਸ਼ਾ ਵਿੱਚ ਚੱਲਦੀ ਹੋਈ ਦੁਲਹਨ ਲੰਘਦੀ ਹੈ, ਜੋ ਦੋਨਾਂ ਪਾਸਿਆ ਤੋਂ ਲੋਕਾਂ ਨੂੰ ਬੁਲਾਉਂਦੀ ਹੈ। ਇਹ ਠੀਕ ਗੱਲ ਹੈ। ਜਿਵੇਂ ਜਿਵੇਂ ਉਹ ਅਪਣੇ ਵਚਨ ਦੇ ਨਾਲ ਅੱਗੇ ਲੰਘਦਾ ਹੈ, ਪਰਮੇਸ਼ੁਰ ਇਸਨੂੰ ਸੱਚ ਪ੍ਰਮਾਣਿਤ ਕਰਦਾ ਹੈ।

252 ਹੁਣ , ਮੈਨੂੰ ਇਸ ਵਿੱਚੋਂ ਕੁਝ ਛੱਡਣਾ ਪੈਣਾ ਹੈ, ਕਿਉਂਕਿ ਮੈਨੂੰ ਇੱਥੇ ਬਹੁਤ ਦੇਰ ਹੋ ਗਈ ਹੈ। ਅਤੇ ਮੈਨੂੰ ਹੋ ਗਈ ਹੈ ..... ਮੇਰਾ ਸਮਾਂ ਖਤਮ ਹੋ ਗਿਆ ਹੈ। ਹੁਣ ਮੈਂ ਜਿੰਨੀ ਜਲਦੀ ਕਰ ਸਕਦਾ ਹਾਂ ਕਰਾਂਗਾ।

253 ਅਦਨ ਤੋਂ, ਅਦਨ ਦੇ ਬਾਗ ਤੋਂ ਹੀ ਇਹ ਭਵਿੱਖਬਾਣੀ ਹੁੰਦੀ ਆ ਰਹੀ ਹੈ ਕਿ ਮਸੀਹਾ ਆ ਰਿਹਾ ਹੈ -ਅਦਨ ਤੋਂ ਹੀ ਇਹ ਕਿਹਾ ਜਾ ਰਿਹਾ ਸੀ।

254 ਹੁਣ ਮੈਂ ਕੁਝ ਕੁ ਹਵਾਲੇ ਅਤੇ ਉਹਨਾਂ ਦੇ ਬਾਰੇ ਲਿਖੇ ਨੋਟਸ, ਛੱਡਣ ਜਾ ਰਿਹਾ ਹਾਂ, ਤਾਂ ਕਿ ਹੋ ਸਕੇ ਤਾਂ ਮੈਂ ਇਸ ਸੰਦੇਸ਼ ਨੂੰ ਸਮੇਂ ਸਿਰ ਖਤਮ ਕਰ ਦਿਆਂ, ਪ੍ਰਮੇਸ਼ੁਰ ਆਪਣੇ ਆਪ ਨੂੰ ਸਧਾਰਨਤਾ ਵਿੱਚ ਛਿਪਾ ਰਿਹਾ ਹੈ।ਹੁਣ ਮੈਂ ਤੇਜੀ ਨਾਲ ਸੰਦੇਸ ਪਰਚਾਰ ਕਰਾਂਗਾ, ਪਰ ਤਾਂ ਵੀ ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸਨੂੰ ਸਮਝ ਜਾਓ।ਸਮਝੇ ?

255 ਅਦਨ ਤੋਂ ਹੀ ਇਹ ਭਵਿੱਖਬਾਣੀ ਕਰ ਦਿੱਤੀ ਗਈ ਸੀ ਕਿ ਇੱਕ ਮਸੀਹ ਆਏਗਾ। ਇਸਦੀ ਪਹਿਲਾਂ ਹੀ ਭਵਿੱਖਬਾਣੀ ਕਰ ਦਿੱਤੀ ਗਈ ਸੀ, ਕਿ ਉਹ ਕਿਸ ਤਰ੍ਹਾਂ ਦਾ ਮਨੁੱਖ ਹੋਵੇਗਾ। ਅਸੀਂ ਇਸ ਉੱਤੇ ਕਾਫੀ ਲੰਮਾ ਸਮਾਂ ਲਗਾ ਸਕਦੇ ਹਾਂ । ਤੁਸੀਂ ਜਾਣਦੇ ਹੋ ਕਿ ਬਾਈਬਲ ਨੇ ਦੱਸਿਆ ਹੈ ਕਿ, ਕਿ ਉਹ ਕੀ ਹੋਵੇਗਾ, ਉਹ ਕਿਸ ਤਰ੍ਹਾਂ ਦਾ ਮਨੁੱਖ ਹੋਵੇਗਾ। ਮੂਸਾ ਨੇ ਕਿਹਾ ਸੀ, " ਤੁਹਾਡਾ ਪ੍ਰਮੇਸ਼ੁਰ ਯਹੋਵਾਹ ਤੁਹਾਡੇ ਵਿੱਚੋਂ ਮੇਰੇ ਵਰਗਾ ਇੱਕ ਨਬੀ ਖੜਾ ਕਰੇਗਾ।" ਉਹ ਇਹ ਜਾਣਦੇ ਸਨ ਕਿ ਮਸੀਹ ਇੱਕ ਨਬੀ ਹੋਵੇਗਾ, ਉਹ ਜਾਣਦੇ ਸਨ ਕਿ ਉਸਦੀ ਸੇਵਕਾਈ ਕਿਸ ਤਰ੍ਹਾਂ ਦੀ ਹੋਵੇਗੀ। ਸਾਰੇ ਨਬੀਆਂ ਨੇ ਦੱਸਿਆ ਸੀ ਕਿ ਉਹ ਕੀ ਕਰੇਗਾ। ਉਹਨਾਂ ਨੇ ਉਸਦੇ ਬਾਰੇ ਵਿੱਚ ਚਿੰਨ੍ਹਾਂ ਵਿੱਚ ਗੱਲਾਂ ਕੀਤੀਆਂ ਸਨ । ਅਤੇ ਇਹ ਗੱਲ ਕਈਆਂ ਦੇ ਸਿਰ ਦੇ ਉੱਪਰ ਦੀ ਲੰਘ ਗਈ ਸੀ, ਅਤੇ ਕਈਆਂ ਦੇ ਸਿਰ ਦੇ ਥੱਲਿਓਂ ਦੀ ਲੰਘ ਗਈ ਸੀ । ਦੇਖਿਆ ? ਸਮਝੇ ? ਕਈਆਂ ਦੇ ਉੱਪਰ ਦੀ ਲੰਘ ਗਈ ਸੀ ਅਤੇ ਕਈਆਂ ਦੇ ਥੱਲੇ ਦੀ ਲੰਘ ਗਈ ਸੀ।ਸਮਝੇ ?

244 ਮੈਂ ਭੂਤਾਂ ਨੂੰ ਇੰਨੀ ਤੇਜੀ ਨਾਲ ਪਰਾਈ ਭਾਖਿਆ ਬੋਲਦੇ ਸੁਣਿਆ ਹੈ ਕਿ ਕਹਿਣ ਦੀ ਕੋਈ ਗੱਲ ਨਹੀਂ, ਮਨੁੱਖੀ ਖੋਪੜੀ ਵਿੱਚੋਂ ਲਹੂ ਪੀਂਦੇ ਅਤੇ ਸ਼ੈਤਾਨ ਨੂੰ ਪੁਕਾਰਦੇ ਹੋਏ ਦੇਖਿਆ ਹੈ।

245 ਮੈਂ ਅਰੀਜੋਨਾ ਵਿੱਚ ਰੈੱਡ ਇੰਡੀਅਨ ਲੋਕਾਂ ਨੂੰ , ਵਰਖਾ ਵਿੱਚ ਨੱਚਦੇ ਹੋਏ, ਮੈਦਾਨ ਵਿੱਚ ਭੱਜਦੇ ਹੋਏ , ਆਪਣੇ ਹੱਥਾਂ ਨੂੰ ਇਸ ਤਰ੍ਹਾਂ ਉੱਪਰ ਉਠਾਏ ਹੋਏ, ਸੱਪਾਂ ਨੂੰ ਚੁੱਕਦੇ ਹੋਏ ਅਤੇ ਉਹਨਾਂ ਨੂੰ ਆਪਣੀ ਕਮਰ ਨਾਲ ਲਪੇਟਦੇ ਹੋਏ ਵੇਖਿਆ ਹੈ।ਜਾਦੂ ਦਾ ਵਿਦਵਾਨ ਬਾਹਰ ਆਉਂਦਾ ਹੈ, ਆਪਣੇ ਆਪ ਨੂੰ ਜਖਮੀ ਕਰਦਾ ਹੈ। ਅਤੇ ਇੱਕ ਪੈਨਸਿਲ ਨੂੰ ਥੱਲੇ ਜਮੀਨ 'ਤੇ ਰੱਖ ਦਿੰਦਾ ਹੈ, ਅਤੇ ਉਹ ਪਰਾਈ ਭਾਸ਼ਾ ਵਿੱਚ ਲਿਖਦੀ ਹੈ, ਅਤੇ ਉਹ ਉਸਦਾ ਅਰਥ ਦੱਸਦਾ ਹੈ। ਸਮਝੇ ?

ਇਸ ਲਈ ਤੁਸੀਂ ਮੈਨੂੰ ਇਹ ਸਭ ਨਾ ਦੱਸੋ ।ਇਹ ਗੱਲਾਂ ਮੇਰੇ ਲਈ ਬਹੁਤ ਪੁਰਾਣੀਆਂ ਹੋ ਗਈਆਂ ਹਨ।ਸਮਝੇ ?

246 ਇਸ ਲਈ ਆਤਮਾ ਦਾ ਫਲ ਹੀ ਹੈ ....ਯਿਸੂ ਨੇ ਕਿਹਾ, "ਉਹਨਾਂ ਦੇ ਫਲਾਂ ਤੋਂ," ਨਾ ਕਿ ਭਾਸ਼ਾ ਜਾਂ ਜਜਬਾਤਾਂ ਤੋਂ, " ਪ੍ਰੰਤੂ ਉਹਨਾਂ ਦੇ ਫਲਾਂ ਤੋਂ ਤੁਸੀਂ ਉਹਨਾਂ ਨੂੰ ਜਾਣ ਲਵੋਗੇ।" ਸਮਝੇ? ਸੋ ਪਵਿੱਤਰ ਆਤਮਾ ਪਾਏ ਹੋਣ ਦਾ ਸਬੂਤ ਆਤਮਾ ਦਾ ਫਲ ਹੈ।ਇਹ ਪ੍ਰਮੇਸ਼ੁਰ ਹੈ ਜੋ ਆਪਣੇ ਆਪ ਨੂੰ ਦੀਨਤਾ ਅਤੇ ਮਿਠਾਸ ਵਿੱਚ ਪ੍ਰਗਟ ਕਰ ਰਿਹਾ ਹੈ ਅਤੇ ਹਮੇਸ਼ਾਂ ਇੱਕ ਜਿਹਾ ਹੀ ਹੈ।ਇੱਕ ਮਨੁੱਖ ਜੋ ਵਚਨ 'ਤੇ ਖੜਾ ਰਹਿੰਦਾ ਹੈ , ਉਸਦੇ ਬਾਰੇ ਵਿੱਚ ਕੁਝ ਅਜਿਹਾ ਹੈ, ਕਿ ਜਦ ਵੀ ਉਹ ਵਚਨ ਦੇਖਦਾ ਹੈ ਅਰਥਾਤ ਜਦ ਵੀ ਉਸਦੇ ਸਾਹਮਣੇ ਵਚਨ ਕਿਹਾ ਜਾਂਦਾ ਹੈ, ਉਹ " ਅਮੀਨ " ਸ਼ਬਦ ਬੋਲਦਾ ਹੈ ਉਸਨੂੰ ਇਸ ਨਾਲ ਕੋਈ ਮਤਲਬ ਨਹੀਂ ਹੈ ਕਿ ਦੂਸਰੇ ਲੋਕ ਕੀ ਕਹਿੰਦੇ ਹਨ। ਤੁਸੀਂ ਦੇਖੋ ਕਿ, ਉਹ ਤਾਂ ਇਸਦਾ ਵਿਸਵਾਸ਼ ਕਰਦਾ ਹੈ । ਇਹ ਠੀਕ ਹੈ। ਦੇਖਿਆ ?

247 ਪ੍ਰੰਤੂ ਅਸੀਂ ਰਾਹ ਤੋਂ ਦੂਰ ਜਾ ਕੇ ਕੱਟੜਪੰਥੀ ਬਣ ਜਾਂਦੇ ਹਾਂ ਅਤੇ ਸ਼ੈਤਾਨ ਲੋਕਾਂ ਦੇ ਵਿੱਚਕਾਰ ਆ ਜਾਂਦਾ ਹੈ। ਅਤੇ ਇਹ ਹੀ ਸ਼ੈਤਾਨ ਦਾ ਬਿਜਨੈੱਸ ਜਾਂ ਕੰਮ ਹੈ ।ਅਤੇ ਉਹ ਇੱਕ ਚੰਗਾ ਬਿਜਨੈੱਸਮੈਨ ਹੈ। ਅਤੇ ਉਹ ਲੋਕਾਂ ਦੇ ਵਿੱਚ ਆ ਵੜਦਾ ਹੈ ਅਤੇ ਉਹਨਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੰਦਾ ਹੈ ਕਿ ਉਹਨਾਂ ਦੇ ਕੋਲ ਪਵਿੱਤਰ ਆਤਮਾ ਹੈਗਾ ਏ ਕਿਉਂਕਿ ਉਹ ਉੱਪਰ ਥੱਲੇ ਨੱਚ ਟੱਪ ਸਕਦੇ ਹਨ । ਅਤੇ ਤਦ ਤੁਸੀਂ ਆਪਣੇ ਗੁਆਂਢੀ ਤੋਂ ਨਫਰਤ ਕਰਦੇ ਹੋ? ਜੀ ਨਹੀਂ।ਸਮਝੇ ? .... ਚੰਗੀਆਂ ਗੱਲਾਂ ਕਰਨਾ, ਅਤੇ ਬੜੇ ਹੀ ਅਦਭੁਤ ਢੰਗ ਨਾਲ ਪਰਾਈ ਭਾਖਿਆ ਬੋਲਣਾ, ਅਤੇ ਇਸੇ ਤਰ੍ਹਾਂ ਦੇ ਕੰਮ ਕਰਨਾ .... ਨਹੀਂ ਜੀ, ਇਸ ਤਰ੍ਹਾਂ ਨਹੀਂ ਹੈ।

248 ਅਤੇ ,ਯਾਦ ਰੱਖੋ , ਕਿ ਤੁਸੀਂ ਅਸਲੀ ਪਵਿੱਤਰ ਆਤਮਾ ਵਿੱਚ ਪਰਾਈ ਭਾਸ਼ਾ ਬੋਲ ਸਕਦੇ ਹੋ ਅਤੇ ਹਾਲੇ ਵੀ ਤੁਹਾਡੇ ਕੋਲ ਪਵਿੱਤਰ ਆਤਮਾ ਨਹੀਂ ਹੈ।ਬਾਈਬਲ ਇਸੇ ਤਰ੍ਹਾਂ ਹੀ ਦੱਸਦੀ ਹੈ।" ਭਾਵੇਂ ਮੈਂ ਮਨੁੱਖਾਂ ਅਤੇ ਸਵਰਗ ਦੂਤਾਂ ਦੀਆਂ ਬੋਲੀਆਂ ਬੋਲਾਂ, ਅਤੇ ਪ੍ਰੇਮ ਨਾ ਰੱਖਾਂ ਤਾਂ ਮੈਂ ਠਣ ਠਣ ਕਰਨ ਵਾਲਾ ਪਿੱਤਲ ਅਥਵਾ ਛਣਛਣ ਕਰਨ ਵਾਲੇ ਛੈਣੇ ਬਣਿਆ ਹਾਂ ।" ਪਹਿਲਾ ਕੁਰਿੰਥੀਆਂ 13 ਬਾਬ। ਵੇਖਿਆ ? ਸੋ ਤੁਹਾਡੇ ਕੋਲ ਨਹੀਂ ... ਦੇਖੋ ਇਸ ਨਾਲ ਕੁਝ ਨਹੀਂ ਹੰਦਾ ਹੈ।

249 ਮੈਥੋਡਿਸਟਾਂ ਨੇ ਕਿਹਾ, " ਜਦੋਂ ਅਸੀਂ ਚਿਲਾਏ ਸੀ ਤਾਂ ਪਵਿੱਤਰ ਆਤਮਾ ਸਾਡੇ ਕੋਲ ਸੀ।" ਪ੍ਰੰਤੂ ਉਹਨਾਂ ਦੇ ਕੋਲ ਨਹੀਂ ਸੀ। ਨਾਜਰੀਨਾਂ ਨੇ ਕਿਹਾ, " ਜਦੋਂ ਉਹਨਾਂ ਨੇ ਪਵਿੱਤਰਤਾਈ ਦਾ ਜੀਵਨ



159 ਇਹ ਇੰਝ ਜਾਪਦਾ ਸੀ ਭਈ ਕਿਸੇ ਅਸੈਂਬਲੀ ਜਾਂ ਰਾਜ ਸਭਾ ਦਾ ਮੈਂਬਰ ਹੋਵੇ ਜਾਂ ਰਾਸ਼ਟਰਪਤੀ ਦੀ ਚੋਣ ਹੁਣੇ ਹੁਣੇ ਹਾਰ ਕੇ ਆਇਆ ਹੋਵੇ । ਟੱਕ ਕੂਟਸ ਨੇ ਮੈਨੂੰ ਇਹ ਦੱਸਿਆ ਸੀ। ਜਦ ਮੈਂ ਮਾਤਾ ਫੋਰਡ ਦਾ ਜਨਾਜ਼ਾ ਪੜ੍ਹ ਰਿਹਾਂ ਸੀ 'ਤੇ ਪ੍ਰਚਾਰ ਕਰ ਰਿਹਾਂ ਸੀ ਕਿ ਕਿਵੇਂ ਜੀ ਉੱਠਣਾ ਹੈ, ਮਰਿਆਂ ਹੋਇਆਂ ਦੇ ਜੀ ਉੱਠਣ ਦਾ ਪੱਕਾ ਯਕੀਨ ਕਿ ਕਿਵੇਂ, " ਜਿਸ ਤਰ੍ਹਾਂ ਸੂਰਜ ਦਾ ਚੜ੍ਹਨਾ ਨਿਸ਼ਚਿਤ ਹੈ, ਉਸੇ ਤਰ੍ਹਾਂ ਯਕੀਨਨ ਮੈਂ ਜੀ ਉੱਠਾਂਗਾ । ਜਿਵੇਂ ਘਾਹ ਦਾ ਮੁਰਝਾ ਕੇ ਮਰਨਾ ਅਤੇ ਰੁੱਖਾਂ ਤੋਂ ਪੱਤਿਆਂ ਦੇ ਡਿੱਗਣ ਨਾਲ ਰੁੱਖ ਦਾ ਮਰਨਾ ਜਾਂ ਮੁਰਝਾ ਜਾਣਾ ਅਤੇ ਫਿਰ ਜੀਵਨ ਨੂੰ ਪ੍ਰਾਪਤ ਕਰਨਾ ਯਕੀਨੀ ਹੈ । ਜਦ ਧਰਤੀ ਸੂਰਜ ਸਾਹਮਣੇ ਅਪਣੀ ਸਥਿਤੀ ਸੁਧਾਰਦੀ ਹੈ ਤਾਂ ਰੁੱਖ ਮੁਰਦਾ ਹਾਲਤ ਵਿੱਚੋਂ ਮੁੜ ਜੀਵਤ ਹੋ ਜਾਂਦੇ ਹਨ ।"

160 ਟੱਕ ਨੇ ਕਿਹਾ, " ਬਿਲੀ ਮੈਂ ਤੁਹਾਡੇ ਸੰਦੇਸ਼ ਦੀ ਸਰਾਹਨਾ ਕਰਦਾ ਹਾਂ ।" ਤਦ ਮੈਂ ਅਤੇ ਭਾਈ ਨੇਵਿਲ ਇੱਕਠੇ ਕਾਰ ਵਿੱਚ ਬੈਠੇ ਹੋਏ ਸਾਂ । ਅਤੇ ਮੈਂ ਕਿਹਾ ," ਟੱਕ, ......" ਉਸਨੇ ਕਿਹਾ, "ਮੈਂ ਤੁਹਾਡੇ ਸੰਦੇਸ਼ ਦੀ ਸਰਾਹਨਾ ਕਰਦਾ ਹਾਂ ।"

ਮੈਂ ਕਿਹਾ, " ਟੱਕ ਮੈਂ ਪੜ੍ਹਿਆ ਲਿਖਿਆ ਨਹੀਂ ਹਾਂ," ਮੈਂ ਆਖਿਆ ।

ਉਸਨੇ ਕਿਹਾ," ਇਹੀ ਗੱਲ ਤੇਰੇ ਨਾਲ ਵਧੀਆ ਹੈ ।" ਤੁਸੀਂ ਸਮਝੇ ?

161 ਅਤੇ, ਹੁਣ ਉਸਨੇ ਕਿਹਾ ਕਿ ਉਹ ਦੇਖਣ ਗਿਆ ਸੀ ..... ਠੀਕ ਹੈ ਮੇਰਾ ਅੰਦਾਜ਼ਾ ਹੈ ਕਿ ਉਸ ਆਦਮੀ ਨੇ ਮੈਨੂੰ ਮਾਫ ਕਰ ਦਿੱਤਾ ਹੋਵੇਗਾ, ਮੇਰਾ ਇਰਾਦਾ ਇਹ ਨਹੀਂ ਸੀ ....ਏਡਲੀ ਸਟੀਫਨਸਨ ਤੁਸੀਂ ਜਾਣਦੇ ਹੋ।ਭਾਈ ਟੱਕ ਨੇ ਦੱਸਿਆ ਕਿ ਏਡਲੀ ਸਟੀਫਨਸਨ ਪੰਦਰਾਂ ਮਿੰਟ ਤੱਕ ਉਹਨਾਂ ਦੀਆਂ ਗੱਲਾਂ ਸੁਣਦਾ ਰਿਹਾ ਸੀ । ਅਤੇ ਸ਼੍ਰੀਮਾਨ ਸਟੀਫਨਸਨ ਇੱਕ ਬਹੁਤ ਹੀ ਵੱਡੇ ਪ੍ਰਚਾਰਕ ਹਨ , ਅਤੇ ਹੋ ਸਕਦਾ ਹੈ ਕਿ ਤੁਸੀਂ ਉਸਨੂੰ ਜਾਣਦੇ ਹੋਵੇ । ਟੱਕ ਨੇ ਦੱਸਿਆ ਸੀ ਕਿ ...... ਮੈਂ ਸਮਝਦਾ ਹਾਂ ਕਿ ਉਸਨੇ ਕਿਸੇ ਕਾਲਜ਼ ਵਿੱਚੋਂ ਪੜ੍ਹਾਈ ਕੀਤੀ ਹੈ । ਟੱਕ ਨੇ ਦੱਸਿਆ ਕਿ ਉਹ ਉੱਥੇ ਬੈਠਾ ਹੋਇਆ ਸੀ ਅਤੇ ਸੌਂ ਗਿਆ ਸੀ ।ਟੱਕ ਨੇ ਦੱਸਿਆ ਕਿ ਉਸ ਦੀਆਂ ਗੱਲਾਂ ਪੰਦਰਾਂ ਮਿੰਟ ਸੁਣਦੇ ਹੀ ਉਸਨੂੰ ਨੀਂਦ ਆ ਗਈ ਸੀ ।ਪ੍ਰੰਤੂ ਉਹਨਾਂ ਨੇ ਦੱਸਿਆ ਕਿ ਜਦਕਿ ਸਟੀਫਨਸਨ ਨੇ ਕਾਲਜ ਦੀ ਪੜ੍ਹਾਈ ਪ੍ਰਾਪਤ ਕੀਤੀ ਹੋਈ ਸੀ ਤਾਂ ਵੀ ਉਹ ਉਸ ਦੀਆਂ ਉੱਚ ਕੋਟੀ ਦੀਆਂ ਗੱਲਾਂ ਵਿੱਚੋਂ ਕੁਝ ਹੀ ਸਮਝ ਸਕਿਆ ਸੀ । ਭਾਈ ਟੱਕ ਨੇ ਕਿਹਾ, " ਭਾਈ ਬ੍ਰਾਨਹਾਮ , ਤੁਸੀਂ ਇੱਕ ਬਾਰ ਵੀ ਮੈਨੂੰ ਆਪਣੀਆਂ ਸੰਗਤੀਆਂ ਵਿੱਚ ਸੁੱਤੇ ਹੋਏ ਨਹੀਂ ਵੇਖਿਆ ਹੋਵੇਗਾ ।"

162 ਦੇਖਿਆ, ਦੇਖੋ ਕਿ ਇਹ ਵਚਨ ਦੀ ਸਾਦਗੀ ਦੇ ਕਾਰਨ ਹੀ ਹੈ, ਇਹ ਸਾਦਗੀ ਹੀ ਹੈ, ਜਿੱਥੇ ਖੁਦਾ ਵਾਸ ਕਰਦਾ ਹੈ।

163 ਹੁਣ ਦੇਖੋ ਕਿ ਉਹਨਾਂ ਦਿਨਾਂ ਵਿੱਚ ਲੋਕ ਇੰਨੇ ਚੁਸਤ ਸਨ ਕਿ ਉਹ ਪ੍ਰਮੇਸ਼ੁਰ ਦੇ ਕੰਮ ਕਰਨ ਦੇ ਸਧਾਰਨ ਤਰੀਕੇ ਦੇ ਮਤਲਬ ਨੂੰ ਸਮਝ ਨਹੀਂ ਸਕੇ ਸਨ।ਉਹ ਤਰੀਕਾ ਉਹਨਾਂ ਲਈ ਪਾਲਿਸ਼ ਕੀਤਾ ( ਮਹਾਨ)ਨਹੀਂ ਸੀ।ਇਸ ਨੂੰ ਤਾਂ ਪਾਲਿਸ਼ ਕੀਤਾ ਹੋਇਆ ਹੋਣਾ ਚਾਹੀਦਾ ਸੀ, ਇਹ ਤਾਂ ਚਮਕ ਦਮਕ ਨਾਲ ਭਰਪੂਰ ਹੋਣਾ ਚਾਹੀਦਾ ਸੀ ਨਹੀਂ ਤਾਂ ਲੋਕ ਇਸ ਨੂੰ ਗੁਆ ਬੈਠਦੇ ਹਨ । ਹੁਣ, ਪ੍ਰੰਤੂ ਮਹਾਨ ਯਹੋਵਾਹ ਆਪਣੇ ਵਚਨ ਵਿੱਚ ਲੁਕਿਆ ਹੋਇਆ ਸੀ।ਅਤੇ ਉਸਨੇ ਆਪਣੇ ਆਪ ਨੂੰ ਸਿਰਫ

ਉਨ੍ਹਾਂ ਲੋਕਾਂ 'ਤੇ ਹੀ ਪ੍ਰਗਟ ਕੀਤਾ ਜੋ ਉਸਦੇ ਵਚਨ ਦਾ ਵਿਸ਼ਵਾਸ਼ ਕਰਦੇ ਸਨ, ਉਸਨੇ ਉਹਨਾਂ ਲੋਕਾਂ ਨੂੰ ਬਚਾਇਆ ਅਤੇ ਆਪਣੇ ਸਿੱਧੇ ਸਾਦੇ ਸੰਦੇਸ਼ ਨੂੰ ਪੂਰਾ ਕਰਕੇ ਉਹਨਾਂ 'ਤੇ ਆਪਣੇ ਆਪ ਨੂੰ ਪ੍ਰਗਟ ਕੀਤਾ।ਨੂਹ ਦੇ ਸਧਾਰਨ ਜਿਹੇ ਸੰਦੇਸ਼ ਨੂੰ ਪ੍ਰਮੇਸ਼ੁਰ ਨੇ ਹੀ ਪੂਰਾ ਹੋਣ ਦਿੱਤਾ ਸੀ।ਹੁਣ ਇਸ ਨੂੰ ਧਿਆਨ ਵਿੱਚ ਰੱਖਿਓ।

164 ਹੁਣ , ਇਸ ਤੋਂ ਬਾਅਦ ਮੂਸਾ ਦੇ ਦਿਨਾਂ ਵਿੱਚ ਦੁਬਾਰਾ ਇੱਕ ਹੋਰ ਛੁਟਕਾਰੇ ਦਾ ਸਮਾਂ ਆਉਂਦਾ ਹੈ।

165 ਜਦ ਪ੍ਰਮੇਸ਼ੁਰ ਆਪਣੇ ਲੋਕਾਂ ਨੂੰ ਛੁਡਾਉਣ ਵਾਲਾ ਹੁੰਦਾ ਹੈ , ਤਾਂ ਪ੍ਰਮੇਸ਼ੁਰ ਲੋਕਾਂ ਦੇ ਕੋਲ ਇੱਕ ਸੰਦੇਸ਼ ਭੇਜਦਾ ਹੈ। ਅਤੇ ਇਹ ਸੰਦੇਸ਼ ਬਹੁਤ ਹੀ ਸਧਾਰਨ ਹੁੰਦਾ ਹੈ,ਅਤੇ ਅਸੀਂ ਇਸਨੂੰ ਮੋਹਰਾਂ ਦੇ ਖੁੱਲ੍ਹਣ ਦੇ ਸਮੇਂ ਵੇਖਾਂਗੇ।ਇਸ ਸੰਦੇਸ਼ ਨੂੰ ਪ੍ਰਚਾਰ ਕਰਨ ਦਾ ਮੇਰਾ ਇਹ ਹੀ ਇੱਕ ਉਦੇਸ਼ ਹੈ।ਅਸੀਂ ਇਹ ਜਾਣਦੇ ਹਾਂ ਕਿ ਉਹਨਾਂ ਮੋਹਰਾਂ ਦੇ ਭੇਤਾਂ ਦਾ ਖੁੱਲ੍ਹਣਾ ਇੰਨਾ ਸਧਾਰਨ ਹੈ ਕਿ ਉੱਚੀ ਬੁੱਧੀ ਵਾਲੇ ਲੋਕ ਇਸ ਨੂੰ ਸਮਝਣ ਵਿੱਚ ਲੱਖਾਂ ਮੀਲ ਦੂਰ ਰਹਿ ਜਾਣਗੇ। ਸਮਝੇ ? ਮੈਂ ਆਸ ਕਰਦਾ ਹਾਂ ਕਿ ਪ੍ਰਮੇਸ਼ੁਰ ਇਹਨਾਂ ਮੋਹਰਾਂ ਦੇ ਭੇਤਾਂ ਨੂੰ ਦੱਸਣ ਲਈ ਮੈਨੂੰ ਮੱਸ੍ਹਾ ਕਰੇਗਾ।ਸਮਝੇ ? ਦੇਖਿਆ,ਪ੍ਰਮੇਸ਼ੁਰ ਦੇ ਵਚਨ ਦੀ ਸਾਦਗੀ ਗਿਆਨਵਾਨ ਲੋਕਾਂ ਦੇ ਸਿਰ ਦੇ ਉੱਪਰ ਦੀ ਲੰਘ ਜਾਂਦੀ ਹੈ।ਅਰ ਇਹ ਹੀ ਕਾਰਨ ਹੈ ਕਿ ਮੈਂ ਸੋਚਿਆ ਸੀ ਕਿ ਇਸ ਸਵੇਰ ਇਹ ਸੰਦੇਸ਼ ਪ੍ਰਮੇਸ਼ੁਰ ਦੀ ਸਧਾਰਨਤਾ ਬਾਰੇ, ਅਤੇ ਕਿਵੇਂ ਉਹ ਆਪਣੇ ਆਪ ਨੂੰ ਸਾਦਗੀ ਵਿੱਚ ਲੁਕਾਉਂਦਾ ਹੈ, ਇੱਕ ਨੀਂਹ ਰੱਖਣ ਦਾ ਕੰਮ ਕਰੇਗਾ।

166 ਜਰਾ ਸੋਚੋ , ਉਹ ਅਣੂਆਂ ਦੇ ਟੋਟੇ -ਟੋਟੇ ਕਰ ਸੱਕਦੇ ਹਨ, ਅਤੇ ਹੋਰ ਸਭ ਕੁਝ ਕਰ ਸੱਕਦੇ ਹਨ ; ਪ੍ਰੰਤੂ ਜਦ ਜੀਵਨ ਦਾ ਸਵਾਲ ਪੈਦਾ ਹੁੰਦਾ ਹੈ, ਤਾਂ ਇਹ ਵੀ ਨਹੀਂ ਦੱਸ ਸਕਦੇ ਕਿ ਜੀਵਨ ਕਿੱਥੋਂ ਆਉਂਦਾ ਹੈ।ਘਾਹ ਦੀ ਤਿੜ੍ਹ ਬਿਲਕੁੱਲ ਸਧਾਰਨ ਹੁੰਦੀ ਹੈ ,ਪ੍ਰੰਤੂ ਉਸ ਵਿੱਚ ਵੀ ਖੁਦਾ ਛੁਪਿਆ ਬੈਠਾ ਹੈ। ਉਹ ਚੰਦ 'ਤੇ ਰਾਕਟ ਭੇਜ ਸਕਦੇ ਹਨ, ਅਤੇ-ਅਤੇ ਉੱਥੇ ਰਾਡਾਰ ਛੱਡ ਸਕਦੇ ਹਨ, ਜਾਂ ਉਹ ਜੋ ਕੁਝ ਵੀ ਕਰ ਸਕਦੇ ਹਨ ਕਰਦੇ ਹਨ ਪਰ ਤਾਂ ਵੀ ਉਹ ਘਾਹ ਵਿੱਚ ਪਾਏ ਜਾਣ ਵਾਲੇ ਜੀਵਨ ਬਾਰੇ ਕੁਝ ਵੀ ਬਿਆਨ ਨਹੀਂ ਕਰ ਸਕਦੇ ਹਨ। ਇਹ ਠੀਕ ਗੱਲ ਹੈ ।ਦੇਖਿਆ ? ਅਜਿਹਾ ਇਸ ਲਈ ਹੈ ਕਿਉਂਕਿ ਇਸਦਾ ਬਿਆਨ ਕੀਤਾ ਹੀ ਨਹੀਂ ਜਾ ਸਕਦਾ ਹੈ। ਇਹ ਗੱਲ ਇੰਨੀ ਸਾਦਾ ਹੈ ਕਿ ਉਹ ਇਸਨੂੰ ਅਣਦੇਖਾ ਕਰ ਦਿੰਦੇ ਹਨ ।

167 ਹੁਣ ਧਿਆਨ ਕਰੋ ਕਿ, ਮੂਸਾ ਦੇ ਦਿਨਾਂ ਵਿੱਚ ਪ੍ਰਮੇਸ਼ੁਰ ਆਪਣੇ ਵਚਨ ਦੇ ਅਨੁਸਾਰ ਇਸਰਾਏਲੀ ਬੱਚਿਆਂ ਨੂੰ ਛੁਡਾਉਣ ਜਾ ਰਿਹਾ ਸੀ।ਤਦ ਪ੍ਰਮੇਸ਼ੁਰ ਨੇ ਕੀ ਕੀਤਾ ? ਉਸਨੇ ਇੱਕ ਸਧਾਰਨ ਜਿਹੇ ਪਰੀਵਾਰ ਨੂੰ ਚੁਣਿਆ ਸੀ।ਸਾਡੇ ਕੋਲ ਉਸਦੀ ਕੋਈ ਕੁੱਲਪੱਤਰੀ ਨਹੀਂ ਹੈ । ਦੇਖੋ, ਜਿਵੇਂ ਕਿ ਅਸੀ ਸਭ ਤਾਂ ਇੰਨਾ ਹੀ ਜਾਣਦੇ ਹਾਂ ਉਹ ਲੇਵੀ ਦੇ ਪਰੀਵਾਰ ਵਿੱਚੋਂ ਸੀ । ਸਮਝੇ? ਅਤੇ ਇਸ ਲਈ ਅਸੀਂ .......ਅਰ ਉਸਦੀ ਪਤਨੀ । ਉਹ ਵੀ ਇੱਕ ਸਧਾਰਨ ਜਿਹੀ ਹੀ ਔਰਤ ਸੀ, ਮੰਨੋ ਕਿ ਉਹ ਘਾਣੀ ਤਿਆਰ ਕਰਨ ਵਾਲੀ ਤੇ ਆਪਣੇ ਦੁਸ਼ਮਣਾਂ ਵਾਸਤੇ ਇੱਟਾਂ ਤਿਆਰ ਕਰਨ ਵਾਲੀ ਹੋਵੇ ਜਿਵੇਂ ਕਿ ਸੰਸਾਰ ਸੋਚਦਾ ਹੈ।ਉਹ ਇੱਕ ਸਧਾਰਨ ਇਸਰਾਈਲੀ ਗੁਲਾਮ ਸੀ; ਪ੍ਰੰਤੂ ਪ੍ਰਮੇਸ਼ੁਰ ਨੇ ਉਸ ਪਰੀਵਾਰ ਨੂੰ ਚੁਣਿਆ ਕਿ ਉਹ ਇੱਕ ਛੁਡਾਉਣ ਵਾਲਾ ਉਤਪਨ ਕਰੇ; ਉਹ ਪਰੀਵਾਰ ਤਾਂ ਇੱਕ ਸਧਾਰਨ ਜਿਹਾ ਯਹੂਦੀ ਪਰੀਵਾਰ ਸੀ। ਪ੍ਰਮੇਸ਼ੁਰ ਨੇ ਕਦੇ ਵੀ ਸ਼ਾਹੀ ਪਰੀਵਾਰ ਜਾਂ ਠਾਠ-



ਹੁੰਦਾ ਹੈ ਕਿ ਉਹ ਭੇਡ ਬਣੀ ਰਹੇ। ਇਹ ਠੀਕ ਗੱਲ ਹੈ। ਉੱਨ ਤਾਂ ਉਸ 'ਤੇ ਆਪਣੇ ਆਪ ਹੀ ਆ ਜਾਂਦੀ ਹੈ ... ਇਹ ਤਾਂ ਆਵੇਗੀ ਹੀ ।ਇਹ ਤਾਂ ਉੱਗੇਗੀ ਹੀ। ਉਸ 'ਤੇ ਇਹ ਆਵੇਗੀ, ਕਿਉਂਕਿ...

239 ਅਤੇ ਸਾਨੂੰ ਨਹੀਂ ਕਿਹਾ ਜਾਂਦਾ ਕਿ ਅਸੀਂ ਫਲਾਂ ਨੂੰ ਉਤਪਨ ਕਰੀਏ।ਸਾਡੇ ਕੋਲੋਂ ਆਸ ਕੀਤੀ ਜਾਂਦੀ ਹੈ ਕਿ ਸਾਨੂੰ ਫਲ ਲੱਗਣ, ਅਸੀਂ ਫਲ ਦੇਈਏ ਦੇਖਿਆ? ਅਤੇ ਜਦੋਂ ਤੱਕ ਤੁਸੀਂ ਪ੍ਰਮੇਸ਼ੁਰ ਦੇ ਫਲ ਦੇਣ ਵਾਲੇ ਰੁੱਖ ਬਣੇ ਹੋ, ਜਦ ਤੱਕ ਤੁਸੀਂ ਪ੍ਰਮੇਸ਼ੁਰ ਦੇ ਵਚਨ ਦੇ ਨਾਲ ਹੋ , ਪ੍ਰਮੇਸ਼ੁਰ ਦਾ ਵਚਨ ਆਪਣੇ ਆਪ ਇਸਦੀ ਪਹਿਚਾਣ ਕਰਾਏਗਾ।ਜਦ ਤੱਕ ਉਹ ਪ੍ਰਮੇਸ਼ੁਰ ਦਾ ਵਚਨ ਹੈ ਉਹ ਫਲ ਲਿਆਏਗਾ ਹੀ । ਯਿਸੂ ਨੇ ਕਿਹਾ ਸੀ, "ਜੇ ਤੁਸੀਂ ਮੇਰੇ ਵਿੱਚ ਬਣੇ ਰਹੋ ਅਤੇ ਮੇਰਾ ਵਚਨ ਤੁਹਾਡੇ ਵਿੱਚ ਬਣਿਆ ਰਹੇ, ਤਾਂ ਤੁਸੀਂ ਜੋ ਚਾਹੋ ਮੰਗੋ , ਅਤੇ ਉਹ ਤੁਹਾਡੇ ਲਈ ਹੋ ਜਾਵੇਗਾ।" ਦੇਖਿਆ? ਤੁਸੀਂ ਇਸਨੂੰ ਆਪ ਨਹੀਂ ਬਣਾਉਂਦੇ ਹੋ । ਤੁਹਾਨੂੰ ਤਾਂ ਇਸਨੂੰ ਉਗਾਉਣ ਲਈ ਕੁਝ ਵੀ ਨਹੀਂ ਕਰਨਾ ਹੁੰਦਾ ਹੈ। ਉਹ ਤਾਂ ਉੱਥੇ ਆਪਣੇ ਆਪ ਹੀ ਹੁੰਦੇ ਹਨ, ਅਤੇ ਇਹ ਅੱਗੇ ਲੱਗਦੇ ਹੀ ਰਹਿੰਦੇ ਹਨ।

240 ਹੁਣ ਅਸੀਂ ਜਲਦੀ ਕਰਦੇ ਹੋਏ ਅੱਗੇ ਵਧਾਂਗੇ, ਕਿਉਂਕਿ ਸਾਡੇ ਕੋਲ ਥੋੜੇ ਹੀ ਮਿੰਟ ਬਾਕੀ ਬਚੇ ਹਨ, ਅਤੇ ਇਸ ਤੋਂ ਬਾਦ ਅਸੀਂ ਖਤਮ ਕਰਾਂਗੇ।

241 ਹੁਣ, ਹੁਣ, ਦੂਸਰੇ ਬਹੁਤ ਅੱਗੇ ਨਿੱਕਲ ਜਾਂਦੇ ਹਨ ਅਤੇ ਉਹ ਕੱਟੜ ਬਣ ਜਾਂਦੇ ਹਨ। ਅਤੇ ਹੁਣ ਉਹ ਦੂਸਰੇ ਕਿਨਾਰੇ 'ਤੇ ਚਲੇ ਜਾਂਦੇ ਹਨ , ਅਤੇ ਉਹ ਅਜਿਹਾ ਸਿਰਫ ਇਸ ਲਈ ਸੋਚਦੇ ਹਨ ਕਿਉਂਕਿ ਉਹ ਉੱਪਰ ਥੱਲੇ ਨੱਚੇ ਟੱਪੇ ਸਨ ਜਾਂ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਉਤੇਜਨਾ ਜਾਂ ਜਜਬਾਤ ਮਿਲੇ ਸਨ, ਦੂਸਰੀ ਭਾਸ਼ਾ ਵਿੱਚ ਬੋਲਦੇ ਹਨ ਜਾਂ ਭਵਿੱਖਬਾਣੀ ਕਰਦੇ ਹਨ ਜੋ ਬਿਲਕੁੱਲ ਠੀਕ ਠੀਕ ਪੂਰੀ ਹੁੰਦੀ ਹੈ, ਜਾਂ ਉਹ ਕੁਝ ਹੋਰ ਇਸੇ ਤਰ੍ਹਾਂ ਦਾ ਹੀ ਕਰਦੇ ਹਨ, ਉਹ ਸੋਚਦੇ ਹਨ ਕਿ ਇਹ ਉਹ ਹੀ ਹੈ ਅਤੇ ਉਹਨਾਂ ਨੂੰ ਇਹ ਮਿਲ ਗਿਆ ਹੈ।ਪ੍ਰੰਤੂ ਇਸ ਤਰ੍ਹਾਂ ਨਹੀਂ ਹੈ।

242 ਯਿਸੂ ਨੇ ਕਿਹਾ ਸੀ, " ਉਸ ਦਿਨ ਬਥੇਰੇ ਮੇਰੇ ਕੋਲ ਆਉਣਗੇ ਅਤੇ ਕਹਿਣਗੇ , ਕੀ ਪ੍ਰਭੂ ਅਸੀਂ ਤੇਰੇ ਨਾਮ ਵਿੱਚ ਭਵਿੱਖਬਾਣੀ ਨਹੀਂ ਕੀਤੀ ? ਅਤੇ ਤੇਰੇ ਨਾਮ ਵਿੱਚ ਬਹੁਤ ਸਾਰੇ ਕੰਮ ਨਹੀਂ ਕੀਤੇ, ਅਤੇ ਭੂਤਾਂ ਨੂੰ ਨਹੀਂ ਕੱਢਿਆ ? " ਉਸਨੇ ਕਿਹਾ ਸੀ , " ਪ੍ਰੰਤੂ ਮੈਂ ਉਹਨਾਂ ਨੂੰ ਕਹਿ ਦੇਵਾਂਗਾ, "ਮੇਰੇ ਕੋਲੋਂ ਦੂਰ ਚਲੇ ਜਾਓ, ਮੈਂ ਤੁਹਾਨੂੰ ਕਦੇ ਵੀ ਨਹੀਂ ਜਾਣਿਆ ।" ਸਮਝੇ? ਗੱਲ ਉਸ ਤਰ੍ਹਾਂ ਨਹੀਂ ਹੈ।ਦੋਸਤੋ, ਇਹ ਉਹ ਨਹੀਂ ਹੈ।

243 ਇਹ ਹੀ ਕਾਰਨ ਹੈ ਕਿ ..... ਅਤੇ, ਕੀ ਪਰਾਈ ਭਾਸ਼ਾ ਬੋਲਣਾ ਇਸਦਾ ਸਬੂਤ ਹੈ? ਮੈਂ ਪਰਾਈ ਭਾਸ਼ਾ ਬੋਲਣ ਵਿੱਚ ਵਿਸਵਾਸ਼ ਕਰਦਾ ਹਾਂ, ਪ੍ਰੰਤੂ ਮੈਂ ਸਿਰਫ ਇਸਨੂੰ ਹੀ ਇੱਕ ਪਵਿੱਤਰ ਆਤਮਾ ਦਾ ਸਬੂਤ ਨਹੀਂ ਮੰਨਦਾ ਹਾਂ । ਨਹੀਂ ਜੀ, ਸ੍ਰੀ ਮਾਨ। ਪਵਿੱਤਰ ਆਤਮਾ ਦਾ ਸਬੂਤ ਆਤਮਲਾ ਦੇ ਫਲ ਹਨ। ਸਮਝੇ ? ਜੀ ਹਾਂ।ਹੁਣ , ਤੁਸੀਂ ਦੇਖਦੇ ਹੋ ਕਿ ਇਹ ਹੀ ਕਾਰਨ ਹੈ ਕਿ ਮੈਂ ਪੈਂਟੀਕਾਸਟਲ ਭਾਈਆਂ ਦੀ ਇਸ ਲਹਿਰ ਤੋਂ ਵੱਖਰਾ ਹਾਂ, ਇਸ ਢੰਗ ਨਾਲ ਕਿ ਉਹ ਕਹਿੰਦੇ ਹਨ, ਜੇ ਕੋਈ ਵਿਅਕਤੀ ਪਰਾਈ ਭਾਸ਼ਾ ਵਿੱਚ ਬੋਲਦਾ ਹੈ , ਤਾਂ ਉਸਦੇ ਕੋਲ ਪਵਿੱਤਰ ਆਤਮਾ ਹੈ ।" ਮੈਂ ਇਸ ਨਾਲ ਸਹਿਮਤ ਨਹੀਂ ਹਾਂ। ਇਹ ਕੋਈ ਚਿੰਨ੍ਹ ਨਹੀਂ ਹੈ ਕਿ ਉਸਨੂੰ ਪਵਿੱਤਰ ਆਤਮਾ ਮਿਲ ਗਿਆ ਹੈ । ਸਮਝ ਲੱਗੀ ?

233 ਉਸਨੇ ਕਿਹਾ ਸੀ , " ਉੱਥੇ ਇੱਕ ਰਾਜਮਾਰਗ ਹੋਵੇਗਾ ।" ' ਅਤੇ ' ਇੱਕ ਸੰਜੋਯਕ ਹੈ, "ਅਤੇ ਇੱਕ ਮਾਰਗ " ਅਤੇ ਉਹ ਪਵਿੱਤਰਤਾ ਦਾ ਰਾਜਮਾਰਗ ਨਹੀਂ ਕਹਾਵੇਗਾ, ਪ੍ਰੰਤੂ, "ਉਹ ਪਵਿੱਤਰ ਮਾਰਗ ਹੋਵੇਗਾ ।"

234 ਅੱਜ ਲੋਕ ਆਪਣੇ ਆਪ ਨੂੰ ਪਵਿੱਤਰ ਬਣਾ ਕੇ ਪਵਿੱਤਰਤਾ ਦਾ ਰਾਜਮਾਰਗ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।ਅਤੇ ਜਦੋਂ ਤੁਸੀਂ ਇਸ ਤਰ੍ਹਾਂ ਕਰਦੇ ਹੋ , ਤੇ ਉਹ ਹੀ ਗੱਲ ਹੋਵੇਗੀ ਜੋ ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ, ਕਿ ਇਹ ਇਸ ਤਰ੍ਹਾਂ ਹੈ ..... ਜਿਵੇਂ ਇੱਕ ਸ਼ਿਕਰਾ ਯਤਨ ਕਰੇ ਭਈ ਘੁੱਗੀ ਦੇ ਖੰਭ ਆਪਣੇ ਉੱਤੇ ਲਗਾ ਕੇ ਘੁੱਗੀ ਬਣ ਜਾਏ।ਜਦ ਕਿ ਉਸਦਾ ਸੁਭਾਅ ਅਜੇ ਵੀ ਸ਼ਿਕਰੇ ਵਰਗਾ ਹੀ ਹੈ ।ਸਮਝੇ? ਉਹ, ਇਹ .... ਇਹ ਇੰਝ ਹੋਵੇਗਾ ਕਿ ਇੱਕ ਕਾਂ ਕਬੂਤਰ ਦੇ ਖੰਭ ਜਾਂ ਮੋਰ ਦੇ ਖੰਭ ਲਗਾ ਲਏ ਅਤੇ ਕਹੇ, " ਤੁਸੀਂ ਦੇਖੋ , ਮੈਂ ਇੱਕ ਸੁੰਦਰ ਪੰਛੀ ਹਾਂ ।" ਦੇਖੋ, ਇਹ ਤਾਂ ਕੁਝ ਨਕਲੀ ਬਣਨ ਵਾਗੂੰ ਹੈ।

235 ਪ੍ਰੰਤੂ ਮੋਰ ਨੂੰ ਇਸ ਗੱਲ ਦੀ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੁੰਦੀ ਹੈ ਕਿ ਉਸ ਉੱਤੇ ਮੋਰ ਦੇ ਖੰਭ ਲੱਗੇ ਹੋਏ ਹਨ ਜਾਂ ਨਹੀਂ ।ਕਬੂਤਰ ਨੂੰ ਇਸ ਗੱਲ ਦੀ ਚਿੰਤਾ ਕਰਨ ਦੀ ਕੋਈ ਜਰੂਰਤ ਨਹੀਂ ਹੁੰਦੀ ਹੈ ਕਿ ਉਸ 'ਤੇ ਕਬੂਤਰ ਦੇ ਖੰਭ ਲੱਗੇ ਹਨ ਜਾਂ ਨਹੀਂ। ਜਦ ਤੱਕ ਉਸਦਾ ਸੁਭਾਅ ਕਬੂਤਰ ਵਾਲਾ ਹੈ, ਉਸ 'ਤੇ ਕਬੂਤਰ ਦੇ ਖੰਭ ਹੋਣਗੇ।

236 ਅਤੇ ਵੇਖੋ , ਇਹਨਾਂ ਹੋਲੀਨੈਸ ਦੇ ਲੋਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ , ਔਰਤਾਂ ਨੂੰ ਲੰਬੇ ਵਾਲ ਰੱਖਣੇ ਚਾਹੀਦੇ ਹਨ, ਅਤੇ ਲੰਬੇ ਕੱਪੜੇ ਪਾਉਣੇ ਚਾਹੀਦੇ ਹਨ, ਅਤੇ -ਅਤੇ ਇਹ ਸੱਭ ਕਰਨਾ ਚਾਹੀਦਾ ਹੈ, ਅਤੇ ਲੰਬੇ ਸਕੱਰਟ ਪਾਉਣੇ ਚਾਹੀਦੇ ਹਨ, ਅਤੇ ਵਿਆਹ ਦੀ ਮੁੰਦੀ ਜਾਂ ਕਿਸੇ ਵੀ ਤਰ੍ਹਾਂ ਦੇ ਗਹਿਣੇ ਨਹੀਂ ਪਾਉਣੇ ਚਾਹੀਦੇ ਹਨ ।" ਵੇਖੋ, ਇਹ ਆਪਣੀ ਹੀ ਬਣਾਈ ਹੋਈ ਧਾਰਮਿਕਤਾ ਜਾਂ ਪਵਿੱਤਰਤਾ ਬਣ ਜਾਂਦੀ ਹੈ।ਸਮਝੇ ? ਸਮਝੇ ? ਇਹ ਆਪ ਹੀ ਬਣਾਈ ਹੋਈ ਪਵਿੱਤਰਤਾ ਹੈ। ਪ੍ਰੰਤੂ ਜੀਉਂਦੇ ਪ੍ਰਮੇਸ਼ੁਰ ਦੀ ਇੱਕ ਸੱਚੀ ਕਲੀਸਿਯਾ ਹੈ .... ਹੁਣ ਦੇਖੋ ਕਿ ਜਥੇਬੰਦੀਆਂ ਨੂੰ ਕੀ ਹੋ ਗਿਆ ਹੈ । ਹੁਣ ਉਹਨਾਂ ਦੇ ਪੈਟੀਂਕਾਸਟਲਾਂ ਦੀ ਤਰ੍ਹਾਂ ਵਾਲ ਕੱਟੇ ਹੋਏ ਹਨ , ਅਤੇ ਉਹ ਵਗੈਰਾ-ਵਗੈਰਾ ਕੰਮ ਕਰ ਰਹੇ ਹਨ। ਅਤੇ ਉਹ ਲੱਗਭੱਗ ਸਾਰੇ ਅਗੂੰਠੀਆਂ ਅਤੇ ਦੂਸਰੇ ਸਭ ਗਹਿਣੇ ਪਾਉਂਦੇ ਹਨ ।ਕਈ ਸਾਲ ਪੁਰਾਣੇ ਪੈਂਟੀਕਾਸਟਲਾਂ ਨੂੰ ਵੇਖੋ , ਦੇਖੋ ਕਿ ਉਹ ਇਸਨੂੰ ਬਾਰ-ਬਾਰ ਦੁਹਰਾਉਂਦੇ ਸਨ ਕਿ, "ਅਸੀਂ ਹੀ ਕਲੀਸਿਯਾ ਹਾਂ, ਅਸੀਂ ਹੀ ਕਲੀਸਿਯਾ ਹਾਂ ।"

237 ਕਲੀਸਿਯਾ ਮਸੀਹ ਦੀ ਦੇਹ ਹੈ।ਇਹ ਤਾਂ ਦੂਸਰੇ ਨਿੱਜੀ ਲੋਕਾਂ ਵਿੱਚੋਂ , ਇੱਕ ਨਿੱਜੀ ਮਨੁੱਖ ਹੁੰਦਾ ਹੈ ਜੋ ਪ੍ਰਮੇਸ਼ੁਰ ਦੇ ਰਾਜ ਵਿੱਚ ਜਨਮ ਲੈਂਦਾ ਹੈ ।ਇਹ ਤਾਂ ਅੰਦਰੋਂ ਬਾਹਰ ਵੱਲ ਨੂੰ ਆਉਂਦਾ ਹੈ । ਇਹ ਤਾਂ ਆਪਣੇ ਆਪ ਹੀ ਜੀਉਂਦਾ ਹੈ ।

238 ਤੁਸੀਂ ਭੇਡ ਨੂੰ ਉੱਨ ਉਗਾਉਣ ਨੂੰ ਨਹੀਂ ਕਹਿੰਦੇ ਹੋ .... ਮੇਰਾ ਮਤਲਬ ਹੈ ਕਿ ਤੁਸੀਂ ਭੇਡ ਨੂੰ ਉੱਨ ਬਣਾਉਣ ਲਈ ਨਹੀਂ ਕਹਿੰਦੇ ਹੋ। ਭੇਡ ਨੂੰ ਉੱਨ ਉਤਪਤ ਨਹੀਂ ਕਰਨੀ ਪੈਂਦੀ ਹੈ । ਕੀ ਉਹ ਕਹਿੰਦੀ ਹੈ ਕਿ , "ਹੁਣ ਇਸ ਸਾਲ ਮੇਰਾ ਮਾਲਕ ਚਾਹੁੰਦਾ ਹੈ ਕਿ ਮੇਰੇ ਉੱਤੇ ਕੁਝ ਉੱਨ ਹੋਵੇ।ਮੈਨੂੰ ਉੱਨ ਬਣਾਉਣ ਵਿੱਚ ਲੱਗ ਜਾਣਾ ਚਾਹੀਦਾ ਹੈ।" ਨਹੀਂ ਜੀ , ਉਸਨੇ ਤਾਂ ਬੱਸ ਇਹ ਹੀ ਕਰਨਾ



ਬਾਠ ਜਾਂ ਕਿਸੇ ਜਾਜਕ ਨੂੰ ਨਹੀਂ ਚੁਣਿਆ । ਉਸਨੇ ਤਾਂ ਇੱਕ ਮਮੂਲੀ ਜਿਹੇ ਸਧਾਰਨ ਪਰੀਵਾਰ ਨੂੰ ਚੁਣਿਆ ।ਤੁਸੀਂ ਸਮਝੇ ? ਸਧਾਰਨਤਾ ! ਧਿਆਨ ਦਿਓ ਪ੍ਰਮੇਸ਼ੁਰ ਨੇ ਕੀ ਕੀਤਾ ਸੀ , ਉਸਨੇ ਇੱਕ ਬੱਚੇ ਦੀ ਉਤਪਤੀ ਕੀਤੀ ਸੀ ਜੋ ਕਿ ਇੱਕ ਸਧਾਰਨ ਮਨੁੱਖ ਸੀ । ਉਸਨੇ ਕਦੀ ਵੀ .....

168 ਉਹ ਚਹੁੰਦਾ ਤਾਂ ਉਹਨਾਂ ਨੂੰ ਛੁਡਾਉਣ ਲਈ ਸੂਰਜ ਨੂੰ ਵਰਤ ਸਕਦਾ ਸੀ । ਉਹਨਾਂ ਨੂੰ ਛੁਡਾਉਣ ਲਈ ਉਹ ਹਨੇਰੀ ਦੀ ਵਰਤੋਂ ਕਰ ਸਕਦਾ ਸੀ।ਉਹਨਾਂ ਨੂੰ ਛੁਡਾਉਣ ਲਈ ਉਹ ਸਵਰਗਦੂਤ ਦੀ ਵਰਤੋਂ ਕਰ ਸਕਦਾ ਸੀ।ਔਹ, ਹਾਲੇਲੂਯਾਹ !ਪ੍ਰਮੇਸ਼ੁਰ ਜੋ ਕੁਝ ਵੀ ਕਰਨਾ ਚਾਹੁੰਦਾ ਹੈ , ਉਹ ਉਸਨੂੰ ਕਰ ਸਕਦਾ ਹੈ।

"ਭਾਈ ਬ੍ਰਾਨਹਾਮ ਤੁਸੀਂ ਇਸ ਤਰ੍ਹਾਂ ਕਿਵੇਂ ਕਹਿ ਸਕਦੇ ਹੋ ?"

169 ਪ੍ਰਮੇਸ਼ੁਰ ਆਪਣੀ ਯੋਜਨਾ ਨੂੰ ਕਦੇ ਬਦਲਦਾ ਨਹੀਂ ਹੈ । ਇਹੀ ਕਾਰਨ ਹੈ ਕਿ ਅਸੀਂ ਜਾਣਦੇ ਹਾਂ ਕਿ ਇਸ ਦਿਨ ਵੀ ਪ੍ਰਮੇਸ਼ੁਰ ਦਾ ਕੰਮ ਸਧਾਰਨਤਾ ਵਿੱਚ ਹੀ ਹੋਣਾ ਹੈ । ਸਮਝ ਗਏ ? ਪ੍ਰਮੇਸ਼ੁਰ ਸਦਾ ਸਾਦਗੀ ਵਿੱਚ ਹੀ ਕੰਮ ਕਰਦਾ ਹੈ । ਪਰ ਆਦਿ ਵਿੱਚ ਪ੍ਰਮੇਸ਼ੁਰ ਇੰਜੀਲ ਦਾ ਪ੍ਰਚਾਰ ਕਰਨ ਦੇ ਲਈ ਸੂਰਜ ਨੂੰ ਬਣਾ ਸਕਦਾ ਸੀ , ਜਾ ਹਵਾ ਨੂੰ ਬਣਾ ਸਕਦਾ ਸੀ , ਇੰਜੀਲ ਦਾ ਪ੍ਰਚਾਰ ਕਰਨ ਦੇ ਲਈ ਕਿਸੇ ਸਵਰਗਦੂਤ ਨੂੰ ਬਣਾ ਸਕਦਾ ਸੀ ,ਪਰ ਉਸਨੇ ਇਸ ਉਦੇਸ਼ ਲਈ ਮਨੁੱਖ ਨੂੰ ਹੀ ਠਹਿਰਾਇਆ ਸੀ , ਅਤੇ ਉਹ ਇਸ ਨੂੰ ਕਦੇ ਨਹੀਂ ਬਦਲਦਾ । ਉਸ ਨੇ ਕਦੇ ਵੀ ਨਹੀਂ ਠਹਿਰਾਇਆ ......। ਉਸ ਨੇ ਕਦੇ ਵੀ ਜੱਥੇਬੰਦੀਆਂ ਨੂੰ ਨਹੀਂ ਠਹਿਰਾਇਆ । ਉਸ ਨੇ ਕਦੇ ਵੀ ਮਨੁੱਖਾਂ ਦੇ ਸਮੂਹਾਂ ਨੂੰ ਨਹੀਂ ਠਹਿਰਾਇਆ ।ਪ੍ਰਮੇਸ਼ੁਰ ਨੇ ਇੰਜੀਲ ਦਾ ਪ੍ਰਚਾਰ ਕਰਨ ਦੇ ਲਈ ਮਨੁੱਖਾਂ ਨੂੰ ਹੀ ਠਹਿਰਾਇਆ ਹੈ , ਮਸ਼ੀਨਰੀ ਨੂੰ ਨਹੀਂ, ਮਸ਼ੀਨੀ ਪੁਰਜਿਆਂ ਨੂੰ ਨਹੀਂ, ਨਾ ਹੀ ਸਵਰਗਦੂਤ ਵਰਗੀ ਕਿਸੇ ਚੀਜ ਨੂੰ ਠਹਿਰਾਇਆ ਹੈ।ਇਹ ਮਨੁੱਖ ਹੀ ਸੀ ।

170 ਅਤੇ ਜਦ ਪ੍ਰਮੇਸ਼ੁਰ ਨੇ ਉੱਥੇ ਉਹਨਾਂ ਨੂੰ ਅਸੀਰੀ ਤੋਂ ਛੁਟਕਾਰਾ ਦਿੱਤਾ, ਤਾਂ ਇਸ ਦੇ ਲਈ ਉਸਨੇ ਦਾਸਾਂ ਜਾਂ ਗੁਲਾਮਾਂ ਦੇ ਝੁੰਡ ਵਿੱਚੋਂ ਇੱਕ ਸਧਾਰਨ ਪਰੀਵਾਰ ਵਿੱਚੋਂ ਪੈਦਾ ਹੋਏ ਇੱਕ ਸਿੱਧੇ ਸਾਦੇ ਮਨੁੱਖ ਨੂੰ ਭੇਜਿਆ ਸੀ। ਔਹ, ਮੇਰੇ ਪ੍ਰਭੂ !ਕਿੰਨਾ ਅਦਭੁਤ ਖੁਦਾ ਹੈ, ਉਹ ਆਪਣੇ ਆਪ ਨੂੰ ਸਧਾਰਨਤਾ ਵਿੱਚ ਪ੍ਰਗਟ ਕਰਦਾ ਹੈ ।

171 ਹੁਣ ਧਿਆਨ ਦਿਓ।ਪ੍ਰਮੇਸ਼ੁਰ ਨੇ ਉਸਨੂੰ ਸੰਸਾਰਕ ਬੁੱਧ ਵਿੱਚ ਸਿੱਖਿਅਤ ਹੋਣ ਦਿੱਤਾ, ਤਾਂ ਕਿ ਉਹ ਫੇਲ ਹੋ ਜਾਵੇ ਅਰ ਪ੍ਰਮੇਸ਼ੁਰ ਉਸਨੂੰ ਵਿਖਾ ਸਕੇ ਕਿ ਸਾਨੂੰ ਬੁੱਧੀ ਜਾਂ ਗਿਆਨ ਨਾਲ ਕਦੇ ਛੁਟਕਾਰਾ ਨਹੀਂ ਮਿਲਦਾ ਹੈ। ਇਹ ਵਿਸ਼ਵਾਸ਼ ਹੈ ਜਿਸਦੇ ਰਾਹੀਂ ਅਸੀਂ ਛੁਡਾਏ ਗਏ ਹਾਂ । ਪ੍ਰਮੇਸ਼ੁਰ ਨੇ ਮੂਸਾ ਨੂੰ ਉਹਨਾਂ ਵਿੱਚ ਜਾਣ ਦਿੱਤਾ ਅਤੇ ਸੰਸਾਰਕ ਗਿਆਨ ਪ੍ਰਾਪਤ ਕਰਨ ਦਿੱਤਾ, ਉਸਨੇ ਏਨੀ ਵਿੱਦਿਆ ਸਿੱਖ ਲਈ ਸੀ ਕਿ ਉਹ ਮਿਸਰੀਆਂ ਨੂੰ ਵੀ ਗਿਆਨ ਸਿਖਾ ਸਕਦਾ ਸੀ; ਉਹ ਬਹੁਤ ਹੀ ਬੁੱਧੀਮਾਨ ਸੀ।ਖੁਦਾ ਉਸ ਸਧਾਰਨ ਪਰੀਵਾਰ ਦੇ ਨਾਲ ਸੀ ਜੋ ਸ਼ਾਇਦ ਆਪਣਾ ਨਾਮ ਵੀ ਨਾ ਲਿਖ ਸਕਦਾ ਹੋਵੇ।ਅਤੇ ਮੂਸਾ ਦੀ ਸਿੱਖਿਆ ਉੱਚ ਪੱਧਰ ਦੇ ਕਾਲਜਾਂ ਵਿੱਚ ਕਰਵਾਈ ਗਈ ਸੀ, ਅਤੇ ਉਹ ਇੰਨਾ ਜਿਆਦਾ ਗਿਆਨੀ ਹੋ ਗਿਆ ਸੀ ਕਿ ਉਹ ਸਿਖਾਉਣ ਵਾਲਿਆਂ ਨੂੰ ਵੀ ਗਿਆਨ ਸਿਖਾ ਸਕਦਾ ਸੀ।ਉਹ ਉੱਚ ਬੁੱਧੀ ਵਾਲੇ ਵਿਅਕਤੀਆਂ ਨੂੰ ਵੀ ਸਿਖਾ ਸਕਦਾ ਸੀ। ਜੀ ਹਾਂ। ਪ੍ਰਮੇਸ਼ੁਰ ਨੇ ਉਸ ਨੂੰ ਇਹ ਸਭ ਇਸ ਲਈ ਕਰਨ ਦਿੱਤਾ ਤਾਂ ਕਿ ਉਹ ਖੁਦ ਆਪਣੇ ਆਪ ਨੂੰ ਦੀਨਤਾ ਵਿੱਚ ਪ੍ਰਗਟ ਕਰ

ਸਕੇ।ਅਰ ਇਹ ਦਿਖਾ ਸਕੇ ਕਿ ਗਿਆਨ ਨਾਲ ਇਸਦਾ ਕੁਝ ਵੀ ਲੈਣਾ ਦੇਣਾ ਨਹੀਂ ਹੁੰਦਾ ਹੈ।ਅਤੇ ਮੂਸਾ ਆਪਣੀ ਸਾਰੀ ਬੁੱਧੀਮੱਤਾ ਵਿੱਚ ਬੁਰੀ ਤਰ੍ਹਾਂ ਅਸਫਲ ਹੋਇਆ ਸੀ।ਪ੍ਰਮੇਸ਼ੁਰ ਨੇ ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਉਸਨੂੰ ਇਸੇ ਤਰ੍ਹਾਂ ਚੱਲਣ ਦਿੱਤਾ ਤਾਂ ਕਿ ਉਹ ਅਸਫਲ ਹੋ ਜਾਏ। ਅਤੇ ਮੂਸਾ ਅਸਫਲ ਹੋਇਆ ਸੀ, ਅਤੇ ਡਿੱਗ ਗਿਆ ਸੀ।

172 ਅਜਿਹਾ ਇਸ ਲਈ ਹੋਇਆ ਸੀ ਕਿ ਪ੍ਰਮੇਸ਼ੁਰ ਇਹ ਦਿਖਾ ਸਕੇ , " ਕਿ ਨਾਂ ਬਲ ਨਾਲ ਅਤੇ ਨਾਂ ਸ਼ਕਤੀ ਨਾਲ ", ਨਾਂ ਮਿਸਰ ਦੇ ਗਿਆਨ ਨਾਲ , ਨਾ ਸਾਡੇ ਸਕੂਲੀ ਗਿਆਨ ਨਾਲ, ਨਾਂ ਸਾਡੀਆਂ ਸੈਮਨਰੀਆਂ ਦੀ ਸ਼ਕਤੀ ਨਾਲ, ਨਾਂ ਸਾਡੀਆਂ ਸੰਸਥਾਵਾਂ ਦੀ ਗਿਣਤੀ ਨਾਲ ,ਨਾਂ ਸਾਡੀ ਵਿਦਵਾਨੀ ਢੰਗ ਦੀ ਸਿੱਖਿਆ ਨਾਲ, " ਪ੍ਰੰਤੂ ਮੇਰੇ ਆਤਮਾ ਨਾਲ , ਪ੍ਰਭੂ ਪ੍ਰਮੇਸ਼ੁਰ ਆਖਦਾ ਹੈ।" ਮੂਸਾ ਦੀ ਬੁੱਧੀ ਜਾਂਦੀ ਰਹੀ ਸੀ, ਅਤੇ ਖਤਮ ਹੋ ਗਈ ਸੀ, ਜਦ ਪ੍ਰਮੇਸ਼ੁਰ ਉਸਨੂੰ ਬਲਦੀ ਹੋਈ ਝਾੜੀ ਵਿੱਚ ਮਿਲਿਆ ।ਮੂਸਾ ਨਮਰਤਾ ਵਿੱਚ ਏਨਾ ਦੀਨ ਹੋ ਗਿਆ ਕਿ ਉਸਨੇ ਆਪਣੀ ਜੁੱਤੀ ਲਾਹੀ ਅਤੇ ਉਹ ਆਪਣੀ ਸਾਰੀ ਬੁੱਧੀ ਭੁੱਲ ਜਾਂਦਾ ਹੈ।

173 ਜਦ ਪ੍ਰਮੇਸ਼ੁਰ ਨੇ ਛੁਟਕਾਰਾ ਕਰਨਾ ਸੀ, ਤਾਂ ਉਸਨੇ ਉਹਨੂੰ ਬੁੱਧੀ ਵਿੱਚ ਨਿਪੁੰਨ ਹੋਣ ਦਿੱਤਾ, ਤਾਂ ਕਿ ਉਹ ਫੇਲ ਹੋ ਸਕੇ, ਅਤੇ ਉਸਨੂੰ ਇਹ ਦਿਖਾ ਸਕੇ ਕਿ ਉਹ ਆਪਣੀ ਸਮਝ ਦੇ ਬਾਹੂਬਲ 'ਤੇ ਜਾਂ ਕਿਸੇ ਹੋਰ ਵਿਅਕਤੀ ਦੀ ਸਮਝ ਦੇ ਬਾਹੂਬਲ 'ਤੇ ਨਿਰਭਰ ਨਹੀਂ ਕਰ ਸਕਦੇ ਹੋ।ਪ੍ਰਮੇਸ਼ੁਰ ਨੇ ਉਸਨੂੰ ਫੇਲ ਹੋਣ ਦਿੱਤਾ ਤਾਂ ਕਿ ਉਹ ਆਪਣਾ ਬਾਹੂਬਲ ਪ੍ਰਗਟ ਕਰ ਸਕੇ।ਕੀ ਤੁਸੀਂ ਇਸਨੂੰ ਦੇਖ ਸਕਦੇ ਹੋ? [ ਸੰਗਤ ਆਖਦੀ ਹੈ, "ਆਮੀਨ"-ਸੰਪਾਦਕ ] ਅਜਿਹਾ ਕਰਨ ਵਿੱਚ ਪ੍ਰਮੇਸ਼ੁਰ ਦਾ ਇਹ ਹੀ ਉਦੇਸ਼ ਸੀ ਕਿ ਉਹ ਆਪਣੇ ਆਪ ਨੂੰ ਸਧਾਰਨਤਾ ਵਿੱਚ ਪ੍ਰਗਟ ਕਰ ਸਕੇ। ਅਤੇ ਪ੍ਰਮੇਸ਼ੁਰ ਨੇ ਮੂਸਾ ਨੂੰ ਇੰਨਾ ਮਹਾਨ ਬਣਨ ਦਿੱਤਾ ਕਿ ਉਹ ਫਿਰਾਊਨ ਤੋਂ ਅਗਲਾ ਦਰਜਾ ਮੂਸਾ ਦਾ ਹੀ ਸੀ। ਉਹ ਇੱਕ ਸ਼ਕਤੀਸ਼ਾਲੀ ਜਨਰਲ ਸੀ। ਇਤਿਹਾਸ ਦੇ ਅਨੁਸਾਰ ਮੂਸਾ ਨੇ ਆਲੇ-ਦੁਆਲੇ ਦੇ ਕਈ ਨਗਰਾਂ 'ਤੇ ਫਤਿਹ ਪ੍ਰਾਪਤ ਕੀਤੀ ਸੀ।ਅਤੇ ਜਦ ਉਸਨੇ ਆਪਣੇ ਸਾਰੇ ਗੁਣਾਂ ਦੇ ਨਾਲ ਪ੍ਰਮੇਸ਼ੁਰ ਦਾ ਕੰਮ ਕਰਨਾ ਚਾਹਿਆ ਤਾਂ ਪ੍ਰਮੇਸ਼ੁਰ ਨੇ ਉਸਨੂੰ ਲੁੜਕਾ ਕੇ ਸਿਰ ਭਰਨੇ ਮਾਰਿਆ ਤਾਂ ਜੋ ਉਹ ਉਸਨੂੰ ਰੇਗੀਸਤਾਨ ਵਿੱਚ ਭਟਕਣ ਦੇਵੇ ਅਤੇ ਉਸਦੇ ਅੰਦਰੋਂ ਪੁਰਾਣਾ ਗਿਆਨ ਬਾਹਰ ਕੱਢ ਦੇਵੇ।ਅਤੇ ਇਸਤੋਂ ਬਾਦ ਪ੍ਰਮੇਸ਼ੁਰ ਉਸਦੇ ਅੱਗੇ ਸਧਾਰਨਤਾ ਵਿੱਚ ਪ੍ਰਗਟ ਹੁੰਦਾ ਹੈ, ਅਤੇ ਉਸਦੇ ਹੱਥ ਵਿੱਚ ਲਾਠੀ ਫੜਾ ਕੇ ਉਸਨੂੰ ਲੋਕਾਂ ਨੂੰ ਛੁਡਾਉਣ ਲਈ ਭੇਜਦਾ ਹੈ।

174 ਜਦ ਕਿ ਉਹ ਇਸ ਕੰਮ ਨੂੰ ਫੋਜੀ ਸਿੱਖਿਆ ਨਾਲ ਨਾ ਕਰ ਸਕਿਆ, ਨਾ ਪੜ੍ਹਾਈ ਦੇ ਜੋਰ ਨਾਲ ਅਤੇ ਨਾ ਹੀ ਵਿਗਿਆਨ ਦੀ ਸਿੱਖਿਆ ਦੇ ਰਾਹੀਂ ਕਰ ਸਕਿਆ।ਅਤੇ ਉਹ ਸੈਨਿਕ ਸ਼ਕਤੀ ਦੇ ਦੁਆਰਾ ਇਸ ਕੰਮ ਨੂੰ ਨਹੀਂ ਕਰ ਸਕਦਾ ਸੀ। ਅਤੇ ਤਦ ਪ੍ਰਮੇਸ਼ੁਰ ਨੇ ਉਸਨੂੰ ਮਾਰੂਥਲ ਵਿੱਚੋਂ ਪੁਰਾਣੀ ਮੁੜੀ ਹੋਈ ਟੇਡੀ ਮੇਡੀ ਲਾਠੀ ਦਿੱਤੀ 'ਤੇ ਉਸ ਨੇ ਇਸ ਨਾਲ ਉਸ ਕੰਮ ਨੂੰ ਕੀਤਾ।ਪ੍ਰਮੇਸ਼ੁਰ ਨਮਰਤਾ ਅੰਦਰ,ਸਧਾਰਨਤਾ ਅੰਦਰ !ਪ੍ਰਮੇਸ਼ੁਰ ਲਾਠੀ ਅਤੇ ਮੂਸਾ ਵਿੱਚ ਸੀ।ਅਤੇ ਜਦ ਤੱਕ ਉਹ ਲਾਠੀ ਮੂਸਾ ਦੇ ਕੋਲ ਸੀ, ਸਮਝੋ ਕਿ ਉਹ ਪ੍ਰਮੇਸ਼ੁਰ ਦੇ ਕੋਲ ਸੀ, ਕਿਉਂਕਿ ਪ੍ਰਮੇਸ਼ੁਰ ਮੂਸਾ ਦੇ ਵਿੱਚ ਸੀ।ਯਕੀਨਨ ਅਜਿਹਾ ਹੀ ਸੀ।

175 ਧਿਆਨ ਦਿਓ," ਨਾ ਸ਼ਕਤੀ ਨਾਲ, ਨਾ ਬਲ ਨਾਲ, ਪਰ ਮੇਰੇ ਆਤਮਾ ਦੇ ਨਾਲ।" ਪ੍ਰੰਤੂ ਇੱਕ ਸਧਾਰਨ ਜਿਹੇ ਵਿਸ਼ਵਾਸ਼ ਨਾਲ ਇਹ ਹੋ ਜਾਵੇਗਾ।



227 ਇਹੀ ਉਹ ਗੱਲ ਹੈ ਜਿਸਦਾ ਕਰਕੇ ਮੈਂ ਬ੍ਰਦਰਨ ਗਰੁੱਪ ਦੇ ਭਾਈਆਂ ਨਾਲ ਮੱਤਭੇਦ ਰੱਖਦਾ ਹਾਂ ਜੋ ਕਿ ਜਿਆਦਾ ਸਮਾਂ ਨਹੀਂ ਹੋਇਆ ਜਦ ਉਹ ਰੋਸ਼ਨੀ ਵਾਲੇ ਰਾਹ ਤੋਂ ਪਰੇ ਹੱਟ ਗਏ । ਉਹਨਾਂ ਨੂੰ ਉਸ ਚਾਨਣੇ ਰਾਹ ਦੀ ਸਮਝ ਨਾ ਆ ਸਕੀ , ਇੱਥੋਂ ਤੱਕ ਕਿ ਉਹਨਾਂ ਨੇ ਆਪਣੇ ਆਪ ਨੂੰ ਇੱਕ ਵੱਖਰੀ ਮੰਡਲੀ ਬਣਾ ਲਿਆ, ਉਹਨਾਂ ਨੇ ਆਪਣਾ ਇੱਕ ਝੁੰਡ ਕਨੇਡਾ ਵਿੱਚ ਬਣਾ ਲਿਆ ਅਤੇ ਉਹਨਾਂ ਨੇ ਇੱਕ ਦੂਜੇ ਵਿੱਚੋਂ ਰਸੂਲ ਅਤੇ ਨਬੀ ਬਣਾ ਲਏ ਤਾਂ ਕਿ ਲੋਕਾਂ ਨੂੰ ਰਸੂਲ ਅਤੇ ਨਬੀ ਦੇਣ। ਅਤੇ ਇਹ ਕੰਮ ਪਤਨ ਦੀ ਵੱਲ ਚਲਾ ਗਿਆ । ਅਤੇ ਹਮੇਸ਼ਾਂ ਹੀ ਅਜਿਹਾ ਹੀ ਹੋਵੇਗਾ। ਸਮਝੇ? ਉਹ ਬਣ ਗਏ ..... ਉਹਨਾਂ ਨੇ ਮਹਿਸੂਸ ਕੀਤਾ ਕਿਉਂਕਿ ਉਹ ਹਨ ..... ਕਿ ਉਹ ਨਹੀਂ ..... ਉਹਨਾਂ ਨੇ ਦੂਜੀਆਂ ਗੱਲਾਂ ਨੂੰ ਇਸ ਹੱਦ ਤੱਕ ਦੋਸ਼ੀ ਠਹਿਰਾਇਆ, ਇੱਥੋਂ ਤੱਕ ਕਿ ਉਹ ਦੂਸਰੇ ਕਿਨਾਰੇ ਦੇ ਅੰਤ ਤੱਕ ਜਾ ਪਹੁੰਚੇ ਹਨ।ਸਮਝੇ ?

228 ਇੱਕ ਹਿੱਸਾ ਤਾਂ ਅਜਿਹਾ ਹੈ ਜੋ ਬਹੁਤ ਹੀ ਬੁੱਧੀਮਾਨ, ਠੰਡੇ ਅਰ ਵੱਖਰੀ ਹੀ ਕਿਸਮ ਦੇ ਹਨ, ਉਹ ਸਾਰੀਆਂ ਗੱਲਾਂ ਦਾ ਇਨਕਾਰ ਕਰ ਦਿੰਦੇ ਹਨ। ਅਤੇ ਦੂਸਰੇ ਹਿੱਸੇ ਵਿੱਚ ਉਹ ਆਉਂਦੇ ਹਨ, ਜੋ ਕਿ ਅਸਲ ਵਿੱਚ ਜਜਬਾਤੀ ਲੋਕਾਂ ਦਾ ਝੁੰਡ ਹੈ, ਜੋ ਵਚਨ ਦਾ ਇਨਕਾਰ ਕਰਦੇ ਹਨ।

229 ਪ੍ਰੰਤੂ ਅਸਲੀ ਸੱਚੀ ਕਲੀਸਿਯਾ ਰਾਹ ਦੇ ਠੀਕ ਵਿਚਕਾਰ ਚੱਲਦੀ ਹੈ। ਜੇ ਤੁਸੀਂ ਧਿਆਨ ਦਿਓ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਹ ਕਲੀਸਿਯਾ ਉਹ ਹੈ ਜਿਸਨੂੰ ਬਾਈਬਲ ਦਾ ਗਿਆਨ ਹੈ ਕਿ ਪ੍ਰਮੇਸ਼ੁਰ ਕੀ ਕਹਿੰਦਾ ਹੈ, ਅਤੇ ਇਹ ਆਪਣੇ ਦਿਲ ਵਿੱਚ ਆਤਮਿਕ ਰੂਪ ਵਿੱਚ ਕਾਫੀ ਸਰਗਰਮ ਹੈ, ਅਤੇ ਇਹ ਬਸ ਰਾਹ ਤੇ ਹੈ।ਅਤੇ ਯਸਾਯਾਹ ਨੇ ਇਹ ਕਿਹਾ ਸੀ ਕਿ ਇਹ ਇਸੇ ਪ੍ਰਕਾਰ ਹੋਵੇਗਾ। ਉਸਨੇ ਕਿਹਾ ਸੀ, "ਉੱਥੇ ਇੱਕ ਰਾਜ ਮਾਰਗ ਹੋਵੇਗਾ ...."

230 ਅਤੇ ਮੁਬਾਰਕ ਅਤੇ ਅਨਮੋਲ ਮਿੱਤਰ ਜੋ ਨਾਜਰੀਨ ਸਦਾਉਂਦੇ ਸਨ , ਇੱਕ ਬਲਵੰਤ ਲਹਿਰ ਸੀ ਜਿਸ ਨੂੰ ਪ੍ਰਮੇਸ਼ੁਰ ਨੇ ਖੜਾ ਕੀਤਾ ਸੀ , ਉਸਨੇ ਕੀ ਪ੍ਰਾਪਤ ਕੀਤਾ ? ਜਦ ਪ੍ਰਮੇਸ਼ੁਰ ਨੇ ਕਲੀਸਿਯਾ ਵਿੱਚ ਪਰਾਈ ਭਾਸ਼ਾ ਵਿੱਚ ਗੱਲ ਕਰਨੀ ਸ਼ੁਰੂ ਕੀਤੀ, ਤਾਂ ਉਹ ਇੰਨੇ ਜਿਆਦਾ ਸੀਮਿਤ ਅਤੇ ਇੰਨੇ ਆਕੜ ਵਿੱਚ ਆ ਚੁੱਕੇ ਸਨ ਕਿ ਉਹਨਾਂ ਨੇ ਇਸਨੂੰ " ਸ਼ੈਤਾਨ" ਦੱਸਿਆ । ਅਤੇ ਤੁਸੀਂ ਦੇਖੋ ਉਹਨਾਂ ਦੇ ਨਾਲ ਕੀ ਹੋਇਆ ਸੀ ? ਸਮਝੇ ? ਦੇਖਿਆ ? ਉਹ " ਉਸ ਤੋਂ ਜਿਆਦਾ ਪਵਿੱਤਰ ਬਣ ਗਏ।" ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਹ ਸਾਰੀਆਂ ਗੱਲਾਂ ਬੀਜ ਦੇ ਵੱਲ ਜਾ ਕੇ ਮਰ ਜਾਂਦੀਆਂ ਹਨ। ਸਮਝੇ ?

231 ਹੁਣ ਦੇਖੋ , ਇੱਕ ਪਾਸੇ ਤਾਂ ਲੋਕ ਹੱਠਧਰਮੀ ਬਣ ਜਾਂਦੇ ਹਨ । ਦੂਸਰੇ ਪਾਸੇ ਲੋਕ ਠੰਢੇ ਅਤੇ ਆਪਣੇ ਵਿੱਚ ਹੀ ਸੀਮਿਤ ਰਹਿਣ ਵਾਲੇ ਬਣ ਜਾਂਦੇ ਹਨ ।

ਹੁਣ , ਯਸਾਯਾਹ ਨੇ ਕਿਹਾ ਸੀ, " ਉੱਥੇ ਇੱਕ ਰਾਜ ਮਾਰਗ ਹੋਵੇਗਾ ...... "

232 ਅਤੇ ਨਾਜਰੀਨ ਅਤੇ ਪੁਰਾਣੇ ਹੋਲੀਨੈਸ ਦੇ ਲੋਕ ਕਿਹਾ ਕਰਦੇ ਸਨ , " ਪ੍ਰਮੇਸ਼ੁਰ ਦੀ ਮਹਿਮਾਂ ਹੋਵੇ , ਉਹ ਪੁਰਾਣਾ ਮੁਬਾਰਕ ਪਾਤਸ਼ਾਹੀ ਰਾਹ ਹੈ । ਅਸੀਂ ਉਸੇ ਪੁਰਾਣੇ ਪਾਤਸ਼ਾਹੀ ਰਾਹ ਉੱਤੇ ਚੱਲ ਰਹੇ ਹਾਂ ।" ਪ੍ਰੰਤੂ ਤੁਸੀਂ ਯਾਦ ਰੱਖੋ ਕਿ ਉਹਨਾਂ ਦਾ ਮਾਰਗ ਠੀਕ ਉਹ ਮਾਰਗ ਨਹੀਂ ਸੀ ਜਿਹਦੇ ਬਾਰੇ ਯਸਾਯਾਹ ਨੇ ਗੱਲ ਕੀਤੀ ਸੀ ।

ਨਹੀਂ ਕਹਿੰਦੇ ਹਨ ਤਾਂ ਉਹ ਇਸ ਤਰ੍ਹਾਂ ਕਹਿੰਦੇ ਹਨ, " ਇਹ ਦੂਸਰੇ ਸਮੇਂ ਲਈ ਤਾਂ ਨਹੀਂ ਸੀ, ਪ੍ਰੰਤੂ ਮੈਂ ਤੁਹਾਨੂੰ ਦੱਸਦਾ ਹਾਂ, ਪ੍ਰੰਤੂ ਅੱਜ ਉਸ ਤਰ੍ਹਾਂ ਨਹੀਂ ਹੁੰਦਾ ਹੈ ਜਿਸ ਤਰ੍ਹਾਂ ਤਰ੍ਹਾਂ ਪੈਂਤੀਕੁਸਤ ਦੇ ਦਿਨ ਪਵਿੱਤਰ ਆਤਮਾ ਉੱਤਰਨ 'ਤੇ ਹੋਇਆ ਸੀ । ਹੁਣ ਜਦ ਅਸੀਂ ਵਿਸ਼ਵਾਸ਼ ਕਰਦੇ ਹਾਂ ਤਾਂ ਸਾਨੂੰ ਉਸੇ ਵੇਲੇ ਪਵਿੱਤਰ ਆਤਮਾ ਮਿਲ ਜਾਂਦਾ ਹੈ ।" ਤੁਸੀਂ ਦੇਖਿਆ, ਉਹ ਇਸੇ ਤਰ੍ਹਾਂ ਹੀ ਵਿਅਰਥ ਦੀਆਂ ਗੱਲਾਂ ਕਰਦੇ ਹਨ । ਅਤੇ ਤੁਸੀਂ ਉਹਨਾਂ ਨਾਲ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮੇਂ ਦੀ ਗੱਲ ਕਰੋ ......... ਇੱਥੇ ਬਾਈਬਲ ਇਹ ਹੀ ਸਿਖਾਉਂਦੀ ਹੈ ਕਿ ਬਪਤਿਸਮਾ ਇਸੇ ਤਰ੍ਹਾਂ ਹੀ ਹੋਇਆ ਕਰਦਾ ਸੀ । ਠੀਕ ਹੈ , ਤੁਸੀਂ ਕਹਿੰਦੇ ਹੋ, ਠੀਕ ਹੈ; ਪ੍ਰੰਤੂ ਸੈਮਨਰੀ ਜਾਂ ਧਾਰਮਿਕ ਕਾਲਜ ਇਸ ਤਰ੍ਹਾਂ ਕਹਿੰਦੀ ਹੈ ।ਇਹ ਤਾਂ ਸਮਝੌਤਾ ਕਰਨਾ ਹੈ । ਸਮਝੇ? ਪ੍ਰਮੇਸ਼ੁਰ ਇਸ ਤਰ੍ਹਾਂ ਦੇ ਮਨੁੱਖ ਦਾ ਇਸਤੇਮਾਲ ਨਹੀਂ ਕਰ ਸਕਦਾ ਹੈ।ਸਮਝੇ ?

221 ਹੋ ਸਕਦਾ ਹੈ ਕਿ ਉਹ ਆਪਣੇ ਆਦਮੀ ਨੂੰ ਸਾਰੇ ਦੇਸ਼ ਵਿੱਚ ਅਸਫਲ ਹੋ ਲੈਣ ਦੇਵੇ , ਅਤੇ ਲੋਕ ਉਸਨੂੰ ਕੱਢ ਦੇਣ ਅਤੇ ਉਸ ਉੱਤੇ ਹੱਸਣ ਅਤੇ ਉਸਦਾ ਮਜ਼ਾਕ ਉਡਾਉਣ ਅਰ ਇਸੇ ਤਰ੍ਹਾਂ ਦਾ ਸਭ ਕੁਝ ਕਰਨ, ਪ੍ਰੰਤੂ ਜਦ ਅਸਲ ਰੂਪ ਵਿੱਚ ਗੱਲ ਆਉਂਦੀ ਹੈ ਤਾਂ ਪ੍ਰਮੇਸ਼ੁਰ ਖੜਾ ਹੁੰਦਾ ਹੈ ਅਤੇ ਠੀਕ ਆਪਣੀ ਪਹਿਚਾਣ ਸਧਾਰਨਤਾ ਵਿੱਚ ਕਰਾਉਂਦਾ ਹੈ।

222 ਫੁੱਲ ਵਾਗੂੰ ਸਿੱਧੇ ਉੱਪਰ ਖੜੇ ਹੋ ਜਾਓ । ਬੀਜ, ਇੰਝ ਲਗਦਾ ਹੈ ਕਿ ਮੰਨੋ ਉਹ ਖਤਮ ਹੋ ਗਿਆ ਹੈ , ਅਤੇ ਭੂਮੀ ਵਿੱਚ ਪਿਆ ਹੈ ਅਤੇ ਮਰ ਗਿਆ ਹੈ । ਥੋੜੀ ਜਿਹੀ ਮਿੱਟੀ ਪੁੱਟ ਕੇ ਬੀਜ ਨੂੰ ਵੇਖੋ, ਅਤੇ ਉਹ ਸੜਿਆ ਗਲਿਆ ਹੁੰਦਾ ਹੈ, ਭੈੜਾ ਜਿਹਾ ਲਗਦਾ ਹੈ । ਪ੍ਰੰਤੂ ਓਸੇ ਵਿੱਚੋਂ ਜੀਵਨ ਨਿੱਕਲ ਕੇ ਬਾਹਰ ਆਉਂਦਾ ਹੈ , ਤਾਂ ਕਿ ਇੱਕ ਹੋਰ ਫੁੱਲ ਪੈਦਾ ਕਰੇ।

223 ਪ੍ਰਮੇਸ਼ੁਰ ਸਾਦਗੀ ਅੰਦਰ ਹੈ । ਉਹ ਠੀਕ ਇਹ ਹੀ ਕਰਦਾ ਹੈ।ਉੱਪਰ ਜਾਣ ਦਾ ਰਸਤਾ ਹਮੇਸ਼ਾਂ ਥੱਲੇ ਦੀ ਹੀ ਹੁੰਦਾ ਹੈ। ਅਪਣੇ ਆਪ ਨੂੰ ਹਮੇਸ਼ਾਂ ਨੀਵਾਂ ਕਰੋ ।ਕਦੇ ਅਜਿਹਾ ਨਾ ਕਹੋ, ਠੀਕ ਹੈ ਮੇਰੇ ਕੋਲ ਇਹ ਹੈ , ਉਹ ਹੈ ।ਤੁਹਾਡੇ ਕੋਲ ਕੁਝ ਨਹੀਂ ਹੈ।ਸਿਰਫ ਇਹ ਯਾਦ ਰੱਖੋ, ਜੇ ਤੁਹਾਨੂੰ ਪ੍ਰਮੇਸ਼ੁਰ ਦੀ ਦਯਾ ਮਿਲੀ ਹੈ ਤਾਂ ਤੁਸੀਂ ਇਸ ਲਈ ਉਸਦੇ ਧੰਨਵਾਦੀ ਰਹੋ, ਦੀਨ ਰਹੋ।ਵੇਖੋ ਕਿ ਤੁਸੀਂ ਆਪਣੇ ਆਪ ਨੂੰ ਦੀਨ ਬਣਾਉਂਦੇ ਚਲੇ ਜਾਓ।

224 ਹੁਣ ਮੈਂ ਜਲਦੀ ਕਰਨ ਜਾ ਰਿਹਾਂ ਹਾਂ, ਕਿਉਂਕਿ ਘੜੀ ਉੱਤੇ ..... ਮੈਂ ਤੁਹਾਨੂੰ ਬਹੁਤ ਜਿਆਦਾ ਦੇਰ ਤੱਕ ਬਿਠਾ ਕੇ ਨਹੀਂ ਰੱਖਣਾ ਚਾਹੁੰਦਾ ਹਾਂ, ਕਿਉਂਕਿ ਮੈਂ ਤੂਹਾਨੂੰ ਥਕਾਉਣਾ ਨਹੀਂ ਚਾਹੁੰਦਾ ਹਾਂ ।ਇਸ ਹਫਤੇ ਸਾਡੇ ਕੋਲ ਲੰਬਾ ਸਮਾਂ ਹੈਗਾ ਏ ।

225 ਹੁਣ ਅਸੀਂ ਦੇਖਦੇ ਹਾਂ ਕਿ ਲੋਕ ਬਹੁਤ ਜਿਆਦਾ ਤੇਜ਼ ਅਤੇ ਪੜ੍ਹੇ ਲਿਖੇ ਹੋ ਗਏ ਹਨ।

226 ਹੁਣ ਮੈਂ ਤੁਹਾਨੂੰ ਦੂਸਰੇ ਤਰ੍ਹਾਂ ਦੀ ਹਾਲਤ ਵਿਖਾਉਣਾ ਚਹੁੰਦਾ ਹਾਂ ਇਹ ਦੂਜੇ ਪਾਸੇ ਦੀ ਗੱਲ ਬਹੁਤ ਦੂਰ ਤੱਕ ਚਲੀ ਜਾਂਦੀ ਹੈ , ਜਿਸ ਵਿੱਚ ਲੋਕ ਧਾਰਮਿਕ ਬਣਨ ਦੀ ਕੋਸ਼ਿਸ਼ ਕਰਦੇ ਹੋਏ ਕੱਟੜ ਬਣ ਜਾਂਦੇ ਹਨ । ਹੁਣ ਅਸੀਂ ਜਾਣਦੇ ਹਾਂ ਕਿ ਸਾਡੇ ਕੋਲ ਇਸ ਤਰ੍ਹਾਂ ਦਾ ਗਰੁੱਪ ਵੀ ਹੈਗਾ ਐ । ਸਮਝੇ? ਉਹ ਇੱਕ ਦੂਸਰੀ ਹੀ ਹਾਲਤ ਵਿੱਚ ਪਹੁੰਚ ਜਾਂਦੇ ਹਨ।



176 ਮੂਸਾ ਨੂੰ ਆਪਣੀ ਮਾਂ ਤੋਂ ਪਾਈ ਸਿੱਖਿਆ ਰਾਹੀਂ ਇਹ ਤਾਂ ਪਤਾ ਸੀ ਕਿ ਉਹ ਇੱਕ ਛੁਡਾਉਣ ਵਾਲਾ ਹੋਵੇਗਾ।ਅਤੇ ਅਜਿਹਾ ਕਰਨ ਲਈ ਉਸਨੇ ਆਪਣੇ ਆਪ ਨੂੰ ਸੈਨਿਕ ਸ਼ਕਤੀ ਨਾਲ ਸਿੱਖਿਅਤ ਕੀਤਾ ਪ੍ਰੰਤੂ ਉਸਦਾ ਇਹ ਢੰਗ ਫੇਲ ਹੋ ਗਿਆ । ਸਮਝੇ?ਉਸ ਕੋਲ ਸਮਝ ਸੀ, ਉਸ ਕੋਲ ਸਿੱਖਿਆ ਸੀ ਪਰ ਉਹ ਕਿਸੇ ਕੰਮ ਨਾ ਆਇਆਂ।ਇਸ ਲਈ ਉਸਨੂੰ ਸਭ ਇਹ ਭੁੱਲਣਾ ਪਿਆ ਅਤੇ ਇਸ ਸਧਾਰਨ ਚੀਜ 'ਤੇ ਆਉਣਾ ਪਿਆ ਕਿ ਪ੍ਰਮੇਸ਼ੁਰ ਨੂੰ ਉਸਦੇ ਵਚਨ ਦੇ ਅਧਾਰ ਤੇ ਫੜ ਸਕੇ, ਅਤੇ ਤਦ ਉਸਨੇ ਲੋਕਾਂ ਨੂੰ ਛੁਡਾਇਆ । ਜੀ ਹਾਂ, ਸ਼੍ਰੀਮਾਨ।

177 (ਪ੍ਰਮੇਸ਼ੁਰ ਕਾਹਦੇ ਨਾਲ ਛੁਟਕਾਰਾ ਦਿੰਦਾ ਹੈ ?)ਉਸਦੇ ਵਚਨ 'ਤੇ ਵਿਸ਼ਵਾਸ਼ ਕਰਨ ਦੇ ਦੁਆਰਾ।ਹਮੇਸ਼ਾਂ ਇਸੇ ਤਰ੍ਹਾਂ ਹੀ ਰਿਹਾ ਹੈ। ਜੇ ਸਾਡੇ ਕੋਲ ਸਮਾਂ ਹੁੰਦਾ ਤਾਂ ਅਸੀਂ ਇਸਨੂੰ ਦੇਖਦੇ । ਸਾਡੇ ਕੋਲ ਅਜੇ ਵੀਹ ਜਾਂ ਕੁਝ ਇੰਨੇ ਹੀ ਮਿੰਟ ਬਾਕੀ ਹਨ।

178 ਅਸੀਂ ਕਾਇਨ ਅਤੇ ਹਾਬਲ ਨੂੰ ਲੈ ਕੇ ਵੇਖ ਸਕਦੇ ਹਾਂ, ਕਿਵੇਂ ਕਾਇਨ ਨੇ ਪ੍ਰਮੇਸ਼ੁਰ ਨੂੰ ਸੁੰਦਰਤਾ ਨਾਲ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ।

179 ਲੋਕਾਂ ਦਾ ਸੋਚਣ ਦਾ ਇੱਕ ਹੋਰ ਢੰਗ ਇਹ ਵੀ ਹੈ ਕਿ, " ਜੇ ਸਾਡੀ ਸਭਾ ਸੋਹਣੇ-ਸੋਹਣੇ ਕੱਪੜਿਆਂ ਵਿੱਚ ਸੱਜੀ ਹੋਈ ਹੋਵੇ ,ਵਧੀਆ ਚੋਗਾ ਪਹਿਨੇ ਹੋਏ ਪਾਦਰੀ ਸਾਹਿਬ ....ਅਤੇ ਉਸਦੇ ਸਾਥੀ ਸੇਵਾਦਾਰ ਸੁੰਦਰ ਕੱਪੜੇ ਪਹਿਨੇ ਹੋਏ ਗਾਉਂਦੇ ਹੋਣ ਤਾਂ ਪ੍ਰਮੇਸ਼ੁਰ ਖੁਸ਼ ਹੁੰਦਾ ਹੈ।" ਕੀ ਤੁਸੀਂ ਦੇਖ ਸਕਦੇ ਹੋ ਕਿ ਇਸ ਤਰ੍ਹਾਂ ਦੀ ਵਿਚਾਰਧਾਰਾ ਕਿਹੜੀ ਥਾਂ ਤੋਂ ਆਉਂਦੀ ਹੈ ? ਕਾਇਨ ਨੇ ਵੀ ਠੀਕ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਸੀ।ਅਰ ਉਸਨੇ ਪ੍ਰਮੇਸ਼ੁਰ ਲਈ ਇੱਕ ਵੇਦੀ ਬਣਾਈ ਸੀ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਉਸਨੇ ਇਸਨੂੰ ਸੁੰਦਰ ਬਣਾਇਆ ਸੀ।

180 ਅਤੇ ਉਹ ਇੱਕ ਇਮਾਨਦਾਰ ਆਦਮੀ ਸੀ। ਉਸਨੇ ਖੁਦਾ ਦੀ ਭਗਤੀ ਕੀਤੀ ਸੀ।ਉਸਨੇ ਸੋਚਿਆ ਸੀ, " ਜਦ ਤੱਕ ਮੈਂ ਇਮਾਨਦਾਰ ਹਾਂ, ਕੋਈ ਫਰਕ ਨਹੀਂ ਪੈਂਦਾ ਹੈ ।" ਇਸ ਨਾਲ ਫਰਕ ਪੈਂਦਾ ਹੈ।ਇਹ ਹੋ ਸਕਦਾ ਹੈ ਤੁਸੀਂ ਕਿਸੇ ਕੰਮ ਨੂੰ ਇਮਾਨਦਾਰੀ ਨਾਲ ਕਰੋ ਪਰ ਗਲਤ ਹੋਵੇ।

181 ਧਿਆਨ ਦਿਓ , ਉਸ -ਉਸਨੇ ਇੱਕ ਵੇਦੀ ਬਣਾਈ ਸੀ, ਅਤੇ ਬਹੁਤ ਕੁਝ ਅਜਿਹਾ ਲਗਦਾ ਹੈ ਕਿ ਉਸਨੇ ਉਸ ਉੱਤੇ ਫੁੱਲ ਰੱਖੇ ਸਨ, ਅਤੇ ਉਹਨਾਂ ਨੂੰ ਉਸ ਉੱਤੇ ਸਜਾਇਆ ਸੀ, ਅਤੇ ਉਸ ਉੱਤੇ ਸੁੰਦਰ -ਸੁੰਦਰ ਫਲ ਰੱਖੇ ਸਨ, ਅਰ ਸੋਚਿਆ ਸੀ, " ਜਰੂਰ ਹੀ , ਮਹਾਨ, ਪਵਿੱਤਰ, ਸ਼ੁੱਧ, ਸੁੰਦਰ ਪ੍ਰਮੇਸ਼ੁਰ ਇਸ ਚੜਾਵੇ ਨੂੰ ਕਬੂਲ ਕਰੇਗਾ।" ਪ੍ਰੰਤੂ ਦੇਖੋ ਕਿ ਉਸਨੇ ਇਹ ਆਪਣੀ ਹੀ ਬੁੱਧੀ ਨਾਲ ਕੀਤਾ ਸੀ।ਉਸਨੇ ਇਹ ਆਪਣੀ ਹੀ ਵਿਚਾਰਧਾਰਾ ਨਾਲ ਕੀਤਾ ਸੀ।

182 ਅਤੇ ਇਸੇ ਤਰ੍ਹਾਂ ਹੀ ਉਹ ਅੱਜ ਵੀ ਕਰ ਰਹੇ ਹਨ।ਉਹ-ਉਹ ... ਉਹ ਇਸਨੂੰ ਆਪਣੇ ਗਿਆਨ ਨਾਲ, ਆਪਣੀ ਸਕੂਲੀ ਸਿੱਖਿਆ ਨਾਲ, ਅਪਣੀ ਉਸ ਨੀਤੀ ਵਿਗਿਆਨ ਦੀ ਸਿੱਖਿਆ ਅਨੁਸਾਰ ਕਰ ਰਹੇ ਹਨ ਜੋ ਉਹਨਾਂ ਨੇ ਸਿੱਖਿਆ ਹੋਇਆ ਹੈ।

183 "ਪ੍ਰੰਤੂ ਹਾਬਲ ਨੇ ਪ੍ਰਕਾਸ਼ ਦੇ ਰਾਹੀਂ, ਵਿਸ਼ਵਾਸ਼ ਦੇ ਦੁਆਰਾ, ਪ੍ਰਮੇਸ਼ੁਰ ਨੂੰ ਉੱਤਮ ਬਲੀਦਾਨ ਚੜ੍ਹਾਇਆ।" ਜੇ ਮਨੁੱਖੀ ਅਧਾਰ 'ਤੇ ਵੇਖਿਆ ਜਾਵੇ ਤਾਂ ਉਸਦੀ ਕੁਰਬਾਨੀ ਵਿੱਚ ਬਿਲਕੁੱਲ ਵੀ ਸਫਾਈ ਨਹੀਂ ਸੀ।ਉਹ ਉਸ ਛੋਟੇ ਜਿਹੇ ਜੀਵ ਨੂੰ ਧੋਣ ਤੋਂ ਫੜ ਕੇ ਲੈ ਆਇਆ, ਅਰ ਉਸਨੇ ਉਸਦੇ

ਆਲੇ-ਦੁਆਲੇ ਇਸ ਤਰ੍ਹਾਂ ਵੇਲ ਬੰਨ੍ਹੀ ਹੋਈ ਸੀ , ਅਤੇ ਉਸਨੂੰ ਘਸੀਟਦਾ ਹੋਇਆ ਵੇਦੀ 'ਤੇ ਲੈ ਆਇਆ।ਇਸ ਵਿੱਚ ਖੂਬਸੂਰਤੀ ਵਰਗੀ ਕੋਈ ਚੀਜ਼ ਨਹੀਂ ਸੀ।ਉਸਨੇ ਉਹਨੂੰ ਵੇਦੀ ਉੱਤੇ ਲਿਟਾ ਦਿੱਤਾ ਅਤੇ ਉਹ ਇੱਕ ਤੇਜ ਧਾਰ ਵਾਲੇ ਪੱਥਰ ਨਾਲ ਉਸਦੀ ਗਰਦਨ ਨੂੰ ਤਦ ਤੱਕ ਕੱਟਦਾ ਰਿਹਾ ਜਦ ਤੱਕ ਕਿ ਉਹ ਆਪਣੇ ਹੀ ਲਹੂ ਵਿੱਚ ਲੱਥ-ਪੱਥ ਨਹੀਂ ਹੋ ਗਿਆ ਅਤੇ ਉਸ ਦਾ ਲਹੂ ਉਸਦੇ ਉੱਪਰ ਚਾਰ-ਚੁਫੇਰੇ ਵਗ ਰਿਹਾ ਸੀ ਅਤੇ ਉਹ ਜ਼ੋਰ ਨਾਲ ਮਿਣ-ਮਿਣਾਉਂਦਾ ਹੋਇਆ ਮਰ ਰਿਹਾ ਸੀ।ਇਹ ਦੇਖਣ ਵਿੱਚ ਇੱਕ ਭਿਆਨਕ ਦ੍ਰਿਸ਼ ਸੀ, ਭਾਵੇਂ ਕਿ ਇਹ ਬਹੁਤ ਸਾਦਗੀ ਵਿੱਚ ਸੀ।

184 ਸਧਾਰਨਤਾ ਵਿੱਚ ਹੀ ਉਹ ਜਾਣਦਾ ਸੀ ਕਿ ਉਹ ਆਪਣੇ ਮਾਤਾ ਪਿਤਾ ਦੇ ਲਹੂ ਤੋਂ ਜੰਮਿਆਂ ਹੈ, ਮਾਂ ਦੇ ਰਾਹੀਂ ਪਿਤਾ ਦੇ ਲਹੂ ਤੋਂ ਜੰਮਿਆਂ ਹੈ; ਅਤੇ ਇਹ ਲਹੂ ਹੀ ਸੀ ਜੋ ਡਿੱਗਣ ਦਾ ਕਾਰਨ ਬਣਿਆ ਸੀ, ਅਤੇ ਇਹ ਲਹੂ ਹੀ ਹੈ ਜੋ ਇਸਨੂੰ ਵਾਪਿਸ ਲਿਆਏਗਾ।" ਇਸੇ ਲਈ ਉਸਨੇ ਪ੍ਰਮੇਸ਼ੁਰ ਦੇ ਅੱਗੇ ਉੱਤਮ ਭੇਟ ਚੜ੍ਹਾਈ, ਕਿਉਂਕਿ ਇਹ ਉਸਦੇ ਉੱਪਰ ਪ੍ਰਗਟ ਕਰ ਦਿੱਤਾ ਗਿਆ ਸੀ।"

185 ਅਤੇ ਅੱਜ ਕਈ ਭਾਈ ਸੋਚਦੇ ਹਨ ਕਿ ਉਹਨਾਂ ਨੇ ਸੇਬ ਜਾਂ ਨਾਸ਼ਪਾਤੀ ਖਾਧੀ ਸੀ !ਅਤੇ ਮੈਂ ਇੱਕ ਦਿਨ ਅਖਬਾਰ ਵਿੱਚ ਬੜੀ ਹੀ ਅਜੀਬ ਖਬਰ ਦੇਖੀ।ਉਹ ਕਹਿੰਦੇ ਹਨ," ਹੁਣ ਉਹਨਾਂ ਨੇ ਇਹ ਸਿੱਧ ਕਰ ਦਿੱਤਾ ਕਿ ਇਹ ਸੇਬ ਨਹੀਂ ਸੀ ਜੋ ਹਵਾਹ ਨੇ ਖਾਧਾ ਸੀ।" ਮੈਂ ਸੋਚਦਾ ਹਾਂ ਕਿ ਉਹ ਦਾਅਵਾ ਕਰਦੇ ਹਨ "ਕਿ ਇਹ ਖੁਰਮਾਨੀ ਸੀ।" ਸੋ ਤੁਸੀਂ ਦੇਖੋ, ਇਹ ਆਤਮਾ ਕਿੱਥੋਂ ਆਉਂਦਾ ਹੈ !

186 ਅਤੇ ਉਹ ਕਹਿੰਦੇ ਹਨ, ਕਿ, " ਮੂਸਾ ਨੇ ਕਦੇ ਵੀ ਅਸਲ ਵਿੱਚ ਲਾਲ ਸਮੁੰਦਰ ਨੂੰ ਪਾਰ ਨਹੀਂ ਕੀਤਾ ਸੀ।ਉੱਥੇ ਤਾਂ ਲਾਲ ਤਿੜ੍ਹਾਂ ਤੇ ਘਾਹ ਦਾ ਮੈਦਾਨ ਸੀ।ਅਤੇ ਉਹ ਇਸਰਾਏਲੀ ਬੱਚਿਆਂ ਨੂੰ ਉਸੇ ਘਾਹ ਦੇ ਸਮੁੰਦਰ ਵਿੱਚੋਂ ਦੀ ਲੈ ਕੇ ਆਇਆ ਸੀ।ਉਸ ਸਮੁੰਦਰ ਦੇ ਕਿਨਾਰੇ-ਕਿਨਾਰੇ ਘਾਹ ਦੀਆਂ ਲਾਲ ਤਿੜ੍ਹਾਂ ਦਾ ਝੁੰਡ ਸੀ।ਅਤੇ ਮੂਸਾ ਨੇ ਸਮੁੰਦਰ ਨੂੰ ਪਾਰ ਕੀਤਾ ਸੀ, ਪ੍ਰੰਤੂ ਇਹ ਘਾਹ ਦੀਆਂ ਦਾ ਸਮੁੰਦਰ ਸੀ ਜੋ ਉਸਨੇ ਪਾਰ ਕੀਤਾ ਸੀ; ਤੁਸੀਂ ਜਾਣਦੇ ਹੋ ਕਿ ਉੱਥੇ ਲੰਬਾ-ਲੰਬਾ ਘਾਹ ਵੇਲਾਂ ਵਾਂਗ ਸੀ ਅਤੇ ਅਜਿਹੀ ਹੀ ਚੀਜ਼ ਸੀ, ਜਿਹਨਾਂ ਦੇ ਉੱਤੋਂ ਉਹ ਪਾਰ ਹੋ ਕੇ ਆਇਆ ਸੀ।" ਕਿੰਨੀਆਂ ਮੂਰਖਤਾ ਭਰੀਆਂ ਅਤੇ ਹਾਸੋ-ਹੀਣੀਆਂ ਲੋਕ ਗੱਲਾਂ ਕਰਦੇ ਹਨ।

187 ਜਦਕਿ ਬਾਈਬਲ ਦੱਸਦੀ ਹੈ, " ਪਾਣੀ ਸੱਜਿਓਂ ਅਤੇ ਖੱਬਿਓਂ ਫਟ ਕੇ ਦੋ ਹੋ ਗਿਆ ਅਤੇ ਪ੍ਰਮੇਸ਼ੁਰ ਨੇ ਸ਼ਕਤੀਸ਼ਾਲੀ ਪੂਰਬੀ ਹਨੇਰੀ ਚਲਾਈ ਸੀ ਤਾਂਕਿ ਉਹ ਇਸਨੂੰ ਅਲੱਗ ਕਰ ਸਕੇ।ਦੇਖਿਆ? ਸਮਝੇ?

188 ਉਹ ਇਸ ਘਟਨਾ ਨੂੰ ਆਪਣੇ ਹੀ ਤਰੀਕੇ ਦਾ ਕੋਈ ਰੂਪ ਦੇਣ ਦੀ ਕੋਸ਼ਿਸ਼ ਕਰਦੇ ਹਨ।ਅਤੇ ਇਹ ਹੀ ਕਾਰਨ ਹੈ ਕਿ ਉਹ ਹਮੇਸ਼ਾਂ ਫੇਲ ਹੁੰਦੇ ਹਨ ਅਤੇ ਫੇਲ ਹੁੰਦੇ ਰਹਿਣਗੇ।ਤੁਸੀਂ ਇਹਨਾਂ ਸਭ ਗੱਲਾਂ ਨੂੰ ਜਾਣਦੇ ਹੋ।

189 ਅਤੇ ਕਾਇਨ ਅੱਜ ਦੇ ਸੰਸਾਰਕ ਬੁੱਧੀ ਵਾਲੇ ਮਨੁੱਖ ਦੀ ਛਾਇਆ ਸੀ ਜੋ ਕਿ ਬਾਹਰੋਂ ਧਰਮੀ ਦਿਖਾਈ ਦਿੰਦਾ ਹੈ।ਉਹ ਬਾਹਰੋ ਬਾਹਰ ਕੁਝ ਕਰਨਾ ਚਾਹੁੰਦਾ ਹੈ , ਪ੍ਰੰਤੂ ਉਹ .... ਉਹ ਗਿਰਜੇ ਵਿੱਚ ਆਉਂਦਾ ਹੈ, ਅਤੇ ਉਹ ਉਸ ਭਵਨ ਜਾਂ ਇਮਾਰਤ ਲਈ ਬਹੁਤ ਕੁਝ ਕਰੇਗਾ।

ਉਹ " *ਯਹੋਵਾਹ ਇੰਝ ਫਰਮਾਉਂਦਾ ਹੈ* "ਬੋਲਣ ਵਿੱਚ ਥਿੜਕਦਾ ਨਹੀਂ ਸੀ।ਉਹ ਹਕਲਾਉਂਦਾ ਨਹੀਂ ਸੀ।ਅਤੇ ਉਸਨੇ ਅਜਿਹਾ ਨਹੀਂ ਕਿਹਾ ਸੀ " ਹੇ ਰਾਜਾ ਆਹਾਬ"। ਉਹ ਸਿੱਧਾ ਚੱਲ ਕੇ ਉਸਦੇ ਕੋਲ ਆਇਆ ਅਤੇ ਉਸ਼ਨੇ ਕਿਹਾ, " ਜਦ ਤੱਕ ਮੈਂ ਨਾ ਕਹਾਂ ਅਕਾਸ਼ ਤੋਂ ਤ੍ਰੇਲ ਦੀ ਇੱਕ ਬੂੰਦ ਤੱਕ ਨਾ ਡਿੱਗੇਗੀ ।" ਹਾਲੇਲੂਯਾਹ !ਸਮਝੇ ? ਪ੍ਰਮੇਸ਼ੁਰ ਨੇ ਉਸਦੀ ਸਾਦਗੀ ਦਾ ਸਨਮਾਨ ਕੀਤਾ ਸੀ।

216 ਹੁਣ ਤੁਸੀਂ ਵੇਖੋ ਕਿ ਇਹ ਗੱਲ ਏਨੀ ਸਾਦਾ ਸੀ, ਕਿ ਹਰ ਇੱਕ ਇਸ ਦੇ ਵਿਰੁੱਧ ਹੋ ਗਿਆ ਸੀ , ਹਰ ਇੱਕ ਉਸਦੀ ਜਾਨ ਦਾ ਦੁਸ਼ਮਣ ਬਣ ਗਿਆ ਸੀ, ਸਾਰੇ ਸੇਵਕਾਂ ਦੀ ਸਭਾ ਅਤੇ ਬਾਕੀ ਸਭ ਉਸਦੀ ਜਾਨ ਦੇ ਦੁਸ਼ਮਣ ਬਣ ਗਏ ਸਨ , ਇਹ ਗੱਲ ਸੱਚ ਹੈ। ਹਰ ਇੱਕ ਉਸ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ । ਪ੍ਰੰਤੂ ਉਸ ਸਾਦਗੀ ਵਿੱਚ ਪ੍ਰਮੇਸ਼ੁਰ ਉਸਦੇ ਨਾਲ ਸੀ ਜਦਕਿ ਉਹ ਉਸਨੂੰ ਉਸਦੀਆਂ ਸੰਗਤੀਆਂ ਆਦਿ ਜਾਂ ਜੋ ਕੁਝ ਵੀ ਉਸਦੇ ਕੋਲ ਕਰਨ ਨੂੰ ਸੀ, ਵਿੱਚ ਕੋਈ ਵੀ ਸਹਿਯੋਗ ਨਹੀਂ ਦਿੰਦੇ ਸਨ।ਸਭ ਲੋਕ ਸੋਚਦੇ ਸਨ ਕਿ ਉਹ ਪਾਗਲ ਹੈ ।ਖੁਦਾ ਆਪਣੇ ਆਪ ਨੂੰ ਉਸ ਦੇ ਅੰਦਰ ਛੁਪਾ ਰਿਹਾ ਸੀ।

217 ਪ੍ਰਤੂੰ ਜਦ ਉਸ ਬੀਜ ਦੇ ਪੱਕਣ ਦਾ ਸਮਾਂ ਆਇਆ ਜੋ ਬੀਜਿਆ ਜਾ ਚੁੱਕਾ ਸੀ ਤਾਂ ਪ੍ਰਮੇਸ਼ੁਰ ਨੇ ਸਵਰਗ ਤੋਂ ਅੱਗ ਭੇਜ ਕੇ ਤੇ ਬਲੀ ਆਦਿ ਨੂੰ ਭਸਮ ਕਰਕੇ ਆਪਣੇ ਆਪਨੂੰ ਪਰਗਟ ਕੀਤਾ।ਪ੍ਰਮੇਸ਼ੁਰ ਆਪਣੇ ਆਪ ਨੂੰ ਸਾਦਗੀ ਵਿੱਚ ਛਿਪਾ ਰਿਹਾ ਹੈ ਅਤੇ ਫਿਰ ਆਪਣੇ ਆਪ ਨੂੰ ਉਸੇ ਵਿੱਚ ਪ੍ਰਗਟ ਕਰ ਰਿਹਾ ਹੈ।ਸਮਝੇ? ਯਕੀਨਨ।ਪਰਮੇਸ਼ੁਰ ਨੂੰ ਇਸ ਤਰ੍ਹਾਂ ਕਰਨਾ ਚੰਗਾ ਲਗਦਾ ਹੈ। ਉਸਨੇ ਹਮੇਸ਼ਾਂ ਇਸਨੂੰ ਇਸੇ ਢੰਗ ਨਾਲ ਹੀ ਕੀਤਾ ਹੈ ।ਜੀ ਹਾਂ, ਸ਼੍ਰੀਮਾਨ।ਹੁਣ ਅਸੀਂ ਦੇਖਦੇ ਹਾਂ ਕਿ ਉਸਨੇ ਇਹਨਾਂ ਗੱਲਾਂ ਦਾ ਵਾਇਦਾ ਕੀਤਾ ਹੈ।

218 ਅੱਜ ਸਾਡੇ ਨਾਲ ਮੁਸੀਬਤ ਇਹ ਹੈ ਕਿ ਸਾਡੇ ਵਿੱਚੋਂ ਬਹੁਤੇ ਲੋਕ ਅਜਿਹਾ ਹੋਣਾ ਚਾਹੁੰਦੇ ਹਨ, ਤੁਸੀਂ ਜਾਣਦੇ ਹੋ , ਜਦਕਿ ਸਾਡਾ ਮਨ ਸੈਮਨਰੀ-, ਅਤੇ ਨਾਮਧਾਰੀ ਜੱਥੇਬੰਦੀਆਂ ਦੁਆਰਾ ਸਿੱਖਿਆ ਪ੍ਰਾਪਤ ਕੀਤਾ ਹੋਇਆ ਹੈ, ਇਸੇ ਲਈ ਪ੍ਰਮੇਸ਼ੁਰ ਸਾਡਾ ਉਪਯੋਗ ਨਹੀਂ ਕਰ ਸਕਦਾ ਹੈ। ਪ੍ਰਮੇਸ਼ੁਰ ਕਿਸੇ ਇੱਕ ਮਨੁੱਖ ਨੂੰ ਕੋਈ ਕੰਮ ਕਰਨ ਲਈ ਦੇ ਸਕਦਾ ਹੈ , ਅਤੇ ਉਸਨੂੰ ਕੋਈ ਸੇਵਾ ਦਿੰਦਾ ਹੈ, ਅਤੇ ਪਹਿਲੀ ਗੱਲ ਤੁਸੀਂ ਜਾਣਦੇ ਹੋ ਕਿ ਉਹ ਉਹਨਾਂ ਗੱਲਾਂ ਨੂੰ ਸੁਣਨਾ ਸ਼ੁਰੂ ਕਰ ਦੇਵੇਗਾ ਜੋ ਦੂਸਰੇ ਲੋਕ ਕਰਦੇ ਹਨ; ਤਦ ਪਹਿਲਾ ਕੰਮ ਜਿਹੜਾ ਹੋਵੇਗਾ ਤੁਸੀਂ ਜਾਣਦੇ ਹੋ ਕਿ ਉਹ ਆਪਣੇ ਆਪ ਨੂੰ ਉਸ ਝੁੰਡ ਵਿੱਚ ਸ਼ਾਮਿਲ ਕਰ ਲਵੇਗਾ।ਅਤੇ ਇਸ ਤੋਂ ਬਾਦ ਪ੍ਰਮੇਸ਼ੁਰ ਉਸ ਉੱਤੋਂ ਆਪਣਾ ਹੱਥ ਹਟਾ ਲੈਂਦਾ ਹੈ, ਅਤੇ ਉਸਨੂੰ ਇੱਕਲਾ ਛੱਡ ਦਿੰਦਾ ਹੈ।ਸਮਝੇ ? ਵੇਖਿਆ ?

219 ਤਦ ਪ੍ਰਮੇਸ਼ੁਰ ਕਿਸੇ ਦੂਜੇ ਆਦਮੀ ਨੂੰ ਭਾਲਦਾ ਹੈ, ਜੋ ਉਸ ਕੰਮ ਨੂੰ ਕਰ ਸਕੇ।ਸਮਝੇ? ਉਹ ਕਿਸੇ ਅਜਿਹੇ ਆਦਮੀ ਨੂੰ ਲੱਭਦਾ ਹੈ ਜੋ ਉਸਦੇ ਵਚਨ ਨੂੰ ਕਬੂਲ ਕਰੇਗਾ, ਅਤੇ ਉਸ ਤੋਂ ਨਾ ਹਟੇਗਾ, ਪ੍ਰੰਤੂ ਉਸ ਵਚਨ 'ਤੇ ਟਿਕਿਆ ਰਹੇਗਾ।ਇਹ ਹੀ ਉਹ ਤਰੀਕਾ ਹੈ ਜਿਸਦੇ ਦੁਆਰਾ ਉਹ-ਉਹ ਇਸਨੂੰ ਕਰਦਾ ਹੈ। ਉਹ ਹਮੇਸ਼ਾਂ ਇਸਨੂੰ ਇਸੇ ਢੰਗ ਨਾਲ ਹੀ ਕਰਦਾ ਹੈ।

220 ਪ੍ਰੰਤੂ ਜਦੋਂ ਮਨੁੱਖ ਬਹੁਤ ਜਿਆਦਾ ਪੜ੍ਹ ਲਿਖ ਜਾਂਦਾ ਅਤੇ ਗਿਆਨਵਾਨ ਹੋ ਜਾਂਦਾ ਹੈ ਤਾਂ ਉਹ ਆਪਣੀ ਹੀ ਵਿਆਖਿਆ ਕਰਨ ਲੱਗ ਜਾਂਦਾ ਹੈ । ਉਹ ਇਸ ਤਰ੍ਹਾਂ ਕਹਿਣ ਲੱਗ ਜਾਂਦਾ ਹੈ, ਔਹ, " ਪਵਿੱਤਰ ਆਤਮਾ ਦਾ ਬਪਤਿਸਮਾ ਇਹ ਤਾਂ ਕਿਸੇ ਹੋਰ ਦਿਨ ਦੇ ਲਈ ਸੀ ।" ਜੇ ਉਹ ਅਜਿਹਾ

ਨੰਬਰ ਦੀ ਔਰਤ ਸੀ।ਅਤੇ ਪਾਦਰੀ ਪੂਰੀ ਤਰ੍ਹਾਂ ਨਾਲ ਸੰਸਾਰਕ ਹੋ ਚੁੱਕੇ ਸਨ ਅਤੇ ਸਭ ਕੁਝ ਸੰਸਾਰਕ ਹੋ ਗਿਆ ਸੀ।ਅਤੇ ਫਿਰ ਕੀ ਹੁੰਦਾ ਹੈ ? ਤਦ ਉੱਥੇ ਇੱਕ ਬੁੱਢਾ ਏਲੀਯਾਹ ਨਿੱਕਲ ਕੇ ਬਾਹਰ ਆਉਂਦਾ ਹੈ, ਅਤੇ ਉਹ ਈਜ਼ਬਲ ਤੋਂ ਲੈ ਕੇ ਸਾਰਿਆਂ ਨੂੰ ਫਿਟਕਾਰਦਾ ਹੈ।

210 ਸੋਚੋ , ਉਹਨਾਂ ਨੇ ਕਿਹਾ ਹੋਵੇਗਾ, ਕਿਉਂ " ਅਸੀਂ ਤੇਰੀ ਕੋਈ ਨਹੀਂ ਸੁਣਨੀ ਹੈ, ਸਾਡੇ ਕੋਲ ਆਪਣੇ ਪਾਦਰੀ ਹੈਗੇ ਹਨ।"

211 ਸੱਚ ਹੀ ਉਹਨਾਂ ਨੂੰ ਏਲੀਯਾਹ ਦੀ ਸੁਣਨ ਦੀ ਕੋਈ ਜਰੂਰਤ ਨਹੀਂ ਸੀ, ਪ੍ਰੰਤੂ ਜੋ ਵੀ ਹੋਵੇ ਉਹ ਉਹਨਾਂ ਦਾ ਪਾਦਰੀ ਸੀ।ਉਹ ਈਜ਼ਬਲ ਦਾ ਪਾਦਰੀ ਸੀ।ਉਹ ਉਸਨੂੰ ਸੁਣਨਾ ਨਹੀਂ ਚਹੁੰਦੀ ਸੀ।ਹੋ ਸਕਦਾ ਹੈ ਕਿ ਉਸਦੇ ਕੋਲ ਕੋਈ ਹੋਰ ਪਾਦਰੀ ਹੋਵੇ। ਪ੍ਰੰਤੂ ਪ੍ਰਮੇਸ਼ੁਰ ਨੇ ਏਲੀਯਾਹ ਨੂੰ ਭੇਜਿਆ ਸੀ, ਉਹ ਉਸਦਾ ਪਾਦਰੀ ਸੀ।ਸਮਝੇ ? ਉਹ ਪ੍ਰਮੇਸ਼ੁਰ ਦੁਆਰਾ ਭੇਜਿਆ ਉਹਨਾਂ ਲਈ ਪਾਦਰੀ ਸੀ।ਉਹ ਉਸ ਤੋਂ ਘ੍ਰਿਣਾ ਕਰਦੀ ਸੀ, ਪਰ ਉਹ ਉਸ ਦਾ ਉਸੇ ਤਰ੍ਹਾਂ ਪਾਸਟਰ ਸੀ।ਧਿਆਨ ਦਿਓ।

212 ਅਤੇ ਏਲੀਯਾਹ ਨੇ ਆਪਣੇ ਆਪਣੇ ਆਪ ਨੂੰ ਦੀਨ ਬਣਾਇਆ ਅਤੇ ਪ੍ਰਮੇਸ਼ੁਰ ਦੀ ਕਹੀ ਹੋਈ ਗੱਲ 'ਤੇ ਟਿਕਿਆ ਰਿਹਾ ਅਤੇ ਉਸਨੇ ਪ੍ਰਮੇਸ਼ੁਰ ਨੂੰ ਇੰਨਾ ਖੁਸ਼ ਕੀਤਾ ਕਿ ਪ੍ਰਮੇਸ਼ੁਰ ਨੇ ਉਸੇ ਆਤਮਾ ਨੂੰ ਏਲੀਯਾਹ ਤੋਂ ਲੈ ਕੇ ਤਿੰਨ ਵਾਰ ਹੋਰ ਭੇਜਣ ਦਾ ਵਾਅਦਾ ਕੀਤਾ।ਸਮਝੇ? ਅਮੀਂਨ। ਅਤੇ ਪ੍ਰਮੇਸ਼ੁਰ ਨੇ ਇਸੇ ਤਰ੍ਹਾਂ ਹੀ ਕੀਤਾ।ਅਮੀਨ। ਯਕੀਨਨ ਹੀ ਖੁਦਾ ਨੇ ਅਜਿਹਾ ਹੀ ਕੀਤਾ । ਸੱਚ ਵਿੱਚ ਹੀ ਪ੍ਰਮੇਸ਼ੁਰ ਨੇ ਵਾਇਦਾ ਕੀਤਾ ਸੀ ਕਿ ਉਸਦਾ ਆਤਮਾ ਫਿਰ ਦੁਬਾਰਾ ਆਏਗਾ। ਅਤੇ ਏਲੀਯਾਹ ਦਾ ਆਤਮਾ ਅਲੀਸ਼ਾ 'ਤੇ ਆਇਆ ਜੋ ਕਿ ਉਸਦੀ ਥਾਂ 'ਤੇ ਹੋਣਾ ਸੀ, ਇਸ ਤੋਂ ਬਾਦ ਏਲੀਯਾਹ ਦਾ ਆਤਮਾ ਯੂਹੰਨਾ ਬਪਤਿਸਮਾ ਦੇਣੇ ਵਾਲੇ 'ਤੇ ਆਇਆ, ਅਤੇ ਮਲਾਕੀ 4 ਦੇ ਅਨੁਸਾਰ ਉਸਨੂੰ ਇਸ ਅੰਤ ਦਿਨਾਂ ਵਿੱਚ ਫਿਰ ਇੱਥੇ ਹੋਣਾ ਹੈ ।ਸਮਝੇ ?

213 ਪ੍ਰਮੇਸ਼ੁਰ ਨੂੰ ਉਹ ਆਤਮਾ ਬਹੁਤ ਹੀ ਪਿਆਰਾ ਲੱਗਾ ਜੋ ਉਸ ਸਿੱਧੇ ਸਾਦੇ ਅਨਪੜ੍ਹ ਜੰਗਲੀ ਮਨੁੱਖ ਦੇ ਉੱਤੇ ਸੀ।ਅਤੇ ਉਹ ਆਤਮਾ ਪ੍ਰਮੇਸ਼ੁਰ ਦੇ ਵਚਨ ਦੇ ਪ੍ਰਤੀ ਇੰਨਾ ਆਗਿਆਕਾਰੀ ਸੀ ਕਿ ਪ੍ਰਮੇਸ਼ੁਰ ਕਹਿ ਸਕਦਾ ਸੀ," ਏਲੀਯਾਹ ਇਹ ਕਰ" ਅਰ ਏਲੀਯਾਹ ਉਹ ਹੀ ਕਰਦਾ ਸੀ।ਅਤੇ ਪਰਮੇਸ਼ੁਰ ਨੇ ਆਪਣੇ ਆਪ ਨੂੰ ਉਸ ਦੇ ਅੰਦਰ ਬਹੁਤ ਹੀ ਸਾਦਗੀ ਵਿੱਚ ਛੁਪਾਇਆ ਹੋਇਆ ਸੀ।

214 ਉਹਨਾਂ ਸਾਰਿਆਂ ਨੇ ਉਸਨੂੰ ਇਹ ਹੀ ਕਿਹਾ ਸੀ," ਉਸ ਬੁੱਢੇ ਪਾਗਲ ਨਾਲ ਸਾਡਾ ਕੁਝ ਵੀ ਲੈਣਾ ਦੇਣਾ ਨਹੀਂ ਹੈ।" ਅਤੇ ਇਹੋ ਜਿਹੀਆਂ ਹੋਰ ਗੱਲਾਂ ਕਰਦੇ ਸਨ।

215 ਪ੍ਰੰਤੂ ਇੱਕ ਦਿਨ ਜਦ ਉਹ ਬੁੱਢਾ ਹੋ ਗਿਆ , ਅਤੇ ਉਸ ਦਾ ਸਿਰ ਗੰਜਾ ਹੋ ਗਿਆ , ਉਸਦੀ ਦਾੜੀ ਦੇ ਚਿੱਟੇ ਵਾਲ ਲਟਕ ਰਹੇ ਸਨ ਅਤੇ ਉਸਦੇ ਸਿਰ ਦੇ ਬਾਕੀ ਬਚੇ ਥੋੜੇ ਜਿਹੇ ਵਾਲ ਉਸਦੇ ਮੋਢਿਆਂ 'ਤੇ ਲਟਕ ਰਹੇ ਸਨ, ਉਸਦੇ ਹੱਥਾਂ 'ਤੇ ਝੁਰੜੀਆਂ ਪੈ ਗਈਆਂ ਸਨ ਅਤੇ ਮਾਸ ਢਿੱਲਾ ਹੋ ਕੇ ਲਟਕ ਰਿਹਾ ਸੀ ਅਤੇ ਉਹ ਸਾਮਰਿਯਾ ਦੀ ਸੜਕ ਉੱਤੇ ਚਲ ਕੇ ਆ ਰਿਹਾ ਸੀ ਅਤੇ ਉਸਦੇ ਹੱਥ ਵਿੱਚ ਇੱਕ ਸਿਰੇ ਤੋਂ ਮੁੜੀ ਹੋਈ ਲਾਠੀ ਫੜੀ ਹੋਈ ਸੀ ਅਤੇ ਉਸਦੀਆਂ ਅੱਖਾਂ ਅਸਮਾਨ ਵੱਲ ਨੂੰ ਲੱਗੀਆਂ ਹੋਈਆਂ ਸਨ। ਉਸਦਾ ਵੇਖਣ ਵਿੱਚ ਕੋਈ ਸਰੂਪ ਨਹੀਂ ਸੀ ਕਿ ਕੋਈ ਉਸ ਵੱਲ ਨਿਗਾਹ ਕਰੇ ਪ੍ਰੰਤੂ ਉਸਦੇ ਕੋਲ ਉਸ ਸਮੇਂ ਦੇ ਲਈ *" ਯਹੋਵਾਹ ਇੰਝ ਫਰਮਾਉਂਦਾ ਹੈ "* ਵਾਲਾ ਵਚਨ ਸੀ।



ਪਰ ਸਿਰਫ ਇੱਕ ਹੀ ਕਲੀਸਿਯਾ ਹੈ ਅਤੇ ਤੁਸੀਂ ਉਸ ਵਿੱਚ ਸ਼ਾਮਿਲ ਨਹੀਂ ਹੁੰਦੇ ਹੋ ।

190 ਇਹ ਨਾਮਧਾਰੀ ਕਲੀਸਿਆਵਾਂ ਤਾਂ ਮਕਾਨ ( LODGES)ਜਾਂ ਸਰ੍ਹਾਵਾਂ ਹਨ। ਸਮਝੇ? ਤੁਸੀਂ ਮੈਥੋਡਿਸਟ ਸਰ੍ਹਾਂ ਵਿੱਚ, ਬੈਪਟਿਸਟ ਸਰ੍ਹਾਂ ਵਿੱਚ , ਪ੍ਰੈਸਬਾਈਟਿਰੀਅਨ ਸਰ੍ਹਾਂ ਵਿੱਚ , ਪੈਂਤੀਕਾਸਟਲ ਸਰ੍ਹਾਂ ਵਿੱਚ ਸ਼ਾਮਿਲ ਹੁੰਦੇ ਹੋ ।

ਪ੍ਰੰਤੂ ਕਲੀਸਿਯਾ ਵਿੱਚ ਤਾਂ ਤੁਸੀਂ ਜਨਮ ਲੈਂਦੇ ਹੋ ।ਹਾਂ , ਸ਼੍ਰੀਮਾਨ ਜੀ । ਸਮਝੇ?

191 ਇਹ ਸਭ ( LODGES) ਸਰ੍ਹਾਵਾਂ ਹਨ।ਇਹ ਕਲੀਸਿਆਵਾਂ ਨਹੀਂ ਹਨ। ਇਹ ਸਭ ਸਰ੍ਹਾਵਾਂ ਹਨ।ਮੈਥੋਡਿਸਟ "ਕਲੀਸਿਯਾ " ਜਾਂ ਪੈਂਤੀਕਾਸਟਲ " ਕਲੀਸਿਯਾ" ਵਰਗੀ ਕੋਈ ਚੀਜ ਨਹੀਂ ਹੁੰਦੀ ਹੈ।ਨਹੀਂ ਅਜਿਹੀ ਕੋਈ ਚੀਜ ਨਹੀਂ ਹੈ।ਨਹੀਂ, ਇਹ ਸਭ ਗਲਤ ਹਨ। ਸਮਝੇ ? ਇਹ ਸਹੀ ਗੱਲ ਹੈ।ਇਹ ਸਰ੍ਹਾਵਾਂ ਹੀ ਹਨ ਜਿਨ੍ਹਾਂ ਵਿੱਚ ਲੋਕ ਸ਼ਾਮਿਲ ਹੁੰਦੇ ਹਨ ।

192 ਪ੍ਰੰਤੂ ਜੀਉਂਦੇ ਪ੍ਰਮੇਸ਼ੁਰ ਦੀ ਕਲੀਸਿਯਾ ਵਿੱਚ ਤਾਂ ਤੁਸੀਂ ਜਨਮ ਲੈਂਦੇ ਹੋ, ਅਤੇ ਇਹ ਹੀ ਯਿਸੂ ਮਸੀਹ ਦੀ ਭੇਤ ਭਰੀ ਦੇਹ ਦਾ ਬਣਨਾ ਹੈ।

193 ਪ੍ਰੰਤੂ ਪ੍ਰਮੇਸ਼ੁਰ ਨੂੰ ਇਹ ਹੀ ਭਾਇਆ ਕਿ ਉਹ ਆਪਣੇ ਭੇਤ ਨੂੰ ਹਾਬਲ ਉੱਤੇ ਪ੍ਰਗਟ ਕਰੇ ਅਤੇ ਹਾਬਲ ਨੇ ਸਧਾਰਨ ਵਿਸ਼ਵਾਸ਼ ਦੇ ਰਾਹੀਂ ਲਹੂ ਬਹਾਇਆ।ਔਹ, ਕਾਸ਼ ਮੇਰੇ ਕੋਲ ਸਮਾਂ ਹੁੰਦਾ ਤਾਂਕਿ ਮੈਂ ਥੋੜੀ ਦੇਰ ਇਸੇ ਹੀ ਵਿਸ਼ੇ ਤੇ ਟਿਕਿਆ ਰਹਿੰਦਾ।ਸਮਝੇ ?

194 ਅਤੇ ਕਾਇਨ ਮਹਾਨ ਬੁੱਧੀ ਵਾਲਾ ਮਨੁੱਖ ਸੀ। ਤੁਸੀਂ ਕਹਿ ਸਕਦੇ ਹੋ, "ਹੁਣ ਭਾਈ ਬ੍ਰਾਨਹਾਮ ਤੁਸੀਂ ਕਹਿੰਦੇ ਹੋ ਕਿ ਉਹ .... ਤੁਸੀਂ ਉਸਨੂੰ ਸਿੱਖਿਅਤ ਬੁੱਧੀਮਾਨ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹੋ ? "ਉਹ ਸੀ। ਉਸਦੀ ਸੰਤਾਨ ਜਾਂ ਵੰਸ਼ਾਵਲੀ ਨੂੰ ਦੇਖੋ, ਉਹ ਉਸੇ ਦੇ ਹੀ ਕੰਮਾਂ 'ਤੇ ਚੱਲ ਰਹੇ ਹਨ। ਉਹਨਾਂ ਵਿੱਚੋਂ ਹਰ ਇੱਕ ਵਿਗਿਆਨਿਕ ਅਤੇ ਡਾਕਟਰ ਅਤੇ ਤੇਜ਼ ਬੁੱਧੀ ਵਾਲੇ ਸਨ, ਹਰ ਇੱਕ ਵਿਅਕਤੀ ਅਜਿਹਾ ਹੀ ਸੀ।

195 ਪ੍ਰੰਤੂ ਤੁਸੀਂ ਸੇਥ ਦੀ ਪੀੜ੍ਹੀ ਦਾ ਧਿਆਨ ਕਰਕੇ ਦੇਖੋ , ਉਹ ਨਮਰ , ਖੇਤੀਬਾੜੀ ਕਰਨ ਵਾਲੇ, ਅਤੇ ਮੁਜਾਹਰੇ ਆਦਿ ਸਨ ਅਤੇ ਨਾਸ਼ ਹੋਣ ਤੱਕ ਉਹ ਅਜਿਹੇ ਹੀ ਸਨ।

196 ਪ੍ਰੰਤੂ ਕਾਇਨ ਦੀ ਸੰਤਾਨ ਬੁੱਧੀਮਾਨ ਅਤੇ ਚੁਸਤ ਸੀ।ਉਹ ਇਸ ਗੱਲ ਦਾ ਵੀ ਦਾਵਾ ਕਰਦੇ ਸਨ ਕਿ ਉਹ ਤਾਂਬੇ ਨੂੰ ਢਾਲ ਸਕਦੇ ਹਨ, ਅਤੇ ਧਾਤੂਆਂ ਬਣਾ ਸਕਦੇ ਹਨ;ਅਤੇ ਉਹ ਇਮਾਰਤਾਂ ਬਣਾਉਣ ਵਾਲੇ ਲੋਕ ਸਨ।ਅਰ ਉਹ ਤੇਜ ਅਤੇ ਚਲਾਕ ਲੋਕ ਸਨ।

197 ਜਦ - ਜਦਕਿ ਇਹ ਦੂਸਰੇ ਲੋਕ ਤੰਬੂਆਂ ਵਿੱਚ ਰਿਹਾ ਕਰਦੇ ਸਨ ਅਤੇ ਆਪਣੀਆਂ ਭੇਡਾਂ ਚਰਾਉਂਦੇ ਸਨ, ਅਤੇ ਪ੍ਰਮੇਸ਼ੁਰ ਦੇ ਵਾਇਦਿਆਂ ਤੇ ਟਿਕੇ ਹੋਏ ਸਨ।ਸਮਝੇ? ਦੇਖਿਆ? ਦੇਖੋ ਇਹ ਕੀ ਸੀ? ਹੁਣ, ਤੁਸੀਂ ਉਸਦੀ ਵੰਸ਼ਾਵਲੀ ਨੂੰ ਹੇਠਾਂ ਤੱਕ ਦੇਖੋ, ਅਤੇ ਦੇਖੋ, ਕੀ ਇਹ ਸੱਚ ਨਹੀਂ ਹੈ।ਸਮਝੇ?ਉਹ ਖੁਦਾ ਦੇ ਵਾਅਦਿਆਂ 'ਤੇ ਟਿਕੇ ਹੋਏ ਸਨ।

198 ਇਸੇ ਤਰ੍ਹਾਂ ਹੀ ਨੂਹ ਚੁਣਿਆ ਗਿਆ ਸੀ , ਇਸੇ ਤਰ੍ਹਾਂ ਦੇ ਹੀ ਲੋਕਾਂ ਵਿੱਚੋਂ।ਇਸੇ ਤਰ੍ਹਾਂ ਪੋਲੂਸ ਨੂੰ ਉਸਦੇ ਲੋਕਾਂ ਵਿੱਚੋਂ ਕੱਢਿਆ ਗਿਆ ਸੀ।ਸਮਝ ਲੱਗੀ? ਬਿਲਕੁੱਲ ਇਸੇ ਤਰ੍ਹਾਂ ਹੀ ਜੋਨ ਵੈਜ਼ਲੀ,

ਮਾਰਟਨ ਲੂਥਰ ,ਅਤੇ ਹੋਰ ਜੋ ਕੋਈ ਵੀ ਹੋਇਆ ਹੈ, ਉਹਨਾਂ ਨੂੰ ਕੱਢਿਆ ਗਿਆ ਸੀ।ਠੀਕ ਇਸੇ ਤਰ੍ਹਾਂ ਹੀ ਯੂਹੰਨਾ ਨੂੰ ਵੀ ਕੱਢਿਆ ਗਿਆ ਤਾਂ ਕਿ ਜੋ ਅੱਜ ਤੁਸੀਂ ਹੋ ਉਹ ਹੋ ਸਕੋ, ਵੇਖੋ ਕਿ ਅਜਿਹਾ ਹੀ ਤੁਹਾਡੇ ਨਾਲ ਹੋਇਆ ਹੈ।ਤੁਸੀਂ ਪ੍ਰਮੇਸ਼ੁਰ ਦੀ ਸਾਦਗੀ ਵਾਲੀ ਗੱਲ ਦਾ ਵਿਸ਼ਵਾਸ਼ ਕਰਨ ਲਈ ਦੀਨ ਬਣੇ ਰਹੋ।

199 ਹੁਣ , ਧਿਆਨ ਦਿਓ, ਪ੍ਰਮੇਸ਼ੁਰ ਨੂੰ ਇਹ ਚੰਗਾ ਲਗਦਾ ਹੈ ਕਿ ਉਹ ਆਪਣੀ ਪਹਿਚਾਨ ਕਰਾਏ।ਹੁਣ , ਪ੍ਰਮੇਸ਼ੁਰ ਆਪ ਹੀ ਇਸਨੂੰ ਪ੍ਰਗਟ ਕਰੇਗਾ ਕਿ ਇਹ ਸੱਚ ਹੈ ਜਾਂ ਨਹੀਂ।ਸਮਝੇ? ਹੁਣ, ਬਹੁਤ ਸਾਰੇ ਲੋਕ ਆਪਣੇ ਆਪ ਨੂੰ ਉਹਨਾਂ ਗੱਲਾਂ ਵਿੱਚ ਲਗਾਈ ਰੱਖਣ ਦਾ ਯਤਨ ਕਰਦੇ ਹਨ ਜਿਹਨਾਂ ਤੋਂ ਪ੍ਰਮੇਸ਼ੁਰ ਲੱਖਾਂ ਮੀਲ ਦੂਰ ਹੈ।ਇਹ ਸਹੀ ਗੱਲ ਹੈ।ਜਦ ਤੁਸੀਂ ਵੇਖਦੇ ਹੋ ਕਿ ਪ੍ਰਮੇਸ਼ੁਰ ਤੁਹਾਡੇ ਆਸ ਪਾਸ ਆ ਗਿਆ ਹੈ, ਤੁਸੀਂ ਕਹੋ, ਇਹ ਹੈ ...... ਜਦ ਇਹ ਠੀਕ ਸਮੇਂ ਸਿਰ ਹੁੰਦਾ ਹੈ, ਕਹੋ ਕਿ "ਇਹ ਇਸੇ ਤਰ੍ਹਾਂ ਹੀ ਹੈ, ਇਹ ਇਸੇ ਤਰ੍ਹਾਂ ਹੀ ਹੈ, ਇਹ ਇਸੇ ਤਰ੍ਹਾਂ ਹੀ ਹੈ," ਤਦ ਤਹਾਨੂੰ ਪਤਾ ਲੱਗ ਜਾਂਦਾ ਹੈ ਕਿ ਇਹ ਸੱਚ ਹੈ।

200 ਹੁਣ , ਜਦ ਬਲੀਦਾਨ ਵੇਦੀ ਉੱਤੇ ਸਨ, ਤਾਂ ਖੁਦਾ ਨੇ ਕਾਇਨ ਦਾ ਬਲੀਦਾਨ ਕਬੂਲਣ ਤੋਂ ਨਾਂਹ ਕਰ ਦਿੱਤੀ ਜਿਸ ਦੇ ਅੰਦਰ ਪ੍ਰਮੇਸ਼ੁਰ ਦੀ ਪਹਿਚਾਨ ਦਾ ਗਿਆਨ ਮਾਨਸਿਕ ਚਤੁਰਾਈ ਅੰਦਰ ਸੀ।ਪਰ ਜਦ ਪ੍ਰਮੇਸ਼ੁਰ ਨੇ ਹਾਬਲ ਦਾ ਬਲੀਦਾਨ ਵੇਖਿਆ ਜੋ ਵਿਸ਼ਵਾਸ਼ ਦੀ ਇਸ ਸਧਾਰਨਤਾ ਅੰਦਰ ਸੀ ਭਈ ਮੇਰੇ ਮਾਂ ਪਿਓ ਨੇ ਜੋ ਪਾਪ ਕੀਤਾ ਹੈ ਉਹ ਕੋਈ ਸੇਬ ਜਾਂ ਹੋਰ ਕੋਈ ਖੇਤ ਦਾ ਫਲ ਖਾਣ ਦੀ ਕਹਾਣੀ ਨਹੀਂ ਹੈ ਬਲਕਿ ਉਹ ਤਾਂ ਲਹੂ ਦਾ ਦੋਸ਼ ਹੈ ;ਉਸਨੇ ਵਿਸ਼ਵਾਸ਼ ਦੇ ਰਾਹੀਂ ਇਸਦੀ ਪ੍ਰਤੀਤ ਕੀਤੀ, ਪ੍ਰਮੇਸ਼ੁਰ ਦੁਆਰਾ ਮਿਲੇ ਪ੍ਰਕਾਸ਼ ਨਾਲ ਉਸਨੇ ਇਸਦੀ ਪ੍ਰਤੀਤ ਕੀਤੀ।ਉਸਦੀ ਭੇਟ ਕਬੂਲ ਕਰਨ ਦੇ ਰਾਹੀਂ ਪ੍ਰਮੇਸ਼ੁਰ ਨੇ ਆਦਮ ਨੂੰ ਪ੍ਰਮਾਣਿਤ ਕੀਤਾ । ਸਮਝੇ?

201 ਇੱਥੇ ਹੀ ਸਾਨੂੰ ਬਿਮਾਰਾਂ ਵਾਸਤੇ ਜਾਂ ਕਿਸੇ ਹੋਰ ਵਾਸਤੇ ਪ੍ਰਾਰਥਨਾ ਕਰਨ ਦਾ ਵਿਚਾਰ ਮਿਲਦਾ ਹੈ । ਯਿਸੂ ਨੇ ਕਿਹਾ ਸੀ, "ਜੇ ਤੁਸੀਂ ਮੇਰੇ ਵਿੱਚ ਬਣੇ ਰਹੋ, ਅਤੇ ਮੇਰੇ ਵਚਨ ਤੁਹਾਡੇ ਵਿੱਚ ਬਣੇ ਰਹਿਣ ਤਾਂ ਜੋ ਚਾਹੋ ਮੰਗੋ ਉਹ ਤੁਹਾਡੇ ਲਈ ਹੋ ਜਾਵੇਗਾ।"

202 ਹੁਣ ਅਸੀਂ ਤੇਜੀ ਨਾਲ ਥੱਲੇ ਨੂੰ ਆ ਰਹੇ ਹਾਂ, ਹੁਣ ਸਾਡੇ ਕੋਲ ਵੀਹ ਮਿੰਟ ਹੋਰ ਹਨ।

203 ਧਿਆਨ ਦਿਓ, ਏਲੀਯਾਹ ਦੇ ਦਿਨਾਂ ਵਿੱਚ, ਪ੍ਰਮੇਸ਼ੁਰ ਨੇ ਆਪਣੇ ਆਪ ਨੂੰ ਸਾਦਾ ਜਿਹੇ ਮਨੁੱਖ ਵਿੱਚ ਛੁਪਾਉਣ ਲਈ ਚੁਣਿਆ । ਹੁਣ ਤੁਸੀਂ ਇਸ 'ਤੇ ਸੋਚੋ।ਪ੍ਰਮੇਸ਼ੁਰ ਨੇ ਚੁਣਿਆ।ਇਹ ਉਸਦੀ ਚੋਣ ਸੀ। ਯਾਦ ਰਹੇ, ਉਹਨਾਂ ਕੋਲ ਰੱਬੀ, ਅਤੇ ਪੁਰੋਹਿਤ ਸਨ। ਉਹਨਾਂ ਦਿਨਾਂ ਵਿੱਚ ਉਹਨਾਂ ਦੇ ਕੋਲ ਮਹਾਨ ਆਦਮੀ ਸਨ।ਇੱਥੋਂ ਤੱਕ ਕਿ ਰਾਜਾ ਅਹਾਬ ਖੁਦ ਇੱਕ ਯਹੂਦੀ ਸੀ।ਉਸ ਸਮੇਂ ਉਸਦੇ ਦੇਸ਼ ਵਿੱਚ ਮਹਾਨ ਮਨੁੱਖ ਸਨ।ਪ੍ਰੰਤੂ ਪ੍ਰਮੇਸ਼ੁਰ ਨੇ ਆਪਣੇ ਆਪ ਨੂੰ ਇੱਕ ਸਿੱਧੇ ਸਾਦੇ ਆਦਮੀ ਵਿੱਚ ਛਿਪਾਇਆ; ਕਿਸੇ ਵਿਗਿਆਨ ਵਿੱਚ ਨਹੀਂ; ਨਾਂ ਹੀ ਦੁਨੀਆਂ ਦੇ ਕਿਸੇ ਮਸ਼ਹੂਰ ਬੰਦੇ ਵਿੱਚ, ਨਾ ਹੀ ਕਿਸੇ ਅਜਿਹੇ ਵਿਅਕਤੀ ਵਿੱਚ ਜੋ ਸੈਨਿਕ ਸ਼ਕਤੀ ਦੀ ਸਿੱਖਿਆ ਵਿੱਚ ਨਿਪੁੰਨ ਹੋਵੇ ਜਾਂ ਕਿਸੇ ਹੋਰ ਚੀਜ਼ ਵਿੱਚ, ਨਾ ਹੀ ਕਿਸੇ ਵੱਡੇ ਨਾਮ ਵਿੱਚ ਆਪਣੇ ਆਪ ਨੂੰ ਛਿਪਾਇਆ। ਅਸੀਂ ਇੱਥੋਂ ਤੱਕ ਵੀ ਨਹੀਂ ਜਾਣਦੇ ਕਿ ਉਸਦੇ ਮਾਂ ਬਾਪ ਕੌਣ ਸਨ।ਅਸੀਂ ਉਸਦੀ ਵੰਸ਼ਾਵਲੀ ਬਾਰੇ ਕੁਝ ਵੀ ਨਹੀਂ ਜਾਣਦੇ ਹਾਂ। ਸਿਰਫ ਏਨਾ ਜਾਣਦੇ ਹਾਂ ਕਿ ਉਹ ਇੱਕ ਸਧਾਰਨ ਜਿਹਾ ਬੁੱਢਾ ਕਿਸਾਨ ਸੀ ਜਿਸਦੀ ਪਾਲਣਾ



ਪੋਸਣਾ ਨਬੀ ਬਣਾ ਦੇ ਉਦੇਸ਼ ਲਈ ਕੀਤੀ ਗਈ ਸੀ।ਪ੍ਰਮੇਸ਼ੁਰ ਨੇ ਹੀ ਉਸਨੂੰ ਆਪਣਾ ਜੀਵਨ ਜੰਗਲ ਵਿੱਚ ਜੀਉਣ ਲਈ ਰੱਖਿਆ ਹੋਇਆ ਸੀ। ਅਸੀਂ ਉਸਦੇ ਬਾਰੇ ਵਿੱਚ ਬੱਸ ਇੰਨਾ ਹੀ ਜਾਣਦੇ ਹਾਂ ; ਉਹ ਕਿਤਿਓਂ ਅਚਾਨਕ ਬਾਹਰ ਨਿੱਕਲਦਾ ਹੈ ਅਤੇ ਧਾਰਮਿਕ ਲੋਕਾਂ ਦੇ ਸਾਰਿਆਂ ਸਮੂਹਾਂ ਨੂੰ ਦੋਸ਼ੀ ਠਹਿਰਾਉਂਦਾ ਹੈ।

204 ਅਤੇ ਕੀ ਤੁਸੀਂ ਜਾਣਦੇ ਹੋ ਕਿ ਉਹ ਉਸਦੇ ਬਾਰੇ ਵਿੱਚ ਕੀ ਸੋਚਦੇ ਸਨ? " ਇਹ ਕਿਹੜੇ ਸਕੂਲ ਵਿੱਚੋਂ ਆਇਆ ਹੈ ?" ਦੇਖਿਆ? ਇਹ ਕਿਹੜੀ ਮਿਸ਼ਨ ਦਾ ਹੈ?ਕੀ ਇਹ ਫਰੀਸੀਆ, ਸਦੂਕੀਆਂ ਦੇ ਨਾਲ ਦਾ ਹੈ, " ਜਾਂ ਇਸਤੋਂ ਵੱਧ ਉਹਨਾਂ ਦੇ ਕੋਲ ਕੀ ਸੀ? ਉਹ ਉਹਨਾਂ ਵਿੱਚੋਂ ਕਿਸੇ ਦੇ ਨਾਲ ਵੀ ਸਬੰਧ ਨਹੀਂ ਰੱਖਦਾ ਸੀ; ਪ੍ਰੰਤੂ ਉਸਨੇ ਸਾਰਿਆਂ ਨੂੰ ਦੋਸ਼ੀ ਠਹਿਰਾਇਆ ਸੀ।ਸਮਝੇ? ਖੁਦਾ ਨੇ ਹੀ ਉਸਨੂੰ ਅਜਿਹਾ ਕਰਨ ਲਈ ਚੁਣਿਆ ਸੀ।

205 ਪ੍ਰੰਤੂ ਉਹ ਇੱਕ ਸਿੱਧਾ ਸਾਦਾ ਜਿਹਾ ਮਨੁੱਖ ਸੀ ਜੋ ਪੜ੍ਹਿਆ ਲਿਖਿਆ ਨਹੀਂ ਸੀ।ਸਾਨੂੰ ਕੋਈ ਅਜਿਹੀ ਜਗ੍ਹਾ ਨਹੀਂ ਮਿਲਦੀ ਜਿੱਥੇ ਉਹ ਸਕੂਲ ਗਿਆ ਹੋਵੇ।ਉਸਦੇ ਬਾਰੇ ਵਿੱਚ ਸਾਡੇ ਕੋਲ ਕੁਝ ਵੀ ਨਹੀਂ ਹੈ।ਉਹ ਤਾਂ ਬੱਸ ਇੱਕ ਸਧਾਰਨ ਜਿਹਾ ਮਨੁੱਖ ਸੀ, ਪਰ ਪ੍ਰਮੇਸ਼ੁਰ ਨੂੰ ਇਹ ਹੀ ਭਾਇਆ ਕਿ ਉਹ ਇਸ ਸਿੱਧੇ ਸਾਦੇ ਮਨੁੱਖ ਵਿੱਚ ਆਪਣੇ ਆਪ ਨੂੰ ਛਿਪਾਵੇ। ਉੱਥੇ ਪਿਛਲੇ ਸਮੇਂ ਵਿੱਚ ਪ੍ਰਮੇਸ਼ੁਰ ਇਸ ਸਾਦਾ ਜਿਹੇ ਮਨੁੱਖ ਦੇ ਨਾਲ ਸੀ, ਅਤੇ ਆਪਣੇ ਆਪਨੂੰ ਇੱਕ ਮਨੁੱਖ ਦੇ ਅੰਦਰ ਛੁਪਾ ਜਾਂ ਲੁਕਾ ਰਿਹਾ ਸੀ। ਕੀ ਤੁਸੀਂ ਇਸਨੂੰ ਸਮਝ ਸਕਦੇ ਹੋ ? [ਸੰਗਤ ਆਖਦੀ ਹੈ, "ਆਮੀਨ।"-ਸੰਪਾਦਕ]

206 ਪ੍ਰਮੇਸ਼ੁਰ ਆਪਣੇ ਆਪ ਨੂੰ ਉਸ ਮਨੁੱਖ ਵਿੱਚ ਛਿਪਾ ਰਿਹਾ ਸੀ ਜੋ ਦੁਨੀਆਂ ਲਈ " ਅਨਪੜ੍ਹ ਅਤੇ ਮੂਰਖ " ਸੀ।ਕਿਉਂਕਿ ਤੁਸੀਂ ਜਾਣਦੇ ਹੋ ਉਹਨਾਂ ਨੇ ਉਸ ਉੱਤੇ ਹਰ ਤਰ੍ਹਾਂ ਦੇ ਦੋਸ਼ ਲਾਏ ਸਨ ਅਰ ਇੱਥੋਂ ਤੱਕ ਕਿ ਉਹਨਾਂ ਨੇ ਉਸ ਉੱਤੇ " ਜਾਦੂਗਰ " ਏਲੀਯਾਹ ਦਾ ਵੀ ਦੋਸ਼ ਲਗਾਇਆ।ਦੇਖੋ ਕਿ ਸਾਰੇ ਨਬੀਆਂ 'ਤੇ ਇਸੇ ਤਰ੍ਹਾਂ ਦਾ ਦੋਸ਼ ਲਗਾਇਆ ਗਿਆ ਸੀ।

207 ਇਸੇ ਤਰ੍ਹਾਂ ਯਿਸੂ 'ਤੇ ਵੀ ਉਹਨਾਂ ਵਿੱਚੋਂ ਇੱਕ ਹੋਣ ਦੇ ਕਾਰਨ ਦੋਸ਼ ਲਗਾਇਆ ਗਿਆ, ਤੁਸੀਂ ਵੇਖੋ ਕਿ, ਉਸਨੂੰ " ਬਾਲਜਬੂਲ ਅਤੇ ਪਾਗਲ ਕਿਹਾ ਗਿਆ ਸੀ।" ਕਿਹਾ ਗਿਆ, " ਕੀ ਤੂੰ ਪਾਗਲ ਹੈਂ।ਜੀ ਹਾਂ, ਅਸੀਂ ਜਾਣਦੇ ਹਾਂ, ਤੇਰੇ ਵਿੱਚ ਸ਼ੈਤਾਨ ਹੈ । ਤੇਰੀ ਬੁੱਧੀ ਭ੍ਰਿਸ਼ਟ ਹੋ ਗਈ ਹੈ।" ਵੇਖਿਆ?

208 ਇੱਥੇ ਹੀ ਯਿਸੂ ਨੇ ਉਹਨਾਂ ਨੂੰ ਦੱਸਿਆ ਸੀ ," ਜਦ ਇਹ ਅੰਤ ਦੇ ਦਿਨਾਂ ਵਿੱਚ ਹੋਵੇਗਾ ...... ਤਾਂ ਅਜਿਹਾ ਕਰਨਾ ਕੁਫਰ ਮੰਨਿਆ ਜਾਵੇਗਾ ।" ਉਸਨੇ ਉਹਨਾਂ ਨੂੰ ਮਾਫ ਕਰ ਦਿੱਤਾ ਸੀ, ਪ੍ਰੰਤੂ ਇਹਨਾਂ ਅੰਤ ਦੇ ਦਿਨਾਂ ਵਿੱਚ ਇਹ ਮਾਫ ਨਹੀਂ ਕੀਤਾ ਜਾਵੇਗਾ। ਉਹਨਾਂ ਨੂੰ ਇਸਦਾ ਭੁਗਤਾਨ ਅਨੰਤ ਜੁਦਾਈ ਦੇ ਰਾਹੀਂ ਕਰਨਾ ਪਏਗਾ , ਕਦੇ ਵੀ ਮਾਫ ਨਹੀਂ ਕੀਤਾ ਜਾਵੇਗਾ ਨਾ ਇਸ ਜਹਾਨ ਵਿੱਚ , ਨਾ ਉਸ ਜਹਾਨ ਵਿੱਚ ਜੋ ਆਉਣ ਵਾਲਾ ਹੈ ।"

209 ਪ੍ਰੰਤੂ ਏਲੀਯਾਹ ਨੂੰ ਪਾਗਲ ਮਨੁੱਖ ਸਮਝਿਆ ਗਿਆ ਸੀ।ਕੀ ਤੁਸੀਂ ਕਲਪਨਾ ਕਰ ਸਕਦੇ ਹੋ ਉਹ ਕਿੰਨੀ ਉਚਾਈ ਉੱਤੇ ਸਨ ....ਔਰਤਾਂ ਅੱਜ ਦੇ ਅਧੁਨਿਕ ਯੁੱਗ ਵਾਂਗ ਵਾਲ ਕੱਟਣ ਵਾਲੀਆਂ ਸਨ,ਮੈਂ ਸਮਝਦਾ ਹਾਂ ਕਿ ਉਹ ਈਜ਼ਬਲ ਦੀ ਤਰ੍ਹਾਂ ਰੰਗ ਪੋਤਣ ਵਾਲੀਆਂ, ਜੋ ਕਿ ਦੇਸ਼ ਦੀ ਪਹਿਲੇ